ਕਈ ਵਾਰ ਨਾ ਚਾਹੁੰਦੇ ਹੋਏ ਵੀ ਮਨੁੱਖ ਨੂੰ ਹਾਲਾਤ ਨਾਲ ਸਮਝੌਤਾ ਕਰਨਾ ਪੈਂਦਾ ਹੈ। ਚਾਨਣ ਦੇ ਘਰ ਵਿਚ ਦੋ ਚੰਨ ਵਰਗੇ ਪੁੱਤਰ ਜਿਉਂ-ਜਿਉਂ ਜਵਾਨ ਹੋ ਰਹੇ ਸਨ ਤਿਉਂ-ਤਿਉਂ ਬਾਪੂ ਚਾਨਣ ਨੂੰ ਮਾਣ ਅਤੇ ਸਹਾਰਾ ਮਿਲ ਰਿਹਾ ਸੀ ਕਿ ਬੁਢਾਪੇ ਵਿਚ ਇਹ ਸਪੁੱਤਰ ਉਸਦੇ ਬਿਖਰੇ ਰਾਹਾਂ ਦੀ ਡੰਗੋਰੀ ਬਣਨਗੇ। ਸਰਕਾਰੀ ਨੌਕਰੀ ਵਿਚ ਚੰਗੇ ਮਰਤਬੇ ਵਾਲਾ ਚਾਨਣ ਆਪਣੇ ਪਰਿਵਾਰ ਨੂੰ ਹਰ ਸੁੱਖ ਮੁਹੱਈਆ ਕਰਦਾ ਆ ਰਿਹਾ ਸੀ ਜਿਵੇਂ ਕਹਿੰਦੇ ਨੇ ਕਿ ਚਿੜੀਆਂ ਦੇ ਦੁੱਧ ਵੀ ਜੇਕਰ ਇਸਦੇ ਇਹ ਸਪੁੱਤਰ ਮੰਗਦੇ ਤਾਂ ਚਾਨਣ ਕਦੀ ਢਿੱਲ ਨਹੀਂ ਸੀ ਕਰਦਾ, ਨਾ ਹੀ ਨਾਂਹ ਕਹਿ ਕੇ ਆਪਣੇ ਹੋਣਹਾਰ ਸਾਹਿਬਜ਼ਾਦਿਆਂ ਦਾ ਦਿਲ ਤੋੜਦਾ ਸੀ। ਸਮਾਂ ਕਦੀ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਇਸ ਲਈ ਉਹ ਦਿਨ ਆਣ ਪਹੁੰਚਿਆ ਜਦੋਂ ਚਾਨਣ ਆਪਣੇ ਮਹਿਕਮੇ ਵਿਚੋਂ 40 ਵਰ੍ਹੇ ਦੀ ਇੱਜ਼ਤ ਭਰਪੂਰ ਨੌਕਰੀ ਕਰਕੇ ਅਗਸਤ 1990 ਵਿਚ ਸੇਵਾ ਮੁਕਤ ਹੋ ਗਿਆ। 10,000/- ਰੁਪਏ ਮਹੀਨੇ ਤੋਂ ਵੱਧ ਮਾਸਿਕ ਤਨਖਾਹ ਲੈਣ ਵਾਲਾ ਚਾਨਣ ਅੱਜ ਆਪਣੇ ਆਪ ਨੂੰ ਬੇਰੁਜ਼ਗਾਰ ਸਮਝਣ ਲੱਗਾ ਪਰ ਉਸਨੂੰ ਆਪਣੇ "ਪੁੱਤਰ ਬੈਂਕ" ਤੇ ਬੜਾ ਵੱਡਾ ਮਾਣ ਸੀ ਕਿਉਂਕਿ ਆਪਣੇ ਲਾਡਲਿਆਂ ਪਾਸੋਂ ਉਹ ਬਹੁਤ ਵੱਡੀਆਂ ਉਮੀਦਾਂ ਰੱਖਦਾ ਸੀ ਅਤੇ ਉਹ ਵੀ ਉਸਦੇ ਉਜਲੇ ਭਵਿੱਖ ਦੀਆਂ ਚਮਕਦੀਆਂ ਕਿਰਨਾਂ ਸਨ। ਬਾਪੂ ਦੇ ਸੇਵਾ ਮੁਕਤ ਹੋਣ ਨਾਲ ਪੁੱਤਰਾਂ ਦੇ ਸੁਭਾਅ ਵਿਚ ਪਿਉ ਪ੍ਰਤੀ ਤਲਖ਼ੀ ਆ ਗਈ। ਸਤਿਕਾਰ ਨਫ਼ਰਤ ਵਿਚ ਬਦਲਣ ਲੱਗਾ ਅਤੇ ਪਿਉ ਦੀਆਂ ਆਸਾਂ ਸ਼ੀਸ਼ੇ 'ਤੇ ਪਏ ਤੇਲ ਵਾਂਗ ਧੁੰਦਲੀਆਂ ਹੋਣ ਲੱਗੀਆਂ ਜਿਸ ਪਿਉ ਨੇ ਪੁੱਤਰਾਂ ਦੇ ਇਕ ਇਕ ਹੰਝੂ ਲਈ ਸਾਰਾ ਖ਼ੂਨ-ਪਸੀਨਾ ਡੋਲਿਆ ਸੀ ਉਹ ਉਨ੍ਹਾਂ ਹੀ ਪੁੱਤਰਾਂ ਦੀਆਂ ਅੱਖਾਂ ਵਿਚੋਂ ਕਿਰਦੇ ਲੋਹੇ ਦੇ ਅੰਗਾਰ ਜਿਗਰ 'ਤੇ ਪੱਥਰ ਰੱਖ ਕੇ ਪੀਣ ਲੱਗ ਪਿਆ। ਪੈਨਸ਼ਨ ਦੇ ਪੈਸੇ ਚਾਨਣ ਅਤੇ ਉਸਦੀ ਘਰਵਾਲੀ ਘਰ ਵਿਚ ਲਾ ਦਿੰਦੇ ਅਤੇ ਜੋ ਕੁਝ ਚਾਲੀ ਸਾਲਾਂ ਦੀ ਬਚਤ ਦਾ ਬਚਿਆ ਸੀ ਉਹ ਇਹ ਬਜ਼ੁਰਗ ਹੌਲੀ-ਹੌਲੀ ਮੁਕਾਉਣ ਲੱਗ ਪਏ ਕਿਉਂਕਿ ਸ਼ਰੀਕੇ ਕਬੀਲੇ, ਦੋਸਤਾਂ, ਮਿੱਤਰਾਂ ਦੇ ਵਿਆਹਾਂ 'ਤੇ ਸ਼ਗਨ, ਰਸਮੋ ਰਿਵਾਜ਼ਾਂ 'ਤੇ ਖਰਚ ਆਪਣੇ ਅਤੇ ਆਪਣੀ ਘਰਵਾਲੀ ਲਈ ਲੋੜੀਂਦੀਆਂ ਸਹੂਲਤਾਂ ਤੇ ਜੋ ਪੈਸੇ ਲੱਗ ਰਹੇ ਸਨ ਉਹ ਚਾਨਣ ਦੀ ਜੋੜੀ ਹੋਈ ਪੂੰਜੀ ਦੇ ਹੀ ਲਾਏ ਜਾ ਰਹੇ ਸਨ ਜਿਸ ਨਾਲ ਉਸਦਾ ਨਿੱਜੀ ਬੈਂਕ, ਬਕਾਇਆ ਘੱਟਦਾ ਹੀ ਘੱਟਦਾ ਜਾ ਰਿਹਾ ਸੀ। ਇਥੋਂ ਤੱਕ ਕਿ ਪ੍ਰਾਈਵੇਟ ਟੈਲੀਫੋਨ ਦਾ ਬਿੱਲ ਵੀ ਚਾਨਣ ਨਿੱਜੀ ਪੈਸਿਆਂ 'ਚੋਂ ਹੀ ਅਦਾ ਕਰਦਾ ਸੀ। ਪੁੱਤਰਾਂ ਦੇ ਇਸ ਕੋਝੇ ਰਵੱਈਏ ਨੂੰ ਜਿਥੇ ਚਾਨਣ ਨੂੰ ਲਾਚਾਰ ਅਤੇ ਬੇਵਸ ਬਣਾ ਦਿੱਤਾ ਉਥੇ ਉਹ ਆਪਣੇ ਆਪ ਨੂੰ ਸਮਾਜ ਵਿਚ ਨਿਮੋਝੂਣਾ ਅਤੇ ਬੇ-ਸਹਾਰਾ ਮਨੁੱਖ ਸਮਝਣ ਲੱਗਾ। ਕਿਸੇ ਨੂੰ ਕੀ ਦੱਸੇ ਕਿ ਜਿਨ੍ਹਾਂ ਪੁੱਤਰਾਂ ਲਈ ਉਸ ਨੇ ਆਪਣੇ ਸਰਵਿਸ ਕਾਲ ਵਿਚ ਸੁੱਖਾਂ ਭਰਿਆ ਜੀਵਨ ਦੇਣ ਵਿਚ ਕੋਈ ਕਸਰ ਨਹੀਂ ਛੱਡੀ ਸੀ ਉਹੀ ਲਾਡਲੇ ਅੱਜ ਭਖੜੇ ਦੇ ਕੰਢਿਆਂ ਵਾਂਗ ਹਮੇਸ਼ਾਂ ਹੀ ਉਸਦੇ ਜੀਵਨ ਵਿਚ ਚੁੱਭਣ ਲੱਗ ਪਏ ਸਨ ਅਤੇ ਆਪ ਧੁੱਪ ਵਿਚ ਬੈਠ ਕੇ ਲਾਡਲਿਆਂ ਨੂੰ ਛਾਵਾਂ ਪ੍ਰਦਾਨ ਕਰਨ ਵਾਲਾ ਚਾਨਣ ਅੱਜ ਉਨ੍ਹਾਂ ਹੀ ਹਮਸਾਇਆ ਪਾਸੋਂ ਛਾਂ ਦੀ ਭੀਖ ਮੰਗਦਾ ਨਜ਼ਰ ਆਉਂਦਾ ਸੀ। ਨਵੀਂ ਜੁੱਤੀ ਲੈਣ ਦਾ ਚਾਅ ਲਾਂਭੇ ਕਰਕੇ ਚਾਨਣ ਨੇ ਪੁਰਾਣੀ ਗੁਰਗਾਬੀ ਨੂੰ ਮੁਰੰਮਤ ਕਰਾਉਣ ਲਈ ਵੱਡੇ ਪੁੱਤਰ ਨੂੰ ਬੇਨਤੀ ਕੀਤੀ ਪਰ ਖਰਵੇ ਉਤਰ ਨੇ ਉਸ ਟੁੱਟੀ ਹੋਈ ਜੁੱਤੀ ਵਾਂਗ ਉਸਦਾ ਦਿਲ ਤੋੜ ਕੇ ਰੱਖ ਦਿੱਤਾ। ਬਾਪੂ ਮੈਂ ਕੱਲ੍ਹ ਹੀ ਨਵੀਆਂ ਕੈਸਟਾਂ ਅਤੇ ਪਰਫੀਊਮ ਦੀ ਸ਼ੀਸ਼ੀ ਤੇ ਪੰਜ ਸੌ ਰੁਪਏ ਖਰਚ ਕਰਕੇ ਆਇਆ ਹਾਂ ਇਸ ਲਈ ਮੈਂ ਤੁਹਾਡੀ ਜੁੱਤੀ ਤੇ ਇਕ ਪੈਸਾ ਵੀ ਖਰਚ ਨਹੀਂ ਕਰ ਸਕਦਾ। ਬਦਕਿਸਮਤ ਚਾਨਣ ਨੇ ਇਕ ਵਾਰ ਆਪਣੇ ਛੋਟੇ ਪੁੱਤਰ ਦਾ ਸਤਿਕਾਰ ਵੀ ਪਰਖਣਾ ਚਾਹਿਆ ਕਿਤੇ ਉਸਦੇ ਮਨ ਵਿਚ ਭੁਲੇਖਾ ਹੀ ਨਾ ਰਹਿ ਜਾਵੇ ਕਿ ਉਹ ਉਸਦਾ ਛੋਟਾ ਲਾਡਲਾ ਬਾਪੂ ਦਾ ਆਗਿਆਕਾਰੀ ਅਤੇ ਸਵਰਨ ਪੁੱਤਰ ਸੀ। ਇਸ ਆਦੇਸ਼ ਨੂੰ ਸਾਹਮਣੇ ਰੱਖ ਕੇ ਅੱਜ ਚਾਨਣ ਨੇ ਛੋਟੇ ਸਾਹਿਬਜ਼ਾਦੇ ਨੂੰ ਠਰੰਮੇ ਨਾਲ ਪਾਸ ਬੁਲਾਇਆ ਅਤੇ ਕਿਹਾ ਕਿ ਕਾਕਾ ਮੇਰਾ ਜੀਅ ਕਰਦੈ ਕਿ ਅੰਮ੍ਰਿਤਸਰ ਇਸ਼ਨਾਨ ਕਰਕੇ ਆਵਾਂ ਅਤੇ ਨਾਲ ਤੇਰੀ ਮਾਂ ਨੂੰ ਵੀ ਲੈ ਕੇ ਜਾਵਾਂ। ਸੁੱਖ ਨਾਲ ਤੈਨੂੰ ਚੰਗੀ ਤਨਖਾਹ ਮਿਲਦੀ ਹੈ ਨਾਲੇ ਬਹੁਤਾ ਖਰਚ ਨਹੀਂ ਇਸ ਲਈ ਮੈਂ ਚਾਹੁੰਦਾ ਹਾਂ ਕਿ ਤੂੰ ਸਾਡੇ ਨਾਲ ਚਲੇਂ ਇਸ ਨਾਲ ਸਾਡਾ ਜੀਅ ਰਾਜ਼ੀ ਹੋ ਜਾਵੇਗਾ। "ਨਾਲੇ ਪੁੰਨ ਨਾਲੇ ਫਲੀਆਂ।" ਆਪਾਂ ਸਾਰੇ ਯਾਤਰਾ ਕਰ ਆਵਾਂਗੇ ਅਤੇ ਆਉਂਦੇ ਹੋਏ ਕੁਝ ਇਤਿਹਾਸਕ ਕਿਤਾਬਾਂ ਅਤੇ ਘਰ ਲਈ ਪਾਪੜ, ਬੜੀਆਂ ਵੀ ਖ੍ਰੀਦ ਲਿਆਵਾਂਗੇ। ਚਾਨਣ ਦਾ ਭਰਮ ਸ਼ੀਸ਼ੇ ਵਾਂਗ ਚਕਨਾਚੂਰ ਹੋ ਗਿਆ ਜਦੋਂ ਛੋਟੇ ਸਪੁੱਤਰ ਨੇ ਤਲਖ਼ੀ ਭਰੇ ਲਹਿਜੇ ਵਿਚ ਕਿਹਾ ਬਾਪੂ ਕੀ ਲੈਣਾ ਤੂੰ ਇਸ ਉਮਰ ਵਿਚ ਸਫ਼ਰ ਕਰਕੇ, ਘਰ ਨਹੀਂ ਬੈਠ ਹੁੰਦਾ ਨਾਲੇ ਮੈਂ ਕੱਲ੍ਹ ਚੰਡੀਗੜ੍ਹ ਫੈਸ਼ਨ ਸ਼ੋਅ ਦੇਖਣ ਜਾਣਾ ਹੈ। ਜਿਸਦਾ ਟਿਕਟ ਇਕ ਹਜ਼ਾਰ ਰੁਪਈਆ ਹੈ।

ਇਸ ਲਈ ਮੈਂ ਤੇਰੀ ਯਾਤਰਾ ਲਈ ਨਾ ਹੀ ਸਮਾਂ ਕੱਢ ਸਕਦਾ ਹਾਂ ਅਤੇ ਨਾ ਹੀ ਪੈਸੇ। ਪਿਆਰ ਦੀ ਇਮਾਰਤ ਵਿਚ ਤਰੇੜਾਂ ਆ ਗਈਆਂ। ਲਾਡ ਦੇ ਦੁੱਧ ਵਿਚ ਜ਼ਹਿਰ ਘੁਲ ਗਿਆ ਅਤੇ ਉਹ ਇੱਦਾਂ ਫੱਟ ਗਿਆ ਕਿ ਨਾ ਦੁੱਧ ਰਿਹਾ ਤੇ ਨਾ ਦਹੀਂ। ਬੱਚਿਆਂ ਦੀ ਹਰ ਮੰਗ ਪੂਰੀ ਕਰਨ ਵਾਲਾ ਵਿਚਾਰਾ ਚਾਨਣ ਅੱਜ ਕੱਖੋਂ ਹੋਲਾ ਹੋ ਗਿਆ। ਉਸਦੀ ਘਰਵਾਲੀ ਜੋ ਉਸ ਨਾਲੋਂ ਦੁਨੀਆਂ ਨੂੰ ਜ਼ਿਆਦਾ ਜਾਣਦੀ ਸੀ ਚਾਨਣ ਨੂੰ ਸਮਝਾਉਣ ਲੱਗੀ, "ਸਰਦਾਰ ਜੀ ਸੁੱਖ ਕਿਸਮਤ ਨਾਲ ਮਿਲਦੇ ਹਨ, ਸਾਰੇ ਸਰਵਨ ਪੁੱਤਰ ਨਹੀਂ ਜੰਮਦੇ। ਇਨ੍ਹਾਂ ਅੱਜ ਦੇ ਭੁਲੜ ਗੱਭਰੂਆਂ ਪਾਸੋਂ ਰਹਿਮ ਦੀ ਭੀਖ ਮੰਗਣੀ ਕੋਈ ਬਹੁਤੀ ਸਿਆਣਪ ਨਹੀਂ ਅਤੇ ਨਾ ਹੀ ਇਸਦੀ ਉਮੀਦ ਇਸ ਪੀੜ੍ਹੀ ਪਾਸੋਂ ਰੱਖਣੀ ਚਾਹੀਦੀ ਹੈ। ਜੇ ਯਾਤਰਾ ਹੀ ਕਰਨੀ ਹੈ ਮੇਰੇ ਪਾਸ ਸੋਨੇ ਦੀਆਂ ਚੂੜੀਆਂ ਹਨ ਵੇਚ ਕੇ ਬਾਬੇ ਦੇ ਦਰਸ਼ਨ ਕਰ ਆਉਂਦੇ ਹਾਂ। ਉਹ ਹਾਲੇ ਗੱਲਾਂ ਹੀ ਕਰ ਰਹੇ ਸਨ ਕਿ ਇਕ ਕਾਲਾ ਨਾਗ ਸੱਪ ਕਮਰੇ ਵਿਚੋਂ ਬਾਹਰ ਵੱਲ ਭੱਜਿਆ। ਚਾਨਣ ਅਤੇ ਉਸਦੀ ਘਰਾਵਲੀ ਤ੍ਰਬਕੇ ਅਤੇ ਸੋਟੀ ਲੈ ਕੇ ਚਾਨਣ ਉਸ ਵੱਲ ਵਧਿਆ ਪਰ ਅਚਨਚੇਤ ਕੀ ਵੇਖਦਾ ਹੈ ਕਿ ਇਕ ਸਪਨੀ ਅਤੇ ਉਸਦੇ ਪਿਛੇ ਦੋ ਛੋਟੇ ਸੱਪ ਦੇ ਬੱਚੇ ਭੱਜੇ ਜਾ ਰਹੇ ਸਨ। ਉਨ੍ਹਾਂ ਬੱਚਿਆਂ ਵਿਚੋਂ ਆਪਣੀ ਮਮਤਾ ਦੀ ਪਛਾੜਈ ਵੇਖਦਾ ਚਾਨਣ ਖਲੋ ਗਿਆ। ਕੱਪੜੇ ਨਾਲ ਉਹ ਸੱਪ ਦੇ ਬੱਚੇ ਫੜ ਕੇ ਉਸਨੂੰ ਇਕ ਕੁੰਜੇ ਵਿਚ ਪਾ ਲਏ ਅਤੇ ਦੋ ਵੇਲੇ ਉਨ੍ਹਾਂ ਨੂੰ ਦੁੱਧ ਪਿਲਾਉਣ ਲੱਗਾ। ਇਸ ਦੇ ਦੋਨਾਂ ਸਾਹਿਬਜ਼ਾਦਿਆਂ ਵਾਂਗ ਉਹ ਜਵਾਨ ਹੋਣ ਲੱਗੇ ਅਤੇ ਹੌਲੀ-ਹੌਲੀ ਵੱਡੇ ਸੱਪ ਬਣ ਖਲੋਤੇ। ਇਕ ਦਿਨ ਚਾਨਣ ਬਹੁਤ ਗਮਗੀਨ ਹੋ ਗਿਆ ਅਤੇ ਪੁੱਤਰਾਂ ਦੇ ਵਰਤਾਉ ਤੋਂ ਤੰਗ ਆ ਕੇ ਉਸਨੇ ਸੱਪਾਂ ਨੂੰ ਦੁੱਧ ਪਿਲਾਉਣ ਵੇਲੇ ਜੋ ਕਟੋਰਾ ਰੱਸੀ ਨਾਲ ਉਸ ਕੁੱਜੇ ਵਿਚ ਰੱਖਣਾ ਸੀ ਉਹ ਆਪਣੇ ਹੱਥ ਨਾਲ ਕੁਜੇ ਵਿਚ ਰੱਖਣ ਲੱਗਾ। ਤੇ ਦੋਵਾਂ ਸੱਪ ਦੇ ਬੱਚਿਆਂ ਨੇ ਜੋ ਹੁਣ ਪੂਰਨ ਸੱਪ ਬਣ ਚੁੱਕੇ ਸਨ ਉਸਦੇ ਹੱਥ 'ਤੇ ਡੰਗ ਮਾਰ ਦਿੱਤਾ।

ਵਿਚਾਰਾ ਚਾਨਣ ਜ਼ਮੀਨ 'ਤੇ ਤੜਫਣ ਲੱਗਾ। ਗੁਆਂਢੀ ਚੁੱਕ ਕੇ ਉਸ ਨੂੰ ਨੇੜੇ ਦੇ ਹਸਪਤਾਲ ਲੈ ਗਏ। ਇਲਾਜ ਕਾਰਗਰ ਹੋਇਆ ਅਤੇ ਚਾਨਣ ਬਚ ਗਿਆ। ਹਸਪਤਾਲ ਤੋਂ ਛੁੱਟੀ ਮਿਲ ਗਈ ਅਤੇ ਲੋਕੀਂ ਚਾਨਣ ਨੂੰ ਘਰ ਲੈ ਆਏ। ਘਰ ਆ ਕੇ ਸਭ ਤੋਂ ਪਹਿਲਾਂ ਚਾਨਣ ਨੇ ਦੁੱਧ ਦਾ ਕਟੋਰਾ ਭਰਿਆ ਅਤੇ ਮਟਕੇ ਨੂੰ ਰੱਸੀ ਬੰਨ੍ਹ ਕੇ ਉਨ੍ਹਾਂ ਸੱਪਾਂ ਦੇ ਬੱਚਿਆਂ ਦੇ ਕੁੱਜੇ ਵਿਚ ਲਮਕਾ ਦਿੱਤਾ ਅਤੇ ਬੜੇ ਠਰੰਮੇ ਨਾਲ ਦੁੱਧ ਪੀਂਦੇ ਸੱਪਾਂ ਦੇ ਬੱਚਿਆਂ ਵੱਲ ਬਿਟਰ ਬਿਟਰ ਤੱਕਦਾ ਰਿਹਾ ਅਤੇ ਉਨ੍ਹਾਂ ਵਿਚੋਂ ਆਪਣੇ ਲਾਡਲੇ ਪੁੱਤਰਾਂ ਦੀ ਤਸਵੀਰ ਵੇਖ ਕੇ ਉਸਨੇ ਹਾਲਾਤ ਨਾਲ ਸਮਝੌਤਾ ਕਰ ਲੈਣ ਦਾ ਮਨ ਬਣਾ ਲਿਆ।



# ਮੈਂ ਹਾਲੇ ਜੰਮਿਆ

ਸੁਣਨ ਵਿਚ ਕਿੰਨਾ ਅਜੀਬ ਲੱਗਦਾ ਹੈ ਕਿ ਲਿਖਣ ਵਾਲਾ ਕਹਿ ਰਿਹਾ ਹੋਵੇ, ਮੈਂ ਹਾਲੇ ਜੰਮਿਆ ਨਹੀਂ, ਪਰ ਹੈ ਬਿਲਕੁਲ ਸੱਚ, ਨਿਰੋਲ ਸੱਚ ਤੇ ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਦੁਨੀਆਂ ਵਿਚ ਆਏ ਨੂੰ ਵੀ 22ਵਾਂ ਵਰ੍ਹਾ ਲੱਗ ਚੁੱਕਾ ਹੈ। ਇਹ ਤਾਂ ਭਲਾ ਹੋਵੇ ਸਰਕਾਰੀ ਮਹਿਕਮੇ ਵਾਲਿਆਂ ਦਾ ਨਹੀਂ ਤਾਂ ਮੈਂ ਸਾਰੀ ਉਮਰ ਹੀ ਗਲਤ ਫਹਿਮੀ ਵਿਚ ਕੱਟ ਦੇਣੀ ਸੀ। ਹੋਇਆ ਇਉਂ ਕਿ ਪਿੱਛੇ ਜਿਹੇ ਇਕ ਮਹਿਕਮੇ ਵਿਚ ਕਰਮਚਾਰੀਆਂ ਦੀ ਭਰਤੀ ਲਈ ਕੁਝ ਪੋਸਟਾਂ ਨਿਕਲੀਆਂ ਸਨ। ਇਸ਼ਤਿਹਾਰ ਵਿਚ ਲਿਖਿਆ ਹੋਇਆ ਸੀ ਕਿ ਉਮੀਦਵਾਰਾਂ ਨੂੰ ਜਨਮ ਦੇ ਅਸਲੀ ਸਰਟੀਫਿਕੇਟ ਦੀ ਕਾਪੀ ਅਰਜ਼ੀ ਨਾਲ ਭੇਜਣੀ ਹੋਵੇਗੀ, ਮੈਟ੍ਰਿਕ ਦੇ ਸਰਟੀਫਿਕੇਟ 'ਤੇ ਲਿਖੀ ਜਨਮ ਮਿਤੀ ਨੂੰ ਨਹੀਂ ਮੰਨਿਆ ਜਾਵੇਗਾ। ਚਲੋ ਜੀ, ਸਰਕਾਰੀ ਆਦੇਸ਼ਾਂ 'ਤੇ ਕਾਹਦੀ ਬਹਿਸ ਜੋ ਲਿਖ ਦਿੱਤਾ, ਸੱਤ ਬਚਨ। ਸੋ ਮੈਂ ਵੀ ਪਹੁੰਚ ਗਿਆ ਸਿਵਲ ਸਰਜਨ ਦੇ ਦਫਤਰ ਜਨਮ ਸਰਟੀਫਿਕੇਟ ਲੈਣ ਲਈ ਮੇਰੇ ਜੰਮਣ ਦਾ ਸਬੂਤ..ਫਾਰਮ ਭਰ ਕੇ ਵੀਹ ਰੁਪਏ ਫੀਸ ਨਾਲ ਕਲਰਕ ਨੂੰ ਫਾਰਮ ਸੌਂਪ ਕੇ ਖ਼ੁਸ਼ੀ-ਖ਼ੁਸ਼ੀ ਘਰ ਆ ਗਿਆ।

ਏਨੀ ਖ਼ੁਸ਼ੀ ਤਾਂ ਮੇਰੇ ਜੰਮਣ 'ਤੇ ਮੇਰੇ ਬਾਪੂ ਨੂੰ ਨਹੀਂ ਹੋਈ ਹੋਵੇਗੀ, ਜਿੰਨੀ ਅੱਜ ਮੈਨੂੰ ਹੋ ਰਹੀ ਸੀ ਕਿ ਚਲੋ ਮੇਰੇ ਜੰਮਣ ਦਾ ਸਬੂਤ ਤਾਂ ਮਿਲ ਜਾਏਗਾ। ਦਿੱਤੀ ਹੋਈ ਤਰੀਕ 'ਤੇ ਮੈਂ ਕਲਰਕ ਕੋਲ ਪਹੁੰਚ ਗਿਆ। ਸਰਟੀਫਿਕੇਟ ਪ੍ਰਾਪਤ ਕਰਨ ਲਈ ਉਸ ਨੂੰ ਰਸੀਦ ਦਿੱਤੀ। ਆਪਣੇ ਰਜਿਸਟਰ 'ਤੇ ਕੁਝ ਦੇਰ ਦੇਖਣ ਤੋਂ ਬਾਅਦ ਉਸ ਨੇ ਮੈਨੂੰ ਕਿਹਾ ਕਿ ਅਸੀਂ ਤੁਹਾਡੇ ਜਨਮ ਸਰਟੀਫਿਕੇਟ ਜਾਰੀ ਨਹੀਂ ਕਰ ਸਕਦੇ। ਤੁਹਾਡਾ ਨਾਂ ਤਾਂ ਪਿੰਡ ਦੇ ਚੌਕੀਦਾਰ ਦੇ ਰਜਿਸਟਰ ਵਿਚ ਦਰਜ ਹੀ ਨਹੀਂ।

ਮੇਰੀ ਸਾਰੀ ਖ਼ੁਸ਼ੀ ਹਵਾ ਦੇ ਬੁੱਲੇ ਦੀ ਤਰ੍ਹਾਂ ਜਾਂਦੀ ਰਹੀ। ਮੈਂ ਪ੍ਰੇਸ਼ਾਨ ਹੋ ਕੇ ਉਸ ਨੂੰ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਜੀ ਤੁਸੀਂ ਇਕਵਾਰ ਫਿਰ ਦੇਖੋ ਸ਼ਾਇਦ ਕੋਈ ਭੁਲੇਖਾ ਲੱਗਾ ਹੋਵੇਗਾ। ਸਾਨੂੰ ਕੁਝ ਨਹੀਂ ਪਤਾ, ਆਪਣੇ ਚੌਕੀਦਾਰ ਨੂੰ ਜਾ ਕੇ ਪੁੱਛੋ, ਕਲਰਕ ਨੇ ਰੋਅਬ ਨਾਲ ਕਿਹਾ। ਗੁੱਸੇ ਦਾ ਕੀ ਏ ਗੁੱਸਾ ਤਾਂ ਕਿਸੇ ਨੂੰ ਵੀ ਚੜ੍ਹ ਸਕਦਾ ਏ, ਮੇਰਾ ਟੈਂਪਰੇਚਰ ਵੀ ਹਾਈ ਹੋ ਗਿਆ ਤੇ ਮੈਂ ਵੀ ਉਸੇ ਦੀ ਜ਼ਬਾਨ ਵਿਚ ਬੋਲਣ ਲੱਗਾ, 'ਚੌਕੀਦਾਰ ਤਾਂ ਕਦੋਂ ਦਾ ਧੁਰ ਦੀ ਟਿਕਟ ਕਟਾ ਕੇ ਗੱਡੀ ਚੜ੍ਹ ਗਿਆ, ਹੁਣ ਉਹਨੂੰ ਪੁੱਛਣ ਉਪਰ ਜਾਵਾਂ? ਹੁਣ ਕਲਰਕ ਮੇਰੇ ਗੁੱਸੇ ਨੂੰ ਭਾਂਪ ਕੇ ਥੋੜ੍ਹਾ ਨਰਮੀ ਨਾਲ ਗੱਲ ਕਰਨ ਲੱਗਾ। ਇਸ ਦਾ ਵੀ ਹੱਲ ਹੈ, ਤੁਸੀਂ ਇਕ ਫਾਈਲ ਬਣਾਓ। ਉਸ ਉੱਤੇ ਜਦੋਂ ਤੁਹਾਡੇ ਜਨਮ ਹੋਇਆ ਉਦੋਂ ਦੀ ਪੰਚਾਇਤ ਦੇ ਸਰਪੰਚ, ਪਿੰਡ ਦੇ ਨੰਬਰਦਾਰ ਤੇ ਪੰਚਾਇਤ ਸੈਕਟਰੀ ਦੇ ਸਾਈਨ ਕਰਵਾ ਕੇ ਲਿਆਓ, ਨਾਲ ਦਾਈ ਦਾ ਸਰਟੀਫਿਕੇਟ ਲਾਓ ਫਿਰ ਅਸੀਂ ਤੁਹਾਡਾ ਜਨਮ ਸਰਟੀਫਿਕੇਟ ਜਾਰੀ ਕਰ ਸਕਾਂਗੇ। ਕੁਝ ਰਾਹਤ ਮਹਿਸੂਸ ਹੋਈ। ਫਾਈਲ ਬਣਵਾ ਕੇ ਮੈਂ ਸਿੱਧਾ ਦਾਈ ਦੇ ਸਾਈਨ ਕਰਵਾਉਣ ਗਿਆ। ਦਾਈ ਦੇ ਅੱਖਰ ਜੋੜ-ਜੋੜ ਕੇ ਕੀਤੇ ਸਾਈਨ ਅੱਜ ਮੈਨੂੰ ਕਿਸੇ ਗਜ਼ਟਿਡ ਅਫਸਰ ਦੇ ਸਾਈਨ ਲੱਗ ਰਹੇ ਸਨ। ਪੰਚਾਇਤ ਸੈਕਟਰੀ ਤੇ ਨੰਬਰਦਾਰ ਦੇ ਸਾਈਨ ਵੀ ਹੋ ਗਏ ਪਰ ਉਸ ਵੇਲੇ ਦੇ ਸਰਪੰਚ ਵੀ ਕਦੋਂ ਦਾ ਗੱਡੀ ਚੜ੍ਹ ਚੁੱਕਾ ਸੀ। ਮੈਂ ਦੁਬਾਰਾ ਫਾਈਲ ਲੈ ਕੇ ਦਫਤਰ ਪਹੁੰਚ ਗਿਆ। ਹੁਣ ਤਾਂ ਕਲਰਕ ਸਮੇਤ ਦਫਤਰ ਦੇ ਬਾਕੀ ਕਰਮਚਾਰੀ ਵੀ ਮੇਰੀ ਸ਼ਕਲ ਪਛਾਣ ਚੁੱਕੇ ਸਨ ਤੇ ਮੈਨੂੰ ਵੇਖਦੇ ਸਾਰੇ ਮਿੰਨਾ-ਮਿੰਨਾ ਹਾਸਾ ਹੱਸਣ ਲੱਗਦੇ ਸਨ। ਸ਼ਾਇਦ ਉਹ ਆਪਣੇ ਮਹਿਕਮੇ ਉੱਤੇ ਹੱਸਦੇ ਹੋਣਗੇ ਕਿ ਉਨ੍ਹਾਂ ਦੇ ਮਹਿਕਮੇ ਨੇ ਚੰਗੇ-ਭਲੇ ਜਵਾਨ ਬੰਦੇ ਨੂੰ ਜੰਮਣ ਲਈ 'ਹੋਲਡ' ਰੱਖਿਆ ਹੋਇਆ ਹੈ। ਕਲਰਕ ਸਰਪੰਚ ਦੇ ਸਾਈਨ ਨਾਲ ਹੋਏ ਵੇਖ ਕੇ ਫਿਰ ਭੜਕ ਪਿਆ, ਉਏ ਤੂੰ ਫਿਰ ਅਧੂਰੀ ਫਾਈਲ ਲੈ ਆਇਆ, ਸਰਪੰਚ ਦੇ ਸਾਈਨ ਕਿੱਥੇ ਨੇ? ਮੈਂ ਕਿਹਾ ਜੀ ਉਦੋਂ ਦਾ ਸਰਪੰਚ ਤਾਂ ਪਰਲੋਕ ਸਿਧਾਰ ਚੁੱਕਾ ਹੈ। ਬਾਕੀ ਸਭ ਤੇ ਸਾਈਨ ਫਾਈਲ 'ਤੇ ਮੌਜੂਦ ਨੇ, ਤੁਸੀਂ ਉਨ੍ਹਾਂ ਨੂੰ ਵੇਖ ਕੇ ਸਰਟੀਫਿਕੇਟ ਬਣਾ ਦਿਓ। ਅਸੀਂ ਕੁਝ ਨਹੀਂ ਕਰ ਸਕਦੇ, ਇੰਨਾ ਆਖ ਕੇ ਉਹ ਆਪਣੇ ਕੰਮ ਕਰਨ ਲੱਗਾ। ਮੈਂ ਫਿਰ ਵਾਪਸ ਆ ਗਿਆ। ਫਾਈਲ ਪਾੜ ਕੇ ਮੈਂ ਆਪਣੇ ਦਿਲ ਨੂੰ ਪੁੱਛਣ ਲੱਗਾ, 'ਮੈਂ ਅਜੇ ਨਹੀਂ ਜੰਮਿਆ...ਸ਼ਾਇਦ ਨਹੀਂ...।'

-ਕਰਮਜੀਤ ਸਿੰਘ ਸੈਣੀ

## ਵਿਅੰਗ



# ਮਿੰਨੀ ਕਹਾਣੀਆਂ

## ਕਮਲੇ ਲੋਕ

ਪਿੰਡ ਵਿਚ ਦੋਵੇਂ ਪਾਰਟੀਆਂ ਦੇ ਸਮੱਰਥਕਾਂ ਵਿਚ ਵੋਟਾਂ ਨੂੰ ਲੈ ਕੇ ਜੰਮ ਕੇ ਲੜਾਈ ਹੋਈ। ਕਈਆਂ ਦੇ ਸਿਰ ਪਾਟੇ। ਪੁਲਿਸ ਕੇਸ ਬਣੇ ਲੋਕਾਂ ਦੀ ਵੀ ਇਕ ਦੂਜੇ ਨਾਲ ਪੱਕੀ ਬੈਸ ਪੈ ਗਈ। ਥਾਣੇ ਪੰਚਾਇਤਾਂ ਕੱਠੀਆਂ ਹੋਈਆਂ, ਜਿਸ ਦੇ ਮੂੰਹ ਜੋ ਆਵੇ ਆਖੀ ਜਾਵੇ, ਕਾਵਾਂ ਰੌਲੀ 'ਚ ਜਿੱਤੇ ਤੇ ਹਾਰੇ ਉਮੀਦਵਾਰ ਦੇ ਸਮਰਥੱਕ ਹਿੱਕ ਠੋਕਕੇ ਚੈਲਿੰਜ ਕਰਦੇ ਰਹੇ।

ਆਖਰ ਥਾਣੇ 'ਚ ਚੋਣ ਜਿੱਤਿਆ ਤੇ ਹਾਰਿਆ ਉਮੀਦਵਾਰ ਇਕੱਠੇ ਦਾਖਲ ਹੋਏ ਤਾਂ ਸਮਰਥੱਕਾਂ ਨੇ ਆਪਣੇ-ਆਪਣੇ ਨੇਤਾਵਾਂ ਦੇ ਹੱਕ ਵਿਚ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ। ਪਰ ਨੇਤਾ ਲੋਕਾਂ ਨੂੰ ਹੱਥ ਹਿਲਾ ਕੇ ਸਿੱਧੇ ਪੁਲਿਸ ਅਧਿਕਾਰੀ ਕੋਲ ਪਹੁੰਚੇ ਤੇ ਇਕਦਮ ਇਕੱਠੇ ਬੋਲੇ, "ਨਿਬੇੜੋ ਯਾਰ ਇਨ੍ਹਾਂ ਦਾ ਰੌਲਾ, ਕਮਲੇ, ਲੜੀ ਜਾਂਦੇ ਨੇ, ਸਾਨੂੰ ਕੰਮ ਨੇ। ਅੱਜ ਬੱਚਿਆਂ ਦਾ ਸ਼ਗਨ ਹੈ। ਹੁਣੇ ਅਸੀਂ ਕੁੜਮ ਬਣਨ ਲੱਗੇ ਹਾਂ। ਐਵੇਂ ਵਿਆਹ 'ਚ ਬੀ ਦਾ ਲੇਖਾ ਛਿੜ ਗਿਆ।" ਥਾਣੇਦਾਰ ਨੇਤਾਵਾਂ ਨੂੰ ਵਧਾਈ ਦਿੰਦਾ ਕਹਿਣ ਲੱਗਾ, "ਇਨ੍ਹਾਂ ਦਾ ਫਿਕਰ ਨਾ ਕਰੋ। ਮੈਂ ਹੁਣੇ ਨਬੇੜਦਾ, ਤੁਸੀਂ ਜੀ ਕਰੋ ਆਪਣੇ ਕੰਮ" ਆਗੂ ਜੱਫੀ ਪਾ ਕੇ ਅਗਾਹਾਂ ਵਧੇ। ਲੋਕ ਦੇਖਦੇ ਰਹਿ ਗਏ।

-ਰਮੇਸ਼ ਭਾਰਦਵਾਜ਼

## ਸਟੇਟਸ ਸਿੰਬਲ

ਪੂਜਾ ਦੀ ਮਾਂ ਦੇ ਹੱਥ ਵਿਚ ਤਸਵੀਰਾਂ ਅਤੇ ਪੱਤਰ ਸਨ, ਜੋ ਮੈਟਰੀਮੋਨੀਅਨ ਦੇ ਹਵਾਲੇ ਵਿਚ ਪ੍ਰਾਪਤ ਹੋਏ ਸਨ।

ਮਾਂ ਆਪਣੀ ਧੀ ਕੋਲ ਬੈਠਦੀ ਕਹਿਣ ਲੱਗੀ, "ਬੇਟੀ ਮਾਂ-ਧੀ ਵਿਚ ਕੋਈ ਪਰਦਾ ਨਹੀਂ ਹੁੰਦਾ। ਤੈਨੂੰ ਆਪਣੀ ਪਸੰਦ ਮੈਨੂੰ ਦੱਸਣ ਵਿਚ ਕੋਈ ਝਿਜਕ ਨਹੀਂ ਵਿਖਾਉਣੀ ਚਾਹੀਦੀ। ਤੇਰੇ ਡੈਡੀ ਦੀ ਪਸੰਦ, ਆਹ ਦੋ ਟੀਚਰ ਲੜਕੇ ਹਨ। ਦੋਵਾਂ ਕੋਲ ਪੈਲੀ ਵੀ ਹੈ, ਤੂੰ ਨਜ਼ਰ ਮਾਰ ਲੈ।"

"ਮੰਮੀ, ਡੈਡ ਵੀ ਟੀਚਰ ਸਨ। ਜ਼ਮੀਨ ਆਪਣੇ ਕੋਲਵੀ ਹੈ। ਅਸੀਂ ਜ਼ਿੰਦਗੀ ਭਰ ਚੱਜ ਦਾ ਘਰ ਨਹੀਂ ਬਣਾ ਸਕੇ। ਕੋਈ ਪਸੰਦ ਦਾ ਘਰੇਲੂ ਸਾਮਾਨ ਨਹੀਂ ਖਰੀਦ ਸਕੇ ਕਿ ਕਿਸੇ ਨੂੰ ਜਾਣੂ ਜਾਂ ਰਿਸ਼ਤੇਦਾਰ ਨੂੰ ਬੁਲਾ ਕੇ ਵਿਖਾ ਸਕੀਏ। ਆਪਣੇ ਸੋਸ਼ਲ ਸਟੇਟਸ ਬਾਰੇ ਕਦੇ ਸੋਚਿਆ ਹੈ?"

"ਬੇਟੀ ਇਹ ਸਹੀ ਹੈ ਕਿ ਤੇਰੇ ਡੈਡੀ ਉਪਰਲੀ ਕਮਾਈ ਕਰਨ ਦੇ ਹੱਕ ਵਿਚ ਨਹੀਂ ਰਹੇ, ਪ੍ਰੰਤੂ ਉਨ੍ਹਾਂ ਦੀ ਤਨਖਾਹ ਆਪਣੀਆਂ ਲੋੜਾਂ ਲਈ ਘੱਟ ਵੀ ਨਹੀਂ ਸੀ। ਅਸੀਂ ਤੈਨੂੰ ਵਿੱਤ ਮੁਤਾਬਕ ਪੜ੍ਹਾਇਆ ਵੀ ਹੈ।" ਮਾਂ ਨੇ ਦਲੀਲ ਦਿੰਦੇ ਕਿਹਾ।

"ਮਾਂ ਸੱਚਾਈ ਕੌੜੀ ਹੁੰਦੀ ਏ। ਜੇਕਰ ਪਾਪਾ ਹੋਰ ਟੀਚਰਾਂ ਵਾਂਗ ਟਿਊਸ਼ਨਾਂ ਕਰ ਕੇ ਕੁਝ ਪੈਸਾ ਹੋਰ ਕਮਾ ਲੈਂਦੇ ਤਾਂ ਮੈਂ ਅੱਜ ਇਕ ਬੇਰੁਜ਼ਗਾਰ ਅਧਿਆਪਕਾ ਨਹੀਂ ਸੀ ਹੋਣਾ। ਸਗੋਂ ਆਪਣੀਆਂ ਸਹੇਲੀਆਂ ਵਾਂਗ ਡਾਕਟਰ, ਇੰਜੀਨੀਅਰ ਜਾਂ ਲੈਕਚਰਾਰ ਲੱਗੀ ਹੋਣਾ ਸੀ।"

"ਧੀਏ ਹਰ ਕੋਈ ਕਰਮਾਂ ਦਾ ਫਲ ਭੋਗਦਾ ਹੈ। ਇਹ ਵੀ ਜੱਗ ਦੀ ਰੀਤ ਹੈ ਕਿ ਹਰ ਲੜਕੀ ਨੂੰ ਸ਼ਾਦੀ ਕਰਨੀ ਪੈਂਦੀ ਹੈ। ਮੈਂ ਤੇਰੀ ਪਸੰਦ ਹੀ ਪੁੱਛ ਰਹੀ ਹਾਂ।"

ਧੀ ਦਾ ਜਵਾਬ ਸੁਣ ਕੇ ਮਾਂ ਕੁਝ ਨਰਮ ਪੈਂਦੀ ਬੋਲੀ, "ਮਾਂ ਅੱਜਕੱਲ੍ਹ ਜ਼ਿੰਦਗੀ ਪੈਸੇ ਨਾਲ ਚੱਲਦੀ ਹੈ। ਪੈਸੇ ਨਾਲ ਹੀ ਸੋਸ਼ਲ ਸਟੇਟਸ ਬਣਦਾ ਹੈ। ਇਨ੍ਹਾਂ ਵਿਚੋਂ ਮੈਨੂੰ ਕੋਈ ਰਿਸ਼ਤਾ ਪਸੰਦ ਨਹੀਂ। ਮੈਨੂੰ ਉਹ ਰਿਸ਼ਤਾ ਪਸੰਦ ਹੋਵੇਗਾ, ਜਿਥੇ ਮੇਰਾ ਆਰਥਿਕ ਭਵਿੱਖ ਸੁਰੱਖਿਅਤ ਹੋਵੇਗਾ।"

# ਵਿਅੰਗ

## 'ਸਭਿਆਚਾਰ ਦਾ ਲੁਟੇਰਾ' ਦੇ ਐਵਾਰਡ ਨਾਲ ਸਨਮਾਨ

ਦੋਸਤੋ ਅੱਜ ਅਸੀਂ ਤੁਹਾਡੀ ਮੁਲਾਕਾਤ ਅਜਿਹੇ ਗੀਤਕਾਰ ਨਾਲ ਕਰਵਾਉਣ ਜਾ ਰਹੇ ਹਾਂ, ਜਿਨ੍ਹਾਂ ਨੇ ਗੀਤਕਾਰੀ ਦੇ ਖੇਤਰ ਵਿਚ ਬੇਸ਼ਰਮੀ ਦੀਆਂ ਹੱਦਾਂ ਟੱਪਣ ਤੋਂ ਬਾਅਦ ਬਦਨਾਮੀ ਦਾ ਉਹ ਮੁਕਾਮ ਹਾਸਲ ਕੀਤਾ ਹੈ, ਜੋ ਕਿਸੇ ਗੀਤਕਾਰ ਨੂੰ ਨਸੀਬ ਨਹੀਂ ਹੁੰਦਾ। ਅੱਜ ਵੀ ਜਿਨ੍ਹਾਂ ਦੇ ਗੀਤ ਸੁਣਦੇ ਸਾਰ ਦੁਨੀਆਂ ਦੇ ਕੋਨੇ-ਕੋਨੇ ਵਿਚ ਬੈਠਾ ਪੰਜਾਬੀ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦੀ ਹੈ। ਸੋ ਪੇਸ਼ ਹੈ, "ਜਿਹੜੀ ਨੱਚਦੀ ਸੀ ਗਿੱਧੇ ਵਿਚ ਭਾਬੀਏ ਨਣਾਨ ਤੇਰੀ ਅੱਗੇ ਵਰਗੀ", "ਤੇਰੇ ਪਿਉ ਦੀ ਧੋਣ 'ਤੇ ਰੱਖ ਗੋਡਾ ਸਾਲੀਏ" ਵਰਗੇ ਕੀਤਾਂ ਵਿਚ ਆਪਣੀ ਬੇਸ਼ਰਮੀ ਕਾਰਨ ਬਦਨਾਮ ਹੋਏ ਗੀਤਕਾਰ 'ਬੇਸ਼ਰਮ ਬਦਨਾਮਪੁਰੀ ਨਾਲ ਗੱਲਬਾਤ ਦੇ ਕੁਝ ਅੰਸ਼ :-

**ਸਵਾਲ** : ਬਦਨਾਮਪੁਰੀ ਜੀ ਸਭ ਤੋਂ ਪਹਿਲਾਂ ਤੁਸੀਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਣਕਾਰੀ ਦਿਓ?

**ਜਵਾਬ** : ਮੀਤ ਜੀ, ਸਾਡੇ ਵਰਗੇ ਗੀਤਕਾਰਾਂ ਦਾ ਕਿਹੜਾ ਪਰਿਵਾਰਕ ਪਿਛੋਕੜ ਹੋਣੈ। ਜੇ ਕੋਈ ਸਾਡਾ ਪਰਿਵਾਰਕ ਪਿਛੋਕੜ ਹੁੰਦਾ ਜਾਂ ਸਾਡੀ ਕੋਈ ਧੀ-ਭੈਣ ਹੁੰਦੀ ਤਾਂ ਫਿਰ ਅਸੀਂ ਅਜਿਹੇ ਗੀਤ ਥੋੜ੍ਹਾ ਲਿਖਣੇ ਸੀ।

ਸਵਾਲ : ਤਹਾਡਾ ਨਾ ਬੇਸ਼ਰਮ ਬਦਨਾਮਪੁਰੀ ਕਿਸ ਤਰ੍ਹਾਂ ਪਿਆ?

ਜਵਾਬ : ਦੇਖੋ ਜੀ, ਬੇਸ਼ਰਮ ਤਾਂ ਮੈਂ ਬਚਪਨ ਤੋਂ ਹੀ ਸੀ ਜਦੋਂ ਮੇਰਾ ਪਹਿਲਾ ਗੀਤ ਰਿਕਾਰਡ ਹੋਇਆ ਜਿਸ ਦੇ ਬੋਲ ਸਨ, "ਜਿਹੜੀ ਨੱਚਦੀ ਸੀ ਗਿੱਧੇ ਵਿਚ ਭਾਬੀਏ ਨਨਾਣ ਤੇਰੀ ਅੱਗੇ ਵਰਗੀ" ਤਾਂ ਇਹ ਗੀਤ ਇੰਨਾ ਮਕਬੂਲ ਹੋਇਆ ਕਿ ਲੋਕ ਮੈਨੂੰ ਬੇਸ਼ਰਮ ਬਦਨਾਮਪੁਰੀ ਆਖਣ ਲੱਖ ਪਏ।

ਸਵਾਲ : ਤੁਹਾਡੇ ਇਸ ਗੀਤ ਅਨੁਸਾਰ ਤੁਹਾਡੀ ਭਾਬੀ ਦੀ ਨਣਾਨ ਤਾਂ ਤੁਹਾਡੀ ਭੈਣ ਹੋਈ?

ਜਵਾਬ : ਤੁਸੀਂ ਤਾਂ ਬਹੁਤ ਡੂੰਘੇ ਚਲੇ ਗਏ, ਅੱਜਕੱਲ੍ਹ ਏਨਾ ਧਿਆਨ ਨਾਲ ਕੌਣ ਸੁਣਦੈ।

ਸਵਾਲ : ਤੁਸੀਂ ਸਭ ਤੋਂ ਪਹਿਲਾਂ ਗੀਤ ਕਦੋਂ ਲਿਖਿਆ?



ਜਵਾਬ : ਸਭ ਤੋਂ ਪਹਿਲਾਂ ਗੀਤ ਮੈਂ ਉਦੋਂ ਲਿਖਿਆ ਜਦੋਂ ਮੈ 11ਵੀਂ ਵਿਚ ਪੜ੍ਹਦਾ ਸੀ। ਉਦੋਂ ਹਾਲਾਤ ਹੀ ਕੁਝ ਇਸ ਤਰ੍ਹਾਂ ਦੇ ਬਣੇ ਕਿ ਮੈਨੂੰ ਮਜਬੂਰੀ ਵਿਚ ਕਲਮ ਚੁੱਕਣੀ ਪਈ।

ਤੁਸੀਂ ਇਸ ਗੀਤ ਨੂੰ ਮੇਰੀ ਹੱਡਬੀਤੀ ਕਹਿ ਲਉ ਜਾਂ ਮੇਰੇ ਹੱਡਾ 'ਤੇ ਬੀਤੀ ਕਹਿ ਲਉ। ਉਸ ਗੀਤ ਦੇ ਬੋਲ ਹਨ, "ਪਹਿਲਾਂ ਸਾਨੂੰ ਸੋਹਣੀਏ ਤੂੰ ਦਿੰਦੀ ਰਹੀ ਟਰਾਈ ਨੀ। ਫਿਰ ਸਾਡੇ ਸੱਦੇ 'ਤੇ ਪਾਰਕ 'ਚ ਵੀ ਆਈ ਨੀ। ਦੱਸਿਆ ਨਾ ਨਾਲੇ ਆਏ ਤੇਰੇ ਭਾਈ ਨੀ। ਛੱਡ ਕੇ ਤੂੰ ਭਾਈਆਂ ਨਾਲ ਕੱਲੇ ਨੂੰ, ਤੂੰ ਆਪ ਹੋਗੀ ਤਿੱਤਰ ਨੀ। ਤੇਰੇ ਭਾਈਆਂ ਨੇ ਮੇਰੇ, ਗਿਣ-ਗਿਣ ਮਾਏ ਛਿੱਤਰ ਨੀ। ਤੇਰੇ ਭਾਈਆਂ ਨੇ..(ਰੋਂਦੇ ਹੋਏ)

ਸਵਾਲ : ਬਦਨਾਮਪੁਰੀ ਜੀ ਤੁਸੀਂ ਦੱਸੋ ਕਿ ਤੁਸੀਂ ਪੰਜਾਬੀ ਸਾਹਿਤ ਦਾ ਕਿੰਨਾ ਕੁ ਅਧਿਐਨ ਕੀਤਾ?

ਜਵਾਬ : ਮੈਂ ਜੀ ਪੰਜਾਬੀ ਸਾਹਿਤ ਦਾ ਬਹੁਤ ਅਧਿਐਨ ਕੀਤਾ। ਬਾਰਵੀਂ ਵਿਚ ਪੜ੍ਹਦਿਆਂ ਮੈਨੂੰ ਪੰਜਾਬੀ ਨਾਲ ਐਨਾ ਪਿਆਰ ਸੀ ਕਿ ਮੈਂ ਪਾਸ ਹੀ ਇਕੱਲਾ ਪੰਜਾਬੀ ਵਿਚੋਂ ਹੋਇਆ ਸੀ। ਫਿਰ ਤਿੰਨ-ਚਾਰ ਵਾਰ 12ਵੀਂ ਦੇ ਪੇਪਰ ਦੇਣ ਦੇ ਬਾਵਜੂਦ ਵੀ ਮੈਂ ਕਦੇ ਪੰਜਾਬੀ ਵਿਚੋਂ ਫੇਲ ਨਹੀਂ ਹੋਇਆ।

ਸਵਾਲ : ਹੁਣ ਤੱਕ ਤੁਸੀਂ ਕਿੰਨੇ ਕੁ ਗੀਤ ਲਿਖੇ ਤੇ ਰਿਕਾਰਡ ਕਰਵਾਏ?

ਜਵਾਬ : ਹੁਣ ਤੱਕ ਮੈਂ 5-6 ਗੀਤ ਲਿਖੇ ਅਤੇ 100 ਕੁ ਦੇ ਕਰੀਬ ਗੀਤ ਰਿਕਾਰਡ ਕਰਵਾਏ।

ਸਵਾਲ : ਇਹ ਕਿਵੇਂ ਹੋ ਸਕਦਾ ਹੈ?

ਜਵਾਬ : ਅੱਜਕੱਲ੍ਹ ਕੀ ਨਹੀਂ ਹੋ ਸਕਦਾ। ਪਹਿਲਾਂ-ਪਹਿਲਾਂ 10-15 ਹਜ਼ਾਰ ਰੁਪਏ ਦੇ ਕੇ ਆਪਣੇ ਦੋ-ਚਾਰ ਗੀਤ ਰਿਕਾਰਡ ਕਰਵਾਉਣੇ ਪੈਂਦੇ ਹਨ ਫਿਰ ਜਦੋਂ ਪੈਰ ਜੰਮ ਜਾਣ ਤਾਂ ਨਵੇਂ ਗੀਤਕਾਰਾਂ ਦੇ ਗੀਤਾਂ ਥੱਲੇ ਆਪਣਾ ਨਾਮ ਹੀ ਪਾਉਣਾ ਹੁੰਦਾ।

ਸਵਾਲ : ਹੁਣ ਤੱਕ ਤੁਹਾਡੇ ਗੀਤ ਕਿਹੜਾ-ਕਿਹੜਾ ਕਲਾਕਾਰਾਂ ਨੇ ਗਾਏ ਹਨ?

ਜਵਾਬ : ਹੁਣ ਤੱਕ ਮੇਰੇ ਗੀਤ ਲੱਗਭੱਗ ਸਾਰੇ ਹੀ ਨਾਮਵਾਰ ਕਲਾਕਾਰ ਗਾ ਚੁੱਕੇ ਹਨ ਜਿਵੇਂ ਕਿ ਬਲਦੇਵ ਕੜਾਕਾ, ਭੂੰਡ ਭੜਕੀਲਾ, ਬਲਬੀਰ ਚਿੰਗਿਆੜਾ, ਮੱਘਰ ਮੁਸ਼ਕੀਲਾ, ਮਨਜਿੰਦਰ ਟਿਟਣਾ, ਤਲਵਿੰਦਰ ਠੋਲੂੰ, ਲਖਵੀਰ ਲੱਲੂੰ, ਜਗਜੀਤ ਠਰਕੀ, ਰਾਜਿੰਦਰ ਚਿਪੜ, ਗੁਰਮੇਲ ਬੁਜੜ, ਹਰਦੀ ਘੋਗੂੰ ਆਦਿ ਕਈ ਕਲਾਕਾਰ ਮੇਰੇ ਗੀਤਾਂ ਨੂੰ ਆਵਾਜ਼ ਦੇ ਚੁੱਕੇ ਹਨ।

ਸਵਾਲ : ਕੋਈ ਮਾਣ ਸਨਮਾਨ?

ਜਵਾਬ : ਹਾਂ ਜੀ, ਹੁਣ ਤਕ ਮੇਰਾ ਬਹੁਤ ਥਾਵਾਂ 'ਤੇ ਮਾਨ-ਸਨਮਾਨ ਹੋਇਆ ਹੈ, ਜਿਨ੍ਹਾਂ ਵਿਚੋਂ ਕੰਜਰ ਕਾਲਾ ਮੰਚ ਵਲੋਂ 'ਬੇਸ਼ਰਮ ਪੰਜਾਬ ਦਾ' ਐਵਾਰਡ ਮਿਲਿਆ। ਫਿਰ ਲੱਚਰ ਸੱਭਿਆਚਾਰ ਕਲੱਬ ਵਲੋਂ 'ਬੇਸ਼ਰਮਾਂ ਦਾ ਬੇਸ਼ਰਮ' ਐਵਾਰਡ ਮਿਲਿਆ ਅਤੇ ਪਿਛੇ ਦੋ ਕੁ ਮਹੀਨੇ ਪਹਿਲਾਂ 'ਲੁਟੇਰਾ ਸੱਭਿਆਚਾਰ ਦਾ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸਵਾਲ : ਤੁਸੀਂ ਆਪਣੇ ਸਰੋਤਿਆਂ ਨੂੰ ਕੁਝ ਕਹਿਣਾ ਚਾਹੋਗੇ?

ਜਵਾਬ : ਹਾਂ ਜੀ, ਮੈਂ ਆਪਣੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜੋ ਮੇਰੇ ਵਰਗੇ ਗੀਤਕਾਰਾਂ ਦੇ ਗੀਤਾਂ ਨੂੰ ਮਾਣ ਬਖਸ਼ਦੇ ਹਨ।

ਮੈਨੂੰ ਆਸ ਹੈ ਕਿ ਤੁਸੀਂ ਇਸੇ ਤਰ੍ਹਾਂ ਸਾਡੇ ਗੀਤਾਂ ਨੂੰ ਮਾਣ ਬਖ਼ਸ਼ਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬੀ ਸਭਿਆਚਾਰ ਦੀ ਅਰਥੀ ਸਾਡੇ ਮੋਢਿਆ 'ਤੇ ਹੋਵੇਗੀ।

# ਮਿੰਨੀ ਕਹਾਣੀਆਂ

## ਗਲਤੀ

ਉਹਨੇ ਪਹਿਲੀ ਵਾਰ ਜਦੋਂ ਉਸ ਕੁੜੀ ਨੂੰ ਵੇਖਿਆ ਤਾਂ ਚਾਹਿਆ ਕਿ ਉਸ ਨਾਲ ਗੱਲ ਕਰੇ। ਉਹਨੇ ਗੱਲ ਕੀਤੀ। ਘਰ ਆ ਕੇ ਜਾਪਿਆ ਕਿ ਉਹਨੇ ਗਲਤੀ ਕੀਤੀ। ਫਿਰ ਇਹ ਗਲਤੀ ਰੋਜ਼ ਹੁੰਦੀ ਰਹੀ। ਇਥੋਂ ਤੱਕ ਕਿ ਜ਼ਮਾਨਾ ਸਵਾਲ ਕਰਨ ਲੱਗਾ। ਜ਼ਮਾਨੇ ਨੂੰ ਯਕੀਨ ਦੁਆਉਣ ਲਈ ਸ਼ਾਦੀ ਜ਼ਰੂਰੀ ਸੀ। ਉਹਨੇ ਸ਼ਾਦੀ ਕਰ ਲਈ। ਦੋ ਭਾਂਡੇ ਇਕੱਠੇ ਹੋਏ ਤਾਂ ਆਵਾਜ਼ ਹੋਈ। ਉਹਨੂੰ ਫਿਰ ਜਾਪਿਆ ਕਿ ਉਹਨੇ ਗਲਤੀ ਕੀਤੀ। ਫਿਰ ਗਲਤੀ ਫੈਲਦੀ ਗਈ। ਛੇ ਦਾ ਅੰਕ ਸਦਾ ਤੋਂ ਉਹਦੇ ਲਈ ਅਪਸ਼ਗਨ ਰਿਹਾ ਸੀ। ਏਨੇ ਬੱਚਿਆਂ ਦਾ ਰੌਲਾ, ਫਰਮਾਇਸ਼ਾਂ, ਲੋੜਾਂ ਉਹਦੇ ਵੱਸ ਤੋਂ ਬਾਹਰ ਸਨ, ਪਰ ਹੁਣ ਪਾਣੀ ਸਿਰ ਤੋਂ ਲੰਘ ਚੁੱਕਿਆ ਸੀ। ਉਹ ਹੋਰ ਅੱਗੇ ਵੱਧਿਆ। ਸਾਹਮਣੇ ਦਰਿਆ ਸੀ। ਛਾਲ ਮਾਰਨ ਤੋਂ ਪਹਿਲਾਂ ਉਹਨੇ ਸੋਚਿਆ ਕਿ ਗਲਤੀ ਤਾਂ ਨਹੀਂ ਕਰ ਰਿਹਾ ਹਾਂ? ਪਰ ਉਹਨੂੰ ਆਪਣੀਆਂ ਸਾਰੀਆਂ ਗਲਤੀਆਂ ਯਾਦ ਆਈਆਂ ਤੇ ਉਹਨੇ ਛਾਲ ਮਾਰ ਦਿੱਤੀ। ਇਹ ਖਬਰ ਜੰਗਲ ਦੀ ਅੱਗ ਵਾਂਗ ਬਸਤੀ ਵਿਚ ਫੈਲ ਗਈ ਤੇ ਜਿਹਨੇ ਸੁਣਿਆ, ਇਹ ਕਿਹਾ, "ਗਲਤੀ ਕੀਤੀ।"



## ਬੱਚੀ

ਤੇਰ੍ਹਾਂ ਵਰ੍ਹੇ ਦੀ ਉਮਰ ਤੋਂ ਉਹ ਆਪਣੇ ਆਪ ਨੂੰ ਬਹੁਤ ਵੱਡੀ ਮਹਿਸੂਸ ਕਰਨ ਲੱਗੀ। ਉਹ ਵੱਡਿਆਂ ਵਾਂਗ ਸੋਚਦੀ। ਉਹ ਵੱਡਿਆਂ ਵਾਂਗ ਗੱਲਾਂ ਕਰਦੀ। ਜਦੋਂ ਉਹਨੂੰ ਕੋਈ ਬੱਚੀ ਕਹਿ ਦਿੰਦਾ, ਤਾਂ ਉਹਦਾ ਜੀਅ ਕਰਦਾ ਕਿ ਅਜਿਹਾ ਕਹਿਣ ਵਾਲੇ ਦਾ ਮੂੰਹ ਨੋਚ ਲਵੇ। ਉਹਨੂੰ ਇਹ ਸ਼ਬਦ ਗਾਲ੍ਹ ਜਾਪਦਾ। ਫਿਰ ਉਹ ਸੱਚਮੁੱਚ ਵੱਡੀ ਹੋ ਗਈ। ਇੰਨੀ ਵੱਡੀ ਕਿ ਕੁਝ ਉਹਨੂੰ ਨਾਨੀ ਕਹਿਣ ਲੱਗੀ ਤੇ ਕੁਝ ਦਾਦੀ, ਪਰ ਉਹਨੇ ਸੋਚਿਆ ਕਿ ਹੁਣ ਉਹ ਇੰਨੀ ਵੀ ਵੱਡੀ ਨਹੀਂ ਹੋਈ ਕਿ ਲੋਕ ਉਹਨੂੰ ਵੱਡੀ 'ਬੀ' ਕਹਿਣ ਲੱਗਣ।

ਉਹਨੂੰ ਇਹ ਸ਼ਬਦ ਗਾਲ੍ਹ ਲੱਗਦਾ ਤੇ ਫਿਰ ਉਹਦੀਆਂ ਹਰਕਤਾਂ ਵਿਚ ਬਚਪਨਾ ਆਉਂਦਾ ਗਿਆ, ਗੱਲਾਂ ਵਿਚ ਵੀ ਤੇ ਅੰਦਾਜ਼ ਵਿਚ ਵੀ। ਲੋਕਾਂ ਨੇ ਵੇਖਿਆ ਤਾਂ ਕਿਹਾ, "ਬੁੱਢੀ ਸਠਿਆ ਗਈ ਏ।" ਉਹਨੇ ਆਪਣੇ ਆਪ ਟੋਹਿਆ ਤਾਂ ਅੰਦਰੋਂ ਆਵਾਜ਼ ਤੂੰ ਇਕ ਬੱਚੀ ਏਂ। ਜਨਮ ਤੋਂ ਅੱਜ ਤੱਕ! ਅਜਿਹੀ ਬੱਚੀ ਜਿਹੜੀ ਕਦੇ ਵੱਡੀ ਨਹੀਂ ਹੋਵੇਗੀ।

-ਅਨੁ : ਸੁਰਜੀਤ

# ਕਾਵਿ ਰਚਨਾ

## ਗਜ਼ਲਾਂ

ਸੁੱਕੇ ਪੱਤਰ ਬਾਲ ਮੈਂ ਨਿੱਤ ਹੀ ਯਾਦ ਉਨ੍ਹਾਂ ਦੇ ਸੇਕਾਂ।
ਮਹਿੰਦੀ ਪੁੱਟ ਜੋ ਲਾ ਗਏ ਮੇਰੇ ਵਿਹੜੇ ਵਿਚ ਧਰੇਕਾਂ।

ਇਕ ਸ਼ੂਕਦਾ ਦਰਿਆ ਅੱਗੇ ਨਜ਼ਰਾਂ ਦੀ ਹੱਦ ਤੀਕਰ,
ਅੱਗ ਵਰਗਾ ਇਕ ਸਹਿਰਾ ਜਦ ਮੈਂ ਪਿੱਛੇ ਮੁੜਕੇ ਵੇਖਾਂ।

ਮੇਰੇ ਸਿੱਲ੍ਹੇ ਨੈਣਾਂ 'ਤੇ ਨਾ ਸੁਪਨੇ ਆਪਣੇ ਟੰਗੀ,
ਤਸਵੀਰਾਂ ਦਾ ਭਾਰ ਸਹਿਣ ਨਾ ਜੰਗ ਖਾਧੀਆਂ ਮੇਖਾਂ।

ਉਮਰਾਂ ਦੇ ਹਰ ਜੋੜ ਘਟਾ ਕੇ ਹਾਸਲ ਸਿਰਫ ਹੀ ਆਇਐ,
ਸਾਡੇ ਕੋਲੋਂ ਗਿਣ-ਗਿਣ ਬਦਲੇ ਲੈ ਲਏ ਸਾਡੇ ਲੇਖਾਂ।

ਖੌਰੇ ਕਿੱਦਾਂ ਰੂਪ ਵਟਾ ਲੈਂਦੇ ਨੇ ਉਹ ਗਜ਼ਲਾਂ ਦਾ,
ਮੈਂ ਤਾਂ ਕਾਗਜ਼ ਦੀ ਦਰਗਾਹ 'ਤੇ ਦਰਦ ਉਦਾਸੇ ਟੇਕਾਂ।

ਹੁਣ ਤਾਂ ਨੈਣਾਂ ਖਾਬਾਂ ਦੀ ਜਾਗੋ ਵੀ ਨਹੀਂ ਭਾਉਂਦੀ,
ਹੁਣ ਤਾਂ ਚੰਗੀਆਂ-ਚੰਗੀਆਂ ਲੱਗਣ ਬੱਸ ਹਉਕੇ ਦੀਆਂ ਹੇਕਾਂ।

*-ਸਿਮਰਨਜੋਤ*

= = = = = = = = =

## ਪਿਆਰ ਦੇ ਦੌਰ

ਅਸੀਂ ਜਿਸ ਦੀ ਹਰ ਘੜੀ ਸਾਰ ਲੈਂਦੇ ਰਹੇ,
ਉਹ ਸਾਨੂੰ ਹਰ ਵੇਲੇ ਮਾੜਾ ਕਹਿੰਦੇ ਰਹੇ।

ਕਿਨਾਰਾ ਮਿਲਿਆ ਤੇ ਉਹ ਠਹਿਰ ਗਏ
ਪਰ ਅਸੀਂ ਵਾਂਗ ਪਾਣੀਆਂ ਵਹਿੰਦੇ ਰਹੇ।

ਉਸ ਨੇ ਕੀਤੀ ਨਾ ਕਦਰ ਜਜ਼ਬਾਤ ਦੀ
ਆਪਣਾ ਦੂਜਾ ਰੱਬ ਜੀਹਨੂੰ ਕਹਿੰਦੇ ਰਹੇ।

ਕਦੇ ਨਾ ਸ਼ਿਕਵਾ ਕੀਤਾ ਯਾਰੋ ਉਹਦੇ
ਅਸੀਂ ਇਕੱਲੇ ਦੁੱਖ ਤਕਲੀਫਾਂ ਸਹਿੰਦੇ ਰਹੇ।

ਚਾਹਿਆ ਸੀ ਕਿ ਫੁੱਲ ਖਿਲਣਗੇ ਜ਼ਿੰਦਗੀ ਵਿਚ
ਪਰ ਨਾਲ ਕੰਡਿਆਂ ਹੱਥ ਸਦਾ ਖਹਿੰਦੇ ਰਹੇ।

ਉਹ ਦੂਰ ਹੀ ਰਹੀ ਬਿਮਾਰੀ ਦੇ ਇਸ ਘੇਰੇ ਤੋਂ
ਦੌਰੇ ਪਿਆਰ ਦੇ ਭੈਣੀ ਨੂੰ ਹੀ ਪੈਂਦੇ ਰਹੇ।

-ਸਵਿੰਦਰ ਭੱਟੀ

## ਮੰਜ਼ਿਲ

ਤੇਰੇ ਹਿੱਸੇ
ਖੁਸ਼ੀਆਂ-ਖੁਸ਼ੀਆਂ, ਮੇਰੇ ਹਿੱਸੇ
ਗਮ ਹੀ ਗਮ।
ਤੂੰ ਅੰਬਰ ਚੰਨ ਤਾਰਿਆਂ ਵਾਲਾ
ਮੈਂ ਧਰਤੀ ਨੇਰ੍ਹੇ ਵਿਚ ਡੁੱਬੀ।
ਤੂੰ ਸਾਗਰ ਹੈ ਲਹਿਰ
ਬਹਿਰ ਮੈਂ ਪਰਬਤ ਹਾਂ ਪੱਥਰਾਂ,
ਕੰਡਿਆਲੇ ਰੁੱਖਾਂ ਨਾਲ ਭਰਿਆ।
ਤੂੰ ਵਸਦਾ ਏ
ਕੋਠੀਆਂ ਅੰਦਰ,
ਮੇਰਾ ਵਾਸਾ ਕੱਚੇ
ਘਰ ਵਿਚ।
ਤੇਰੇ ਤਨ ਤੇ ਰੇਸ਼ਮੀ
ਵਸਤਰ
ਮੇਰੇ ਤਨ ਤੇ ਫਕਤ ਲੰਗੋਟੀ।
ਤੇਰੇ ਰਾਹ ਵਿਚ
ਫੁੱਲ ਹੱਸਦੇ,
ਮੇਰੀ ਤਾਂ ਹਰ ਵਾਟ
ਕੰਡਿਆਲੀ।
ਮੈਂ ਬੱਸਾਂ 'ਚ ਧੱਕੇ
ਖਾਵਾਂ, ਤੇਰੇ ਜੋ ਹੇਨ ਨਵੇਂ ਮਾਡਲ
ਦੀ ਕਾਰ।
ਮੈਂ ਜਾਵਾਂ ਸਕਾਈ ਟਰੇਨ ਵਿਚ
ਤੂੰ ਕੰਨਾਂ ਨੂੰ ਸੈਲਫੋਨ ਲਾਈ
ਫਿਰਦੈਂ,
ਮੈਂ ਪੇ ਫੋਨ 'ਤੇ ਖੜ੍ਹਾ ਨੰਬਰ ਘੁੰਮਾਵਾਂ।
ਤੇਰੇ ਮੇਰਾ ਸਾਥ,
ਨਹੀਂ ਨਿੱਭਣਾ, ਤੇਰੀ ਮੰਜ਼ਿਲ
ਹੋਰ ਮੇਰੀ ਮੰਜ਼ਿਲ ਹੋਰ।



-ਹਰਭਜਨ ਸਿੰਘ

ਰਮੇਸ਼ ਬੱਗਾ ਚੋਹਲਾ

*ਜਦ ਕਦੇ ਵੀ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਪਾਸੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਉਨ੍ਹਾਂ ਨੇ ਅਣਮਨੁੱਖੀ ਤਸੀਹਿਆਂ ਨੂੰ ਵੀ ਪਰਮਾਤਮਾ ਦੀ ਰਜ਼ਾ ਸਮਝ ਕੇ ਕਬੂਲ ਕੀਤਾ...*

# ਧਰਮ ਲਈ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ



ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਲਿਖੀ ਹੈ। ਇਸ ਇਬਾਰਤ ਦੀ ਬਨਾਵਟ ਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਅੱਸੀ ਸਾਲ ਤਕ ਦੇ ਬਾਬਿਆਂ ਦੇ ਬਲੀਦਾਨ ਦੀ ਅਨੋਖੀ ਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ ’ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦ ਕਦੇ ਵੀ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਪਾਸੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ ਪਰਮਾਤਮਾ ਦੀ ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ’ਚ ਸ਼ਾਮਲ ਹਨ ਸ਼ਹੀਦ ਭਾਈ ਮਨੀ ਸਿੰਘ ਜੀ।

ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜਨਮ ਬਾਰੇ ਵਿਦਵਾਨਾਂ ’ਚ ਕੁਝ ਮਤਭੇਦ ਹਨ ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਉਨ੍ਹਾਂ ਦਾ ਜਨਮ 10 ਮਾਰਚ 1644 ਈਸਵੀ ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੇ ਗ੍ਰਹਿ ਵਿਖੇ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਜੁੜਦਾ ਹੈ। ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੀ ਫ਼ੌਜ ’ਚ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ, ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਏ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਗੁਰੂ ਹਰਿਰਾਇ ਸਾਹਿਬ ਦੇ ਚਰਨਾਂ ’ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, ‘ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।’ ਦੋ ਸਾਲ ਗੁਰੂ ਘਰ ’ਚ ਬਰਤਨ ਸਾਫ਼ ਕਰਨ ਦੀ ਸੇਵਾ ਕਰਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਤੇ ਉਹ ਨਿਰਮਲ ਤੇ ਨਿਰਛਲ ਹਿਰਦੇ ਦੇ ਮਾਲਕ ਬਣ ਗਏ। ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਦੀ ਹੋਈ ਤਾਂ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ।

ਆਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਗੁਰੂ ਹਰਿਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਜੁਟ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਆ ਗਏ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਪੂਰਬ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ ਸੌਂਪੀ, ਜਿਸ ਨੂੰ ਆਪ ਨੇ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ ’ਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਪਾਤਸ਼ਾਹ ‘ਹਿੰਦ ਦੀ ਚਾਦਰ’ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ’ਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ’ਚ ਕਾਫ਼ੀ ਨਿਖ਼ਾਰ ਆਇਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਭੰਗਾਣੀ ਦੇ ਯੁੱਧ ਵਿਚ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਭਰਪੂਰ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਜੰਗ ਲੜੀ ਗਈ ਤਾਂ ਭਾਈ ਮਨੀ ਸਿੰਘ ਜੀ ਦੀ ਬਹਾਦਰੀ ਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਉਨ੍ਹਾਂ ਨੂੰ ‘ਦੀਵਾਨ’ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈਸਵੀ ਵਿਚ ਜਦੋਂ ਪਾਤਸ਼ਾਹ ਨੇ ਵਿਸਾਖੀ ਦੇ ਦਿਹਾੜੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਂ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਨਾਲੋਂ ਵੀ ਵਧ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਜੀ ਦੇ ਫ਼ਰਜ਼ੰਦ ਭਾਈ ਬਚਿੱਤਰ ਸਿੰਘ ਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਸਿੰਘਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਦੋਵਾਂ ਨੂੰ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕੀਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ, ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਜੀ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋਏ। ਸ੍ਰੀ ਮੁਕਤਸਰ ਸਾਹਿਬ ਦੀ ਜੰਗ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਪਾਸੋਂ ਦਮਦਮੀ ਬੀੜ ਲਿਖਵਾਈ, ਜਿਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ।

ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਤੇ ਵਿਸਾਖੀ ਦੇ ਤਿਉਹਾਰਾਂ ਮੌਕੇ ਉਹ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ ਦਾ ਯਤਨ ਕਰਦੇ ਸਨ। ਇਨ੍ਹਾਂ ਇਕੱਤਰਤਾਵਾਂ ਸਦਕਾ ਹੀ ਸਿੱਖ ਕੌਮ ਸੰਕਟ ਦੇ ਸਮਿਆਂ ਵਿਚ ਵੀ ਚੜ੍ਹਦੀ ਕਲਾ ’ਚ ਰਹਿੰਦੀ ਰਹੀ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਜੀ ਦਾ ਸਰੀਰ ਬੇਸ਼ੱਕ ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਅੰਦਰ ਸਿੱਖੀ ਦੇ ਪ੍ਰਚਾਰ-ਪਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ।

ਸੰਮਤ 1790 ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ’ਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸਰਦਾਰ ਸੁਬੇਗ ਸਿੰਘ ਤੇ ਸਰਦਾਰ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਕੋਲ ਗਏ। ਸੂਬੇਦਾਰ ਨੇ 10 ਹਜ਼ਾਰ ਰੁਪਏ ਦੀ ਰਕਮ ਜਜ਼ੀਏ ਦੇ ਤੌਰ ’ਤੇ ਮੰਗ ਲਈ, ਜੋ ਭਾਈ ਮਨੀ ਸਿੰਘ ਨੇ ਜੋੜ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਦੇ ਬਾਵਜੂਦ ਜ਼ਕਰੀਆ ਖ਼ਾਨ ਦਾ ਮਨ ਬੇਈਮਾਨ ਹੋ ਗਿਆ ਤੇ ਉਸ ਨੇ ਦਰਬਾਰ ਸਾਹਿਬ ਵਿਖੇ ਇਕੱਤਰ ਹੋਣ ਵਾਲੀ ਸੰਗਤ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖ਼ਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ ਤਾਂ ਭਾਈ ਮਨੀ ਸਿੰਘ ਨੇ ਕਿਹਾ ਕਿ ‘ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?’ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦਰਬਾਰ ’ਚ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਜੁਰਮਾਨਾ ਨਾ ਭਰਨ ’ਤੇ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ, ਜਿਸ ਨੂੰ ਭਾਈ ਸਾਹਿਬ ਨੇ ਨਾਮਨਜ਼ੂਰ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ। ਹੁਕਮ ਦੀ ਤਾਮੀਲ ਕਰਨ ਲਈ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕੀਤਾ ਤੇ ਸ਼ਹਾਦਤ ਦਾ ਜਾਮ ਪੀ ਗਏ। •

94631-32719

---

# ਸਮਾਜ ਸੇਵਾ ਨੂੰ ਸਮਰਪਿਤ ਸਾਲਵੇਸ਼ਨ ਆਰਮੀ ਚਰਚ

ਜਾਰਜ ਸੋਨੀ

**ਸਾਲਵੇਸ਼ਨ ਆਰਮੀ ਚਰਚ ਦਾ ਮੰਤਵ ਪਾਪਾਂ ਤੇ ਗ਼ਰੀਬੀ ਤੋਂ ਆਜ਼ਾਦੀ ਹੈ। ਲੋਕ-ਭਲਾਈ ਦੇ ਕੰਮਾਂ ’ਚ ਇਹ ਚਰਚ ਸਭ ਤੋਂ ਮੋਹਰੀ ਹੈ...**

ਸਾਲਵੇਸ਼ਨ ਆਰਮੀ ਚਰਚ ਦੀ ਸਥਾਪਨਾ 2 ਜੁਲਾਈ 1865 ਨੂੰ ਮੈਥੋਡਿਸਟ ਚਰਚ ਦੇ ਪਾਦਰੀ ਵਿਲੀਅਮ ਬੂਥ ਤੇ ਉਨ੍ਹਾਂ ਦੀ ਪਤਨੀ ਕੈਥਰੀਨ ਬੂਥ ਨੇ ਕੀਤੀ ਸੀ। ਇੰਜ ਇਹ ਮੈਥੋਡਿਸਟ ਚਰਚ ਤੋਂ ਹੀ ਵੱਖ ਹੋਏ ਮਸੀਹੀ ਭਾਈਚਾਰੇ ਦਾ ਇਕ ਹਿੱਸਾ ਹੈ। ਹੁਣ ਇਹ ਇਕ ਅੰਤਰਰਾਸ਼ਟਰੀ ਚਰਚ ਹੈ। ਇਸ ਦਾ ਮੁੱਖ ਕੰਮ ਪ੍ਰਭੂ ਯਿਸੂ ਮਸੀਹ ਦਾ ਪ੍ਰਚਾਰ ਤੇ ਸਮਾਜ ਭਲਾਈ ਦੇ ਕੰਮ ਕਰਨਾ ਹੈ। ‘ਸਾਲਵੇਸ਼ਨ ਆਰਮੀ’ ਨਾਂ ਤੋਂ ਜਾਪਦਾ ਹੈ ਜਿਵੇਂ ਇਹ ਕੋਈ ਜੰਗੀ ਫ਼ੌਜ ਹੋਵੇ। ਅਸਲ ’ਚ ਇਸ ਦੇ ਅਹੁਦੇ ਫ਼ੌਜੀ ਅਹੁਦਿਆਂ ਦੇ ਨਾਵਾਂ ’ਤੇ ਰੱਖੇ ਗਏ ਹਨ। ਇਸ ਪਿੱਛੇ ਕਾਰਨ ਇਹ ਸੀ ਕਿ ਸ਼ੁਰੂ ਵਿਚ ਬਹੁਤ ਸਾਰੇ ਫ਼ੌਜੀ ਅਫ਼ਸਰ ਤੇ ਜਵਾਨ ਇਸ ਵਿਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਅੰਦਰ ਮਨੁੱਖਤਾ ਦੀ ਸੇਵਾ ਦਾ ਜਜ਼ਬਾ ਬਹੁਤ ਜ਼ਿਆਦਾ ਸੀ।

ਸਾਲਵੇਸ਼ਨ ਆਰਮੀ ਚਰਚ ਵੱਲੋਂ ਲੋੜਵੰਦਾਂ ਦੀ ਮਦਦ ਲਈ ਬਹੁਤ ਉਪਰਾਲੇ ਕੀਤੇ ਗਏ ਤੇ ਇਹ ਉੱਦਮ ਲਗਾਤਾਰ ਜਾਰੀ ਹੈ। ਇਹ ਚਰਚ ਬੇਘਰੇ ਲੋਕਾਂ ਲਈ ਛੱਤ ਦਾ ਇੰਤਜ਼ਾਮ ਕਰਦਾ ਹੈ। ਹਸਪਤਾਲਾਂ ਤੇ ਚੈਰੀਟੇਬਲ ਸੰਸਥਾਵਾਂ ਰਾਹੀਂ ਸਮਾਜ ਸੇਵਾ ’ਚ ਇਸ ਨੇ ਵਰਨਣਯੋਗ ਯੋਗਦਾਨ ਪਾਇਆ ਹੈ। ਸਾਲਵੇਸ਼ਨ ਆਰਮੀ ਚਰਚ ਵਿਚ ਪਾਦਰੀ ਨੂੰ ਲੈਫਟੀਨੈਂਟ ਕਿਹਾ ਜਾਂਦਾ ਹੈ। ਉਸ ਤੋਂ ਵੱਡਾ ਰੈਂਕ ਮੇਜਰ ਦਾ ਹੈ ਤੇ ਫਿਰ ਸੀਨੀਅਰ ਪਾਦਰੀਆਂ ਦੇ ਅਹੁਦੇ ਫ਼ੌਜ ਦੇ ਅਹੁਦਿਆਂ ਵਾਂਗ ਹੀ ਵਧਦੇ ਜਾਂਦੇ ਹਨ। ਸਾਲਵੇਸ਼ਨ ਆਰਮੀ ਚਰਚ ਦੇ ਮੌਜੂਦਾ ਮੁਖੀ ਦਾ ਨਾਂ ਜਨਰਲ ਐਂਡਰਿਊ ਹੈ। ਚਰਚ ਦੇ 17 ਲੱਖ ਤੋਂ ਵੱਧ ਮੈਂਬਰ ਹਨ ਤੇ ਇਸ ਅਧੀਨ 26,359 ਅਦਾਰੇ ਹਨ। ਇਸ ਦੀਆਂ 15,500 ਤੋਂ ਵੱਧ ਕਲੀਸੀਆਵਾਂ (ਸ਼ਰਧਾਲੂ) ਹਨ। ਇਸ ਦੇ ਸ਼ਰਧਾਲੂ 128 ਦੇਸ਼ਾਂ ’ਚ ਫੈਲੇ ਹਨ।

ਸਾਲਵੇਸ਼ਨ ਆਰਮੀ ਚਰਚ ਵੱਲੋਂ ਗ਼ਰੀਬ ਮਰੀਜ਼ਾਂ ਦੇ ਮੁਫ਼ਤ ਇਲਾਜ ਲਈ ਕਈ ਹਸਪਤਾਲ ਚਲਾਏ ਜਾ ਰਹੇ ਹਨ, ਜਿੱਥੇ ਆਮ ਲੋਕਾਂ ਨੂੰ ਬਹੁਤ ਘੱਟ ਫੀਸ ’ਤੇ ਵਧੀਆ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਸਾਲਵੇਸ਼ਨ ਆਰਮੀ ਚਰਚ ਦਾ ਏਜੰਡਾ ਪਾਪਾਂ ਤੇ ਗ਼ਰੀਬੀ ਤੋਂ ਆਜ਼ਾਦੀ ਹੈ। ਲੋਕ-ਭਲਾਈ ਦੇ ਕੰਮਾਂ ’ਚ ਇਸ ਚਰਚ ਦਾ ਨਾਂ ਸਭ ਤੋਂ ਉੱਪਰ ਹੈ। ਇਸ ਦੇ ਬਾਵਜੂਦ ਭਾਰਤ ’ਚ ਕੁਝ ਲੋਕ ਜਾਣਬੁੱਝ ਕੇ ਚਰਚ ਨੂੰ ਬਦਨਾਮ ਕਰ ਰਹੇ ਹਨ ਤੇ ਉਨ੍ਹਾਂ ਉੱਪਰ ਧਰਮ-ਪਰਿਵਰਤਨ ਵਰਗੇ ਇਲਜ਼ਾਮ ਲਗਾਏ ਜਾ ਰਹੇ ਹਨ। ਅਜਿਹਾ ਕੋਈ ਦੋਸ਼ ਕਦੇ ਸਿੱਧ ਨਹੀਂ ਹੋਇਆ। ਸਿੱਖਿਆ, ਸਮਾਜ ਭਲਾਈ, ਕਾਨਵੈਂਟ ਸਕੂਲ, ਹਸਪਤਾਲ ਤੇ ਚੈਰੀਟੇਬਲ ਸੰਸਥਾਵਾਂ ਰਾਹੀਂ ਮਸੀਹੀ ਸੰਸਥਾਵਾਂ ਦਾ ਯੋਗਦਾਨ ਵਡਮੁੱਲਾ ਹੈ ਤੇ ਸੇਵਾ ਹੀ ਉਨ੍ਹਾਂ ਦਾ ਮੁੱਖ ਉਦੇਸ਼ ਹੈ। ਮਸੀਹੀ ਮਿਸ਼ਨਾਂ ਨੂੰ ਚਾਹੀਦਾ ਹੈ ਕਿ ਸਾਰੇ ਨਹੀਂ ਤਾਂ ਕੁਝ ਖ਼ਾਸ ਏਜੰਡਿਆਂ ’ਤੇ ਇਕਜੁੱਟ ਹੋਇਆ ਜਾਵੇ। ਸਮੇਂ ਦੀ ਇਹੋ ਮੰਗ ਹੈ। ਇਨ੍ਹਾਂ ਮਿਸ਼ਨਾਂ ਤੇ ਚਰਚਾਂ ਦੇ ਨਾਂ ਭਾਵੇਂ ਵੱਖ-ਵੱਖ ਹਨ ਪਰ ਮੁੱਖ ਮੰਤਵ ਪ੍ਰਭੂ ਯਿਸੂ ਮਸੀਹ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਪਸਾਰ ਕਰਨਾ ਤੇ ਮਾਨਵਤਾ ਦੀ ਮੁਕਤੀ ਦੇ ਸ਼ੁੱਭ-ਸੰਦੇਸ਼ ਨੂੰ ਲੋਕਾਂ ਤਕ ਪਹੁੰਚਾਉਣਾ ਹੈ।

ਈਸਾਈ ਧਰਮ ਵਿਚ ਇਹ ਮੰਦਭਾਗੀ ਗੱਲ ਹੈ ਕਿ ਇਹ ਸੈਂਕੜੇ ਮਿਸ਼ਨਾਂ ’ਚ ਵੰਡਿਆ ਹੋਇਆ ਹੈ। ਇਸੇ ਕਾਰਨ ਮਸੀਹੀਅਤ ਵਿਚ ਏਕਤਾ ਨਹੀਂ ਹੁੰਦੀ। ਵਿਚਾਰਧਾਰਕ ਮੱਤਭੇਦ ਜ਼ਿਆਦਾ ਹਨ। ਇਸੇ ਕਾਰਨ ਮਸੀਹੀ ਕੌਮ ਦੀ ਬਹੁਤੀ ਪੁੱਛ-ਪ੍ਰਤੀਤ ਨਹੀਂ ਹੁੰਦੀ। ਸਮਾਜਕ, ਰਾਜਨੀਤਕ, ਆਰਥਿਕ ਤੇ ਹੋਰਨਾਂ ਖੇਤਰਾਂ ਵਿਚ ਈਸਾਈਅਤ ਨੂੰ ਉਹ ਮਾਨਤਾ ਨਹੀਂ ਮਿਲ ਸਕੀ, ਜਿਹੋ ਜਿਹੀ ਹੋਣੀ ਚਾਹੀਦੀ ਹੈ। •

75083-01963




---



# ਜਹੰਨਮ

ਜਹੰਨਮ ਨੂੰ ਆਮ ਭਾਸ਼ਾ ਵਿਚ ਨਰਕ ਜਾਂ ਦੋਜ਼ਖ਼ ਕਹਿ ਦਿੱਤਾ ਜਾਂਦਾ ਹੈ। ਵਿਸ਼ਵ ਦੇ ਬਹੁਤੇ ਧਰਮਾਂ, ਮਜ਼ਹਬਾਂ ਵਿਚ ਨਰਕ-ਸਵਰਗ ਭਾਵ ਜਹੰਨਮ ਅਤੇ ਜੰਨਤ ਦੇ ਸੰਕਲਪ ਹਨ। ਦਰ ਹਕੀਕਤ ਇਹ ਗ਼ੈਬ ਦੀਆਂ ਹਕੀਕਤਾਂ ਹਨ। ਇਨਸਾਨ ਦੀ ਮਨ, ਬੁੱਧੀ, ਅਕਲ ਤੋਂ ਪਰੇ ਦੀਆਂ ਗੱਲਾਂ ਹਨ, ਮੰਨਣਾ, ਨਾ ਮੰਨਣਾ ਇਨਸਾਨ ਦੀ ਅਕੀਦਤ ’ਤੇ ਨਿਰਭਰ ਕਰਦਾ ਹੈ। ਕੁਰਆਨ ਮਜੀਦ ਵਿਚ ਜਿੱਥੇ ਜੰਨਤ ਦੀ ਸਦੀਵੀ ਜ਼ਿੰਦਗੀ ਦਾ ਜ਼ਿਕਰ ਆਇਆ ਹੈ, ਉੱਥੇ ਜਹੰਨਮ ਦੇ ਅਜ਼ਾਬ ਬਾਰੇ ਵੀ ਵਰਣਨ ਹੈ। ਸੂਰਹਾ ਅਨ-ਨਿਸਾ, ਸੂਰਹਾ ਅਸ-ਸਜਦਾ, ਸੂਰਹਾ ਅਜ਼-ਜ਼ੁਮਰ ਵਿਚ ਜਹੰਨਮ ਦਾ ਜ਼ਿਕਰ ਆਇਆ ਹੈ, ਜਿੱਥੇ ਸਖ਼ਤ ਅਜ਼ਾਬ ਹੋਣਗੇ, ਅੱਗ ਹੋਵੇਗੀ, ਨਿਰਾਦਰ ਭਰਿਆ ਅਜ਼ਾਬ ਹੋਵੇਗਾ, ਕਸ਼ਟ, ਦੁੱਖ, ਤਕਲੀਫ਼ਾਂ ਹੋਣਗੀਆਂ। ਜਹੰਨਮ ਟਿਕਾਣਾ, ਮੁਨਕਰਾਂ, ਕਾਫ਼ਰਾਂ, ਇਨਕਾਰੀਆਂ, ਮੁਸ਼ਰਕਾਂ ਅਤੇ ਭੈੜੇ ਅਮਲ ਕਰਨ ਵਾਲਿਆਂ ਦਾ ਹੋਵੇਗਾ। ਹਦੀਸ ਸ਼ਰੀਫ਼ ਵਿਚ ਵੀ ਜਹੰਨਮ ਅਤੇ ਜੰਨਤ ਦਾ ਜ਼ਿਕਰ ਅਕਸਰ ਆਇਆ ਹੈ। ਜਹੰਨਮ ਦੀ ਅੱਗ ਬਾਰੇ ਹਦੀਸ ਵਿਚ ਜ਼ਿਕਰ ਹੈ ਕਿ ਇਹ ਕਾਲੇ ਰੰਗ ਦੀ ਹੈ ਅਤੇ ਦੁਨੀਆ ਦੀਆਂ ਅੱਗਾਂ ਨਾਲੋਂ ਉਨੱਤਰ ਦਰਜੇ ਜ਼ਿਆਦਾ ਤਪਸ਼ ਰੱਖਦੀ ਹੈ। ਹਦੀਸ ਸ਼ਰੀਫ਼ ਵਿਚ ਅਤੇ ਕੁਰਆਨ ਮਜੀਦ ਵਿਚ ਜਹੰਨਮ ਦੇ ਹੌਲਨਾਕ ਅਜ਼ਾਬਾਂ ਦਾ ਵਰਣਨ ਮਿਲਦਾ ਹੈ। ਕਾਮਿਲ ਸੂਫ਼ੀ ਦਰਵੇਸ਼ਾਂ ਦੇ ਕਲਾਮਾਂ ਅਤੇ ਤਹਿਰੀਰਾਂ ਵਿਚ ਵੀ ਜਹੰਨਮ, ਦੋਜ਼ਖ਼ ਦਾ ਜ਼ਿਕਰ ਆਇਆ ਹੈ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ, 94634-63193

---

# ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਅਨਿਨ ਸੇਵਕ ਸੰਤ ਤੇਜਾ ਸਿੰਘ

ਗੁਰਵਿੰਦਰ ਸਿੰਘ ਚਹਿਲ



‘ਸੰਤਾਂ-ਮਹਾਪੁਰਸ਼ਾਂ ਬਾਰੇ ਕੁਝ ਲਿਖਣਾ ਓਨਾਂ ਹੀ ਕਠਿਨ ਹੈ, ਜਿੰਨਾ ਕਿ ਸਮੁੰਦਰ ਨੂੰ ਕੁੱਜੇ ’ਚ ਬੰਦ ਕਰਨਾ। ਸਮੁੰਦਰ ਤਾਂ ਸ਼ਾਇਦ ਕਿਸੇ ਜੁਗਤ ਨਾਲ ਕੁੱਜੇ ’ਚ ਪੈ ਹੀ ਜਾਵੇ ਪਰ ਸਾਧੂ-ਸੰਤ ਨੂੰ ਇਸ ਹੱਦ ’ਚ ਲਿਆਉਣਾ ਵੇਦਾਂ-ਕਤੇਬਾਂ ਦੀ ਤਾਕਤ ਤੋਂ ਵੀ ਬਾਹਰ ਹੈ ਕਿਉਂਕਿ ਬੇਅੰਤ ਦਾ ਕੋਈ ਅੰਤ ਨਹੀਂ ਪਾ ਸਕਦਾ। ਹਾਂ! ਜੀਵ ਮਾਤਰ ਦਾ ਹੱਕ ਹੈ ਕਿ ਰੱਬ ਅਤੇ ਰੱਬ ਦੇ ਬੰਦਿਆ ਦੇ ਚਰਨਾਂ-ਕੰਵਲਾਂ ’ਤੇ ਸ਼ਰਧਾ ਦੇ ਫੁੱਲ ਚੜ੍ਹਾਏ।’ ਸੰਤ ਤੇਜਾ ਸਿੰਘ ਦੇ ਉਕਤ ਵਿਚਾਰਾਂ ਅਨੁਸਾਰ ਹੀ ਦਾਸ ਸੰਤ ਤੇਜਾ ਸਿੰਘ ਦੀ ਮਨਾਈ ਜਾ ਰਹੀ ਬਰਸੀ ਨੂੰ ਧਿਆਨ ’ਚ ਰੱਖਦਿਆਂ ਉਨ੍ਹਾਂ ਬਾਰੇ ਕੁਝ ਲਿਖਣ ਦਾ ਯਤਨ ਕਰ ਰਿਹਾ ਹਾਂ।

ਸੰਤ ਤੇਜਾ ਸਿੰਘ ਦਾ ਜਨਮ ਪਿੰਡ ਬਲੇਵਾਲੀ (ਪਾਕਿਸਤਾਨ) ਵਿਖੇ 14 ਮਈ 1877 ਨੂੰ ਮਾਤਾ ਰਾਮ ਕੌਰ ਤੇ ਪਿਤਾ ਰੁਲੀਆ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦਾ ਪਹਿਲਾ ਨਾਂ ਨਿਰੰਜਨ ਸਿੰਘ ਮਹਿਤਾ ਸੀ। ਮਹਾਨ ਤਪੱਸਵੀ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਦਰਸ਼ਨ ਕਰ ਕੇ ਆਪ ਉਨ੍ਹਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪ ਨੇ ਤੁਰੰਤ ਅੰਮ੍ਰਿਤ ਛਕ ਲਿਆ ਤੇ ਆਪ ਤੇਜਾ ਸਿੰਘ ਦੇ ਨਾਂ ਨਾਲ ਜਾਣੇ ਜਾਣ ਲੱਗੇ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਐੱਮਏ ਅਤੇ ਐੱਲਐੱਲਬੀ ਦੀ ਡਿਗਰੀ ਕੀਤੀ ਤੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਤੋਂ ਏਐੱਮ ਦੀ ਡਿਗਰੀ ਵੀ ਪ੍ਰਾਪਤ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟੀਚਰ ਟ੍ਰੇਨਿੰਗ ਕਾਲਜ ’ਚ ਬਤੌਰ ਪ੍ਰਿੰਸੀਪਲ ਕੰਮ ਕੀਤਾ। ਸੰਤ ਅਤਰ ਸਿੰਘ ਦੇ ਹੁਕਮ ਅਨੁਸਾਰ ਆਪ ਨੇ ਇੰਗਲੈਂਡ, ਯੂਐੱਸਏ ਅਤੇ ਕੈਨੇਡਾ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਤੇ ਵਾਪਸੀ ਉਪਰੰਤ ਸੰਤ ਅਤਰ ਸਿੰਘ ਦੇ ਹੁਕਮਾਂ ਅਨੁਸਾਰ ਮਸਤੂਆਣਾ, ਗੁਜਰਾਂਵਾਲਾ ਤੇ ਬਨਾਰਸ ਦੇ ਕਾਲਜਾਂ ’ਚ ਸੇਵਾ ਕੀਤੀ। ਆਪ ਨੇ ਵਿਸ਼ਵ ਪੱਧਰੀ ਧਾਰਮਿਕ ਕਾਨਫਰੰਸ ’ਚ ਹਿੱਸਾ ਲਿਆ ਅਤੇ ਅਮਰੀਕਾ, ਕੈਨੇਡਾ, ਮਲਾਇਆ, ਸਿੰਘਾਪੁਰ ਤੇ ਅਫਰੀਕੀ ਦੇਸ਼ਾਂ ’ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕੀਤਾ।

ਸੰਤ ਅਤਰ ਸਿੰਘ ਤੇ ਸੰਤ ਤੇਜਾ ਸਿੰਘ ਦੇ ਆਸ਼ੇ ਅਨੁਸਾਰ ਬੱਚਿਆਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੇਣ ਲਈ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸਭ ਤੋਂ ਪਹਿਲੀ ਅਕਾਲ ਅਕੈਡਮੀ ਸਿਰਫ਼ ਪੰਜ ਬੱਚਿਆਂ ਨਾਲ ਬੜੂ ਸਾਹਿਬ ਵਿਖੇ ਸਥਾਪਿਤ ਕੀਤੀ ਗਈ। ਆਪ ਦਾ ਜੀਵਨ ਪੂਰਨ ਗੁਰਸਿੱਖੀ ਦਾ ਆਦਰਸ਼ ਦਰਸਾਉਂਦਾ ਹੈ ਕਿ ਆਪ ਨੇ ਸੰਤ ਅਤਰ ਸਿੰਘ ਦੇ ਹਰ ਵਚਨ ਤੇ ਆਗਿਆ ਨੂੰ ਮੰਨ ਕੇ ਗੁਰਸਿੱਖੀ ਦੇ ਪੌਦੇ ਨੂੰ ਸਿੰਜਿਆ। ਬਜ਼ੁਰਗ ਹੋਣ ’ਤੇ ਸੰਤ ਤੇਜਾ ਸਿੰਘ ਨੇ ਬ੍ਰਹਮ ਵਿੱਦਿਆ ਦੇ ਕੇਂਦਰ ਬੜੂ ਸਾਹਿਬ (ਹਿਮਾਚਲ ਪ੍ਰਦੇਸ਼), ਗੁਰਦੁਆਰਾ ਨਾਨਕਸਰ ਸਾਹਿਬ ਤੇ ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ, ਚੀਮਾ ਸਾਹਿਬ ਦੇ ਧਾਰਮਿਕ ਅਸਥਾਨਾਂ ਦੀ ਸੇਵਾ ਕੀਤੀ। ਉਨ੍ਹਾਂ ਨੇ ਸੰਤ ਅਤਰ ਸਿੰਘ ਦੀ ਜੀਵਨ-ਕਥਾ ਵੀ ਲਿਖੀ। ਸੰਤ ਤੇਜਾ ਸਿੰਘ 3 ਜੁਲਾਈ 1965 ਨੂੰ ਜੋਤੀ-ਜੋਤ ਸਮਾ ਗਏ। ਸਿੱਖ ਸੰਗਤਾਂ ਵੱਲੋਂ ਉਨ੍ਹਾਂ ਜੀ ਦੀ ਬਰਸੀ ਗੁਰਦੁਆਰਾ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਅਤੇ ਗੁਰਦੁਆਰਾ ਨਾਨਕਸਰ ਸਾਹਿਬ ਚੀਮਾ ਵਿਖੇ ਅੱਜ 3 ਜੁਲਾਈ ਨੂੰ ਸ਼ਰਧਾ ਨਾਲ ਮਨਾਈ ਜਾ ਰਹੀ ਹੈ। •

92561-00049

---



# ਸੈਨ ਰੂਪ ਹਰਿ ਜਾਇ ਕੈ

ਮਨਮੋਹਨ ਸਿੰਘ ਬਾਸਰਕੇ

ਭਗਤ ਸੈਨ ਜੀ ਉਨ੍ਹਾਂ ਭਗਤਾਂ-ਮਹਾਪੁਰਖਾਂ ਵਿਚੋਂ ਹਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ‘ਭਗਤ’ ਸ਼ਬਦ ਦੀ ਵਿਆਖਿਆ ਕਰਦੇ ਹੋਏ ਫ਼ੁਰਮਾਉਂਦੇ ਹਨ :

**ਨਾਨਕ ਭਗਤਾ ਭੁਖ ਸਾਲਾਹਣੁ, ਸਚੁ ਨਾਮ ਆਧਾਰ॥**

ਭਾਵ, ਭਗਤ ਉਹ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਸਿਫ਼ਤ-ਸਲਾਹ ਦੀ ਸਦਾ ਭੁੱਖ ਰਹਿੰਦੀ ਹੈ। ਉਸ ਦਾ ਸੱਚਾ ਨਾਮ ਹੀ ਉਨ੍ਹਾਂ ਦੇ ਜੀਵਨ ਦਾ ਇੱਕੋ-ਇਕ ਆਧਾਰ ਹੈ। ਇਸੇ ਲਈ ਭਗਤ ਪ੍ਰਭੂ ਨੂੰ ਭਾਉਂਦੇ ਹਨ। ਪ੍ਰਭੂ ਦੇ ਦਰਬਾਰ ਵਿਚ ਉਹ ਕੀਰਤਿ ਗਾਉਂਦੇ ਤੇ ਸੋਂਹਦੇ ਹਨ। ‘ਭਗਤ’ ਸ਼ਬਦ ‘ਭਜ’ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ-ਵੰਡਣਾ, ਸੇਵਾ ਕਰਨਾ, ਸਿਮਰਨ ਕਰਨਾ, ਭਾਵ ਉਹ ਪੁਰਸ਼ ਜੋ ਵੰਡ ਕੇ ਛਕਦਾ, ਸੇਵਾ ਕਰਦਾ ਤੇ ਅਕਾਲ ਪੁਰਖ ਨੂੰ ਮਨੋਂ ਨਹੀਂ ਵਿਸਾਰਦਾ ਉਹ ‘ਭਗਤ’ ਹੈ। ਅਜਿਹੇ ਪੁਰਖਾਂ ਦਾ ਉਧਾਰ ਤੇ ਰੱਖਿਆ ਅਕਾਲ ਪੁਰਖ ਆਪ ਕਰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਵਿਚਾਰ ਦੀ ਪੁਸ਼ਟੀ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 429 ’ਤੇ ਫ਼ੁਰਮਾਉਂਦੇ ਹਨ :

**ਸ਼ਬਦੌ ਹੀ ਭਗਤ ਜਾਪਦੇ, ਜਿਨ ਕੀ ਬਾਣੀ ਸੱਚੀ ਹੋਇ॥**
**ਵਿਚਹੁ ਆਪ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ॥**

ਤੀਸਰੇ ਪਾਤਸ਼ਾਹ ਪੰਨਾ ਨੰਬਰ 768 ’ਤੇ ਸਪਸ਼ਟ ਕਰਦੇ ਹਨ :

**ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ॥**
**ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ॥**

ਉਪਰੋਕਤ ਵਿਚਾਰ ਤੋਂ ਕੋਈ ਭਰਮ-ਭੁਲੇਖਾ ਨਹੀਂ ਰਹਿੰਦਾ ਕਿ ਸਮੁੱਚੀ ਭਗਤ-ਬਾਣੀ ਨੂੰ ਇਸੇ ਕਸੌਟੀ ’ਤੇ ਪਰਖ-ਪੜਚੋਲ ਕੇ ਹੀ ਗੁਰੂ ਸਾਹਿਬ ਨੇ ਪ੍ਰਵਾਨ ਕੀਤਾ ਹੈ। ਸੈਨ ਭਗਤ ਜੀ ਇਸੇ ਭਗਤ ਮਾਲਾ ਦੇ ਸੁੱਚੇ ਮੋਤੀ ਹਨ ਤੇ ਇਸ ਕਸਵਟੀ ’ਤੇ ਪੂਰੇ ਉਤਰਦੇ ਹਨ। ਭਗਤਾਂ ਦੇ ਜੀਵਨ ਤੇ ਵਿਚਾਰਧਾਰਾ ’ਤੇ ਕਿੰਤੂ-ਪ੍ਰੰਤੂ ਉਚਿਤ ਨਹੀਂ ਹੈ। ਭਗਤਾਂ ਨੂੰ ਜਾਤ-ਪਾਤ ਦੇ ਘੇਰੇ ਵਿਚ ਰੱਖਣਾ, ਭਾਵ ਨਾਮਦੇਵੀਏ, ਰਵਿਦਾਸੀਏ, ਕਬੀਰਪੰਥੀ ਜਾਂ ਸੈਣੀਏ ਆਦਿ ਆਖਣਾ ਜਾਂ ਅਖਵਾਉਣਾ ਸਹੀ ਨਹੀਂ ਹੈ। ਭਗਤ ਸੈਨ ਜੀ ਲਈ ਭਗਤ ਕਬੀਰ ਜੀ ਪ੍ਰੇਰਨਾ ਸ੍ਰੋਤ ਬਣੇ। ਭਾਈ ਗੁਰਦਾਸ ਜੀ ਨੇ ਇਸ ਬਾਰੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ :

**ਸੁਣ ਪ੍ਰਤਾਪ ਕਬੀਰ ਦਾ ਦੂਜਾ ਸਿੱਖ ਹੋਇਆ ਸੈਣੁ ਨਾਈ॥**
**ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ॥**
**ਆਇ ਸੰਤ ਪਰਾਹੁਣੇ ਕੀਰਤਨ ਹੋਇਆ ਰੈਣ ਸਬਾਈ॥**
**ਛੱਡਿ ਨ ਸਕੈ ਸੰਤ ਜਨ ਰਾਜ ਦੁਆਰਿ ਨਾ ਸੇਵ ਕਮਾਈ॥**
**ਸੈਨ ਰੂਪ ਹਰਿ ਜਾਇ ਕੈ ਆਇਆ ਰਾਣੈ ਨੂੰ ਰੀਝਾਈ॥**
**ਸਾਧ ਜਨਾ ਨੌ ਵਿਦਾ ਕਰ ਰਾਜ ਦੁਆਰਿ ਗਿਆ ਸਰਮਾਈ॥**
**ਰਾਣੈ ਦੂਰੋਹੁੰ ਸਦਿ ਕੈ ਗਲਹੁੰ ਕਿਵਾਇ ਖੋਲ ਪੈਨ੍ਹਾਈ॥**
**ਵਸਿ ਕੀਤਾ ਹਉ ਤੁਧ ਅਜ ਬੋਲੈ ਰਾਜਾ ਸੁਣੈ ਲੁਕਾਈ॥**
**ਪਰਗਟੁ ਕਰੈ ਭਗਤਿ ਵਡਿਆਈ॥**

ਗੁਰੂ ਗ੍ਰੰਥ ਸਾਹਿਬ ਵਿਚ ਅੰਗ ਨੰਬਰ 695 ਉੱਪਰ ਸੈਨ ਭਗਤ ਜੀ ਦਾ ਇਕ ਸ਼ਬਦ ਦਰਜ ਹੈ :

**ਧੂਪ ਦੀਪ ਘ੍ਰਿਤ ਸਾਜਿ ਆਰਤੀ॥**
**ਵਾਰਨੇ ਜਾਉ ਕਮਲਾ ਪਤੀ॥**
**ਮੰਗਲਾ ਹਰਿ ਮੰਗਲਾ॥**
**ਨਿਤ ਮੰਗਲੁ ਰਾਜਾ ਰਾਮ ਰਾਇ ਕੋ॥ ਰਹਾਉ॥**
**ਊਤਮੁ ਦੀਅਰਾ ਨਿਰਮਲ ਬਾਤੀ॥**
**ਤੁਹੀਂ ਨਿਰੰਜਨੁ ਕਮਲਾ ਪਾਤੀ॥**
**ਰਾਮਾ ਭਗਤਿ ਰਾਮਾਨੰਦੁ ਜਾਨੈ॥**
**ਪੂਰਨ ਪਰਮਾਨੰਦੁ ਬਖਾਨੈ॥**
**ਮਦਨ ਮੂਰਤਿ ਭੈ ਤਾਰਿ ਗੋਬਿੰਦੇ॥**
**ਸੈਨੁ ਭਣੈ ਭਜੁ ਪਰਮਾਨੰਦੇ॥**

ਸੈਨ ਭਗਤ ਜੀ ਦਾ ਵਿਆਹ ਪੁਰਬ 4 ਜੁਲਾਈ ਨੂੰ ਗੁਰਦੁਆਰਾ ਜਨਮ ਅਸਥਾਨ ਸੈਨ ਭਗਤ ਸੋਹਲ ਠੱਠੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। •

99147-16616

---

# ਕੀਰਤਨ ਤੇ ਸੇਵਾ ਭਾਵਨਾ ਨੂੰ ਸਮਰਪਿਤ ਮੋਨਿਕਾ ਕੌਰ

ਗੁਰਪ੍ਰੀਤ ਸਿੰਘ ਸੋਹੀ

***ਮੋਨਿਕਾ ਕੌਰ ਆਸਟ੍ਰੇਲੀਆ ਦੀ ਜੰਮਪਲ ਹੈ, ਇਸ ਦੇ ਬਾਵਜੂਦ ਉਸ ਨੇ ਆਪਣੀ ਮਾਤਾ ਪਾਸੋਂ ਗੁਰਬਾਣੀ ਅਤੇ ਗੁਰਮਤਿ ਸੰਗੀਤ ਬਾਰੇ ਗਿਆਨ ਹਾਸਲ ਕੀਤਾ। ਆਪਣੀਆਂ ਐਲਬਮਜ਼ ਤੋਂ ਪ੍ਰਾਪਤ ਹੋਣ ਵਾਲੀ ਰਕਮ ਨੂੰ ਉਹ ਗੁਰਧਾਮਾਂ, ਵਿਦਿਆਰਥੀਆਂ ਦੀ ਪੜ੍ਹਾਈ ਤੇ ਸਮਾਜ ਸੇਵਾ ਦੇ ਕੰਮਾਂ ਉੱਪਰ ਖ਼ਰਚ ਕਰਦੀ ਹੈ...***

ਕਾਦਰ ਦੀ ਕੁਦਰਤ ਕਿਸੇ ਵਿਰਲੇ ਨੂੰ ਸੁਰੀਲੀ ਆਵਾਜ਼ ਬਖ਼ਸ਼ਦੀ ਹੈ ਅਤੇ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਗੁਣ ਦੇ ਨਾਲ-ਨਾਲ ਉਸ ਅੰਦਰ ਸੇਵਾ ਭਾਵਨਾ ਦੇ ਗੁਣ ਪ੍ਰਵੇਸ਼ ਕਰ ਜਾਣ ਤਾਂ ਇਹ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਇਸੇ ਤਰ੍ਹਾਂ ਦੀ ਸ਼ਖ਼ਸੀਅਤ ਹੈ ਮੋਨਿਕਾ ਕੌਰ।

ਮੋਨਿਕਾ ਕੌਰ ਦਾ ਜਨਮ ਮਾਤਾ ਰਵਿੰਦਰ ਕੌਰ ਤੇ ਪਿਤਾ ਜਤਿੰਦਰ ਸਿੰਘ ਉੱਪਲ ਦੇ ਘਰ 12 ਜੁਲਾਈ 1982 ਨੂੰ ਮੈਲਬੋਰਨ (ਆਸਟ੍ਰੇਲੀਆ) ਵਿਖੇ ਹੋਇਆ। ਮੋਨਿਕਾ ਨੂੰ ਘਰ ਵਿਚ ਹੀ ਗੁਰਬਾਣੀ ਅਤੇ ਸੇਵਾ ਭਾਵ ਦੀ ਗੁੜ੍ਹਤੀ ਮਿਲੀ। ਉਨ੍ਹਾਂ ਨੇ ਆਪਣੀ ਮਾਤਾ ਕੋਲੋਂ ਗੁਰਬਾਣੀ ਉਚਾਰਨ ਦੀ ਸਿੱਖਿਆ ਲਈ। ਮੋਨਿਕਾ ਦੇ ਮਾਤਾ-ਪਿਤਾ ਨੇ ਹੀ ਮੈਲਬੋਰਨ ’ਚ ਬਲੈਕਬਰਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ। ਗੁਰਬਾਣੀ ਗਾਇਨ ਦੀ ਸ਼ੁਰੂਆਤ ਵੀ ਘਰ ਤੋਂ ਹੀ ਹੋਈ। ਗੁਰਬਾਣੀ ਦੇ ਸ਼ਬਦਾਂ ਨੂੰ ਸੁਣ ਕੇ ਗੁਰਬਾਣੀ ਸ਼ਬਦ ਗਾਇਨ ਦਾ ਸ਼ੌਕ ਮੋਨਿਕਾ ਕੌਰ ਨੂੰ ਬਚਪਨ ਤੋਂ ਹੀ ਪੈ ਗਿਆ ਸੀ।

2006 ਵਿਚ ਮੋਨਿਕਾ ਦਾ ਵਿਆਹ ਦੁਬਈ ਦੇ ਪ੍ਰਸਿੱਧ ਕਾਰੋਬਾਰੀ ਹਰਜੀਵ ਕੰਧਾਰੀ ਨਾਲ ਹੋਇਆ। ਇਸ ਤੋਂ ਬਾਅਦ ਹੀ ਮੋਨਿਕਾ ਨੇ ਆਪਣੇ ਸੇਵਾ ਭਾਵ ਵਾਲੇ ਸੁਭਾਅ ਕਰਕੇ ‘ਕੀਰਤਨ ਫਾਰ ਕਾਜਿਜ਼’ ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ। ਮੋਨਿਕਾ ਗੁਰਬਾਣੀ ਗਾਇਨ ਕਰਕੇ ਆਪਣੀ ਸੰਸਥਾ ਲਈ ਫੰਡ ਇਕੱਠਾ ਕਰਦੀ ਹੈ। ਮੋਨਿਕਾ ਨੇ ਆਪਣੀ ਪਹਿਲੀ ਧਾਰਮਿਕ ਐਲਬਮ ‘ਬੰਦਨਾ’ 2006 ਵਿਚ ਰਿਲੀਜ਼ ਕੀਤੀ ਸੀ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਇਹ ਐਲਬਮ ਦੀ ਕਮਾਈ ਭਾਰਤੀ ਕਰੰਸੀ ਮੁਤਾਬਕ ਲਗਪਗ ਇਕ ਕੋਰੜ 86 ਲੱਖ ਰੁਪਏ ਸੀ, ਜਿਸ ਦਾ ਸਾਰਾ ਪੈਦਾ ਉਨ੍ਹਾਂ ਨੇ ਗੁਰਦੁਆਰਾ ‘ਗੁਰੂ ਨਾਨਕ ਦਰਬਾਰ’ ਦੁਬਈ ਨੂੰ ਭੇਟ ਕਰ ਦਿੱਤਾ।

2009 ਵਿਚ ਮੋਨਿਕਾ ਨੂੰ ਸਿੱਖੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਾਰਨ ‘ਸਿੱਖ ਚੈਨਲ’ ਵੱਲੋਂ ਸਨਮਾਨਿਤ ਕੀਤਾ ਗਿਆ। ਮੋਨਿਕਾ ਕੌਰ ਨੂੰ ਸ਼ਬਦ ਗਾਇਨ ਲਈ ਪੱਛਮੀ ਦੇਸ਼ਾਂ ਵਿਚਲੀਆਂ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। 2015 ਵਿਚ ਮੋਨਿਕਾ ਕੌਰ ਨੇ ਦੂਜੀ ਐਲਬਮ ‘ਆਈ ਬੋਅ ਟੂ ਯੂ ਵਾਹਿਗੁਰੂ’ ਨਿਰਮਾਤਾ ਤਲਵੀਨ ਸਿੰਘ ਨਾਲ ਮਿਲ ਕੇ ਰਿਲੀਜ਼ ਕੀਤੀ। ਇਸ ਐਲਬਮ ਨੂੰ ਬੀਬੀਸੀ ਰੇਡੀਓ ਲੰਡਨ ਅਤੇ ਬੀਬੀਸੀ ਏਸ਼ਿਅਨ ਨੈੱਟਵਰਕ ਨੇ ਆਪਣੇ ਮਿਊਜ਼ਿਕ ਚਾਰਟ ਵਿਚ ਸ਼ਾਮਲ ਕੀਤਾ। 2016 ਵਿਚ ਉਨ੍ਹਾਂ ਨੂੰ ਲੰਡਨ ਵਿਖੇ ‘ਸਿੱਖ ਇਨ ਐਂਟਰਟੇਨਮੈਂਟ’ ਐਵਾਰਡ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਮੋਨਿਕਾ ਕੌਰ ਨੂੰ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਕੀਰਤਨ ਕਰਨ ਦਾ ਮੌਕਾ ਹਾਸਲ ਹੋਇਆ।



ਮੋਨਿਕਾ ਕੌਰ ਦੀ ਸੰਸਥਾ ਵਧੀਆ ਧਾਰਮਿਕ ਸੰਗੀਤ ਸਰੋਤਿਆਂ ਅਤੇ ਕੀਰਤਨ ਪ੍ਰੇਮੀਆਂ ਤਕ ਪਹੁੰਚਾ ਰਹੀ ਹੈ। ਇਹ ਸੰਸਥਾ ਪੰਜਾਬ ਵਿਚ 200 ਮਿਹਨਤੀ ਵਿਦਿਆਰਥੀਆਂ ਦੀ ਪੜ੍ਹਾਈ ਵੀ ਕਰਵਾ ਰਹੀ ਹੈ ਅਤੇ ਕਰਜ਼ੇ ਹੇਠ ਦੱਬੇ ਕਿਸਾਨਾਂ ਦੇ ਬੋਝ ਨੂੰ ਹਲਕਾ ਕਰਨ ਦੀ ਵੀ ਕੋਸ਼ਿਸ਼ ਕਰ ਰਹੀ ਹੈ।

ਅੱਜ ਕੱਲ ਮੋਨਿਕਾ ਕੌਰ ਆਪਣੇ ਇਸ ਅਣਥੱਕ ਸਫ਼ਰ ਬਾਰੇ ਕਿਤਾਬ ਲਿਖ ਰਹੀ ਹੈ, ਜੋ ਜਲਦੀ ਹੀ ਪਾਠਕਾਂ ਦੇ ਸਨਮੁੱਖ ਹੋਵੇਗੀ। ਮੋਨਿਕਾ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਅਗਲੀ ਐਲਬਮ ‘ਸੈਕਰਡ ਬਰਡਜ਼’ ਅਮਰੀਕਾ ਦੀ ਬਿੱਗ ਲੈਵਲ ਕੰਪਨੀ ਨਾਲ ਰਿਲੀਜ਼ ਹੋਣ ਜਾ ਰਹੀ ਹੈ। ਇਸ ਐਲਬਮ ਤੋਂ ਪ੍ਰਾਪਤ ਹੋਣ ਵਾਲਾ ਸਾਰਾ ਪੈਸਾ ਪੰਜਾਬ ’ਚ ਵਿਦਿਆਰਥੀਆਂ ਦੀ ਸਹਾਇਤਾ ਤੇ ਬੇਸਹਾਰਾ ਲੋਕਾਂ ’ਤੇ ਖ਼ਰਚ ਕੀਤਾ ਜਾਵੇਗਾ। •

98883-25070



## ਸੰਪਾਦਕੀ

# ਭਾਰਤੀ ਯੂਨੀਵਰਸਿਟੀਆਂ ਲਈ ਸਬਕ

ਮਨੁੱਖੀ ਚੇਤਨਾ ਅਤੇ ਮਿਹਨਤ ਨਾਲ ਗਿਆਨ ਦਾ ਵਿਕਾਸ ਇੱਕ ਸਮਾਜਿਕ ਸ਼ਕਤੀ ਵਜੋਂ ਹੋਇਆ ਹੈ। ਗਿਆਨ ਦਾ ਵਿਕਾਸ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦੀ ਕਿਸੇ ਇੱਕ ਕੋਸ਼ਿਸ਼ ਦਾ ਨਤੀਜਾ ਨਹੀਂ ਹੁੰਦਾ ਸਗੋਂ ਮਨੁੱਖ ਦੀਆਂ ਨਿਰੰਤਰ ਬਹੁਤ ਸਾਰੀਆਂ ਇਤਿਹਾਸਕ ਅਤੇ ਸਮਕਾਲੀ ਕੋਸ਼ਿਸ਼ਾਂ ਦਾ ਫਲ ਹੁੰਦਾ ਹੈ। ਇਸ ਲਈ ਗਿਆਨ ਸਮਾਜ ਦੀ ਧਰੋਹਰ ਹੁੰਦਾ ਹੈ। ਬਹੁਤ ਲੰਮੇ ਸਮੇਂ ਤੱਕ ਗਿਆਨ ਦਾ ਪ੍ਰਵਾਹ ਜਾਂ ਸੰਚਾਰ ਸਮੂਹਿਕ ਰੂਪ ਵਿੱਚ ਜਾਂ ਵਿਅਕਤੀਗਤ ਸ਼ਾਗਿਰਦੀ ਰਾਹੀਂ ਹੁੰਦਾ ਰਿਹਾ ਹੈ। ਸਮਾਜ ਦੇ ਬਾਕੀ ਸਾਧਨਾਂ ਅਤੇ ਸਰੋਤਾਂ ਵਾਂਗ ਗਿਆਨ-ਸੰਚਾਰ ਨੂੰ ਵੀ ਵਿਧੀਵਤ ਢੰਗ ਨਾਲ ਸਿੱਖਿਆ ਪ੍ਰਬੰਧ ਵਜੋਂ ਵਿਕਸਿਤ ਕੀਤਾ ਗਿਆ ਅਤੇ ਰਾਜ ਸ਼ਕਤੀ ਅਧੀਨ ਰਾਜ ਪ੍ਰਬੰਧ ਦੇ ਸਾਧਨ-ਸਰੋਤ ਵਜੋਂ ਢਾਲ ਲਿਆ ਗਿਆ ਹੈ। ਸਿੱਖਿਆ ਪ੍ਰਬੰਧ ਮਨੁੱਖੀ ਗਿਆਨ ਦੇ ਨਿਯਮਿਤ ਸੰਚਾਰ, ਖੋਜ, ਵਿਕਾਸ ਅਤੇ ਤਬਦੀਲੀ ਦੇ ਜ਼ਰੀਏ ਵਜੋਂ ਉਸਾਰਿਆ ਗਿਆ ਹੈ। ਇਸ ਦਾ ਅਰਥ ਹੈ ਕਿ ਗਿਆਨ ਜਿੱਥੇ ਨਵੇਂ ਦ੍ਰਿਸ਼ਟੀਮਾਨ ਖੋਲ੍ਹਦਾ ਅਤੇ ਮਨੁੱਖ ਨੂੰ ਤਾਕਤ ਮੁਹੱਈਆ ਕਰਦਾ ਹੈ, ਉੱਥੇ ਰਾਜ ਦੇ ਸਿੱਖਿਆ ਪ੍ਰਬੰਧ ਅਧੀਨ ਇਸ ਦੀ ਸਿੱਖਿਆ ਕਿਸੇ ਖ਼ਾਸ ਦ੍ਰਿਸ਼ਟੀਮਾਨ ਤੋਂ ਪ੍ਰੇਰਿਤ ਹੋ ਕੇ ਰਾਜ ਪ੍ਰਬੰਧ ਦੀਆਂ ਨੀਤੀਆਂ ਅਨੁਸਾਰ ਹਿੱਤ ਪੂਰਦੀ ਹੈ; ਰਾਜ ਪ੍ਰਬੰਧ ਰਾਜ ਦੇ ਨਾਗਰਿਕਾਂ ਨੂੰ ਆਪਣੀ ਜ਼ਰੂਰਤ ਮੁਤਾਬਿਕ ਢਾਲਣ ਲਈ ਸਿੱਖਿਆ ਪ੍ਰਬੰਧ ਨੂੰ ਨਿਯਮਿਤ ਕਰਦਾ ਹੈ। ਗਿਆਨ ਉੱਤੇ ਸੰਪੂਰਨ ਨਿਯੰਤਰਣ ਸੰਭਵ ਨਾ ਹੋਣ ਕਰ ਕੇ ਇਹ ਨਿਯੰਤਰਣ ਤੋਂ ਬਾਹਰ ਹੋਰ ਹਿੱਤਾਂ ਦੀ ਵੀ ਪੂਰਤੀ ਕਰ ਜਾਂਦਾ ਹੈ। ਵਿਗਿਆਨ ਦੇ ਪ੍ਰਫੁੱਲਤ ਹੋਣ ਮਗਰੋਂ ਮਸ਼ੀਨੀ ਯੁੱਗ ਅਤੇ ਪੂੰਜੀਵਾਦੀ ਅਰਥਚਾਰੇ ਦੇ ਹੋਂਦ ਵਿੱਚ ਆਉਣ ਨਾਲ ਗਿਆਨ ਵੀ ਇੱਕ ਵਸਤੂ ਵਜੋਂ ਮੰਡੀ ਵਿੱਚ ਦਾਖ਼ਲ ਹੋਇਆ ਹੈ। ਇਸ ਦੇ ਨਾਲ ਨਾਲ ਗਿਆਨ ਦਾ ਸਮਾਜਿਕ ਖਾਸਾ ਇਸ ਨੂੰ ਨਿਯੰਤਰਣ ਤੋਂ ਆਜ਼ਾਦੀ ਵੱਲ ਲੈ ਕੇ ਜਾਂਦਾ ਹੈ। ਮਨੁੱਖੀ ਇਤਿਹਾਸ ਦੇ ਆਧੁਨਿਕ ਦੌਰ ਵਿੱਚ ਮਨੁੱਖੀ ਸੰਘਰਸ਼ਾਂ ਨੇ ਦੁਨੀਆ ਦੇ ਰਾਜ ਪ੍ਰਬੰਧਾਂ ਨੂੰ ਜਮਹੂਰੀ ਬਣਾਇਆ ਹੈ, ਜਿਸ ਕਰ ਕੇ ਗਿਆਨ ਨੂੰ ਹਰ ਨਾਗਰਿਕ ਤੱਕ ਪਹੁੰਚਾਉਣ ਲਈ ਸਿੱਖਿਆ ਪ੍ਰਬੰਧ ਉਸ ਦੇ ਅਨੁਸਾਰ ਉਸਰੇ ਹਨ। ਪੂੰਜੀਵਾਦ ਦੇ ਅਕਸ ਨੂੰ ਲੋਕਪੱਖੀ ਬਣਾਉਣ ਲਈ ਉਦਾਰਵਾਦੀ ਪੂੰਜੀਵਾਦ ਅਤੇ ਉਦਾਰਵਾਦੀ ਲੋਕਤੰਤਰ ਰਾਜ ਪ੍ਰਬੰਧ ਹੋਂਦ ਵਿੱਚ ਆਏ ਹਨ। ਸੰਯੁਕਤ ਰਾਜ ਅਮਰੀਕਾ ਆਪਣੇ ਆਪ ਨੂੰ ਦੁਨੀਆ ਦਾ ਸਰਵੋਤਮ ਉਦਾਰਵਾਦੀ ਲੋਕਤੰਤਰ ਦੱਸਦਾ ਆ ਰਿਹਾ ਹੈ, ਜਿੱਥੇ ਦੁਨੀਆ ਦੇ ਕਿਸੇ ਵੀ ਮੂਲ ਦਾ ਵਿਅਕਤੀ ਆਪਣੇ ਸੁਪਨੇ ਪੂਰੇ ਕਰ ਸਕਦਾ ਹੈ ਅਤੇ ਮਿਆਰੀ ਆਧਾਰ ’ਤੇ ਨਾਗਰਿਕਤਾ ਲੈ ਸਕਦਾ ਹੈ। ਅਮਰੀਕੀ ਸਿੱਖਿਆ ਪ੍ਰਬੰਧ ਨੂੰ ਦੁਨੀਆ ਦਾ ਸਰਵੋਤਮ ਸਿੱਖਿਆ ਪ੍ਰਬੰਧ ਦੱਸਿਆ ਜਾਂਦਾ ਹੈ, ਜਿੱਥੇ ਹਰ ਕਿਸੇ ਨੂੰ ਦੁਨੀਆ ਦਾ ਉੱਚਤਮ ਹੁਨਰ ਗਿਆਨ ਲੈਣ ਦੀ ਖੁੱਲ੍ਹ ਹੈ। ਇਸ ਦੇ ਯਕੀਨਨ ਚੰਗੇ ਸਿੱਟੇ ਨਿਕਲੇ ਹਨ ਜਿਸ ਦੀ ਮਿਸਾਲ ਹਾਰਵਰਡ ਯੂਨੀਵਰਸਿਟੀ ਹੈ। ਹਾਰਵਰਡ ਯੂਨੀਵਰਸਿਟੀ ਨੇ ਦੁਨੀਆ ਦੀ ਇੱਕ ਮਜ਼ਬੂਤ ਸਿੱਖਿਆ ਸੰਸਥਾ ਵਜੋਂ ਸਥਾਨ ਹਾਸਿਲ ਕੀਤਾ ਹੈ। ਹੁਣ ਪੂੰਜੀਵਾਦੀ ਅਰਥਵਿਵਸਥਾ ਡੂੰਘੇ ਸੰਕਟ ਵਿੱਚ ਹੈ ਅਤੇ ਅਮਰੀਕਾ ਦੀ ਜਨਤਾ ਦੀਆਂ ਆਰਥਿਕ ਪ੍ਰੇਸ਼ਾਨੀਆਂ ਨੇ ਸਿਆਸਤਦਾਨਾਂ ਲਈ ਉਲਝਣ ਪੈਦਾ ਕਰ ਦਿੱਤੀ ਹੈ ਤਾਂ ਅਸਲੀਅਤ ਸਾਹਮਣੇ ਆ ਗਈ ਹੈ। ਉਦਾਰਵਾਦ ਪਿਛਲੇ ਲੁਕਵੇਂ ਆਰਥਿਕ ਅਤੇ ਰਾਸ਼ਟਰੀ ਸਰੋਕਾਰ ਉੱਭਰ ਆਏ ਹਨ। ਡੋਨਲਡ ਟਰੰਪ ਅਮਰੀਕੀ ਨਾਗਰਿਕਾਂ ਦੀਆਂ ਸਮੱਸਿਆਵਾਂ ਲਈ ਮੁਲਕ ਵਿੱਚ ਪਰਵਾਸੀਆਂ ਸਬੰਧੀ ਉਦਾਰਵਾਦੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਸੱਤਾ ਵਿੱਚ ਆਇਆ। ਟਰੰਪ ਦੀ ਅਗਵਾਈ ਵਾਲੀ ਸਰਕਾਰ ਨੇ ਉਦਾਰਵਾਦੀ ਪਰਵਾਸੀ ਅਤੇ ਸਿੱਖਿਆ ਨੀਤੀਆਂ ’ਤੇ ਵੱਡੀ ਰੋਕ ਲਗਾਉਣ ਦੀ ਨੀਤੀ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਦੇਸ਼ ਦੀਆਂ ਹੋਰ ਯੂਨੀਵਰਸਿਟੀਆਂ ਤੋਂ ਇਲਾਵਾ ਵਿਦਿਅਕ, ਆਰਥਿਕ ਅਤੇ ਮਿਆਰੀ ਤੌਰ ’ਤੇ ਮਜ਼ਬੂਤ ਵਿਦਿਅਕ ਸੰਸਥਾ ਵਜੋਂ ਦੁਨੀਆ ਵਿੱਚ ਜਾਣੀ ਜਾਂਦੀ ਹਾਰਵਰਡ ਯੂਨੀਵਰਸਿਟੀ ਦੀ ਦਾਖ਼ਲਾ ਨੀਤੀ ਅਤੇ ਕਈ ਕੋਰਸਾਂ ’ਤੇ ਅੰਕੁਸ਼ ਲਗਾਉਣ ਤੋਂ ਇਲਾਵਾ ਇਸ ਨੂੰ ਦਿੱਤੀ ਜਾਣ ਵਾਲੀ ਖੋਜ ਗਰਾਂਟ ’ਤੇ ਸ਼ਰਤਾਂ ਲਗਾਈਆਂ ਹਨ ਅਤੇ ਸ਼ਰਤਾਂ ਨਾ ਮੰਨਣ ਦੀ ਸੂਰਤ ਵਿੱਚ ਗਰਾਂਟ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਝਗੜਾ ਇੱਥੋਂ ਤੱਕ ਵਧ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਸੋਸ਼ਲ ਮੀਡੀਆ ਪਲੈਟਫਾਰਮਾਂ ’ਤੇ ਹਾਰਵਰਡ ਫੈਕਲਟੀ ’ਤੇ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਮਿਲੀਭੁਗਤ ਹੋਣ ਦੇ ਦੋਸ਼ ਲਗਾ ਕੇ ਆਪਣੀ ਕਾਰਵਾਈ ਨੂੰ ਸਹੀ ਠਹਿਰਾ ਰਹੇ ਹਨ ਜਦੋਂਕਿ ਹਾਰਵਰਡ ਦੇ ਹਿਤੈਸ਼ੀ ਸਰਕਾਰ ਦੀਆਂ ਨੀਤੀਆਂ ਨੂੰ 1940ਵਿਆਂ ਦੇ ਦਹਾਕੇ ਦੀ ਮੈਕਕਾਰਥਵਾਦੀ ਨੀਤੀ ਕਹਿ ਰਹੇ ਹਨ। ਸਰਕਾਰੀ ਰੋਕਾਂ ਮੁਤਾਬਿਕ ਹਾਰਵਰਡ 2025-2026 ਅਕਾਦਮਿਕ ਸਾਲ ਲਈ 6- ਜਾਂ J-ਨਾਮਜ਼ਦਗੀ ’ਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦੇ ਸਕਦਾ ਅਤੇ 6- ਜਾਂ J- ਨਾਮਜ਼ਦਗੀ ਦਰਜੇ ’ਤੇ ਮੌਜੂਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਕਿਸੇ ਹੋਰ ਯੂਨੀਵਰਸਿਟੀ ਵਿੱਚ ਤਬਦੀਲ ਕਰਨਾ ਪੈਣਾ ਸੀ। ਇਸ ਤੋਂ ਪਹਿਲਾਂ 11 ਅਪਰੈਲ 2025 ਨੂੰ ਲਿਖੇ ਪੱਤਰ ਰਾਹੀਂ ਸਰਕਾਰ ਨੇ ਹਾਰਵਰਡ ਨੂੰ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਸ਼ਾਸਨ ਅਧਿਕਾਰੀਆਂ ਦੀ ਸ਼ਕਤੀ ਨੂੰ ਘਟਾਉਣ, ਸਾਰੇ ‘ਵਿਭਿੰਨਤਾ, ਬਰਾਬਰੀ, ਸਮਾਵੇਸ਼ੀ’ (ਡੀਈਆਈ) ਕੋਰਸ ਤੇ ਦਫ਼ਤਰ ਬੰਦ ਕਰਨ ਅਤੇ ਦਾਖਲਿਆਂ ਤੇ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਸਰਕਾਰ ਨਾਲ ਸਾਂਝੀ ਕਰਨ ਦਾ ਹੁਕਮ ਦਿੱਤਾ ਸੀ। ਹਾਰਵਰਡ ਨੇ ਸਰਕਾਰ ਦੇ ਦੋਵਾਂ ਪੱਤਰਾਂ ਨੂੰ ਅਦਾਲਤ ਵਿੱਚ ਚੁਣੌਤੀ ਦੇ ਦਿੱਤੀ ਹੈ ਅਤੇ ਅਦਾਲਤ ਨੇ ਸਰਕਾਰ ਦੇ ਹੁਕਮਾਂ ’ਤੇ ਅਗਲੀ ਸੁਣਵਾਈ ਤੱਕ ਪਾਬੰਦੀ ਲਗਾ ਦਿੱਤੀ ਹੈ। ਇਸ ਨਾਲ ਟਰੰਪ-ਹਾਰਵਰਡ ਵਿਵਾਦ ਅਤੇ ਅਮਰੀਕੀ ਸਿੱਖਿਆ ਪ੍ਰਬੰਧ ਦਾ ਭਵਿੱਖ ਦੁਨੀਆ ਭਰ ਵਿੱਚ ਬਹਿਸ ਦਾ ਮੁੱਦਾ ਬਣ ਗਏ ਹਨ। ਹਾਰਵਰਡ ਦਾ ਮੁੱਖ ਉਦੇਸ਼ ਲੋਕ ਭਲਾਈ ਲਈ ਉੱਚ-ਪਾਏ ਦੀ ਸਿੱਖਿਆ ਅਤੇ ਖੋਜ, ਬੋਲਣ ਦੀ ਆਜ਼ਾਦੀ, ਬੇਇਨਸਾਫ਼ੀ ਅਤੇ ਅਣਮਨੁੱਖੀ ਕਾਰਵਾਈਆਂ ਦਾ ਵਿਰੋਧ ਕਰਨ ਵਾਲੀ ਉਦਾਰਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਰਨਾ ਹੈ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਦਾ ਉਦੇਸ਼ ਵਿਰੋਧੀ ਹਿੱਤਾਂ ਦੀ ਸਿਆਸਤ ਕਰਨਾ, ਉਦਾਰਵਾਦੀ ਵਿਚਾਰਧਾਰਾਵਾਂ ਦੇ ਪਸਾਰ ਨੂੰ ਰੋਕਣਾ ਅਤੇ ਸੌੜੇ ਰਾਸ਼ਟਰਵਾਦੀ ਹਿੱਤਾਂ ਨੂੰ ਪੂਰਾ ਕਰਨਾ ਹੈ। ਟਰੰਪ ਪ੍ਰਬੰਧ ਉਦਾਰਵਾਦੀ ਪਰਵਾਸੀ ਨੀਤੀਆਂ ’ਤੇ ਰੋਕ ਲਗਾ ਕੇ ਦੇਸ਼ ਦੀ ਸਥਾਨਕ ਵਸੋਂ ਦੀਆਂ ਆਰਥਿਕ ਮੁਸ਼ਕਿਲਾਂ ਹੱਲ ਕਰਨ ਦਾ ਭੁਲੇਖਾ ਪਾ ਰਿਹਾ ਹੈ। ਇਹ ਹੀ ਟਰੰਪ ਪ੍ਰਸ਼ਾਸਨ ਅਤੇ ਹਾਰਵਰਡ ਯੂਨੀਵਰਸਿਟੀ ਵਿਚਕਾਰ ਮੌਜੂਦਾ ਵਿਵਾਦ ਦੀ ਮੁੱਖ ਜੜ੍ਹ ਹੈ। ਅਜਿਹਾ ਨਹੀਂ ਹੈ ਕਿ ਅਮਰੀਕਾ ਦੀ ਆਰਥਿਕਤਾ ਨੂੰ ਸਿੱਖਿਆ ਲਈ ਉੱਥੇ ਪੁੱਜੇ ਪਰਵਾਸੀ ਵਿਦਿਆਰਥੀਆਂ ਤੋਂ ਕੋਈ ਫ਼ਾਇਦਾ ਨਹੀਂ ਹੋ ਰਿਹਾ ਸਗੋਂ ਪਰਵਾਸੀਆਂ ਲਈ ਅਮਰੀਕੀ ਸਿੱਖਿਆ ਪ੍ਰਬੰਧ ਇੱਕ ਉਦਯੋਗ ਵਰਗਾ ਹੀ ਹੈ। ਸਰਕਾਰ ਦਾ ਮੁੱਖ ਦੋਸ਼ ਹੈ ਕਿ ਅਮਰੀਕੀ ਯੂਨੀਵਰਸਿਟੀਆਂ, ਖ਼ਾਸਕਰ ਹਾਰਵਰਡ, ਦੇ ‘ਵਿਭਿੰਨਤਾ, ਬਰਾਬਰੀ, ਸਮਾਵੇਸ਼ੀ’ ਸਕੀਮਾਂ ਅਤੇ ਕੋਰਸਾਂ ਕਰ ਕੇ ਇਜ਼ਰਾਈਲ-ਫ਼ਲਸਤੀਨ ਯੁੱਧ ਦੌਰਾਨ ਅਮਰੀਕੀ ਯੂਨੀਵਰਸਿਟੀਆਂ ਵਿਖੇ ਇਜ਼ਰਾਈਲ ਵਿਰੋਧੀ ਪ੍ਰਦਰਸ਼ਨਾਂ ਵਿੱਚ ਯਹੂਦੀ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਹੋਈ ਹੈ। ਦੂਜੇ ਪਾਸੇ ਵਿਰੋਧੀਆਂ ਦਾ ਕਹਿਣਾ ਹੈ ਕਿ ਟਰੰਪ ਸਰਕਾਰ ਇੱਕ ਪਾਸੇ ਇਜ਼ਰਾਈਲ ਵਿਰੋਧ ਨੂੰ ਯਹੂਦੀ ਵਿਰੋਧ ਕਹਿ ਕੇ ਹਥਿਆਰ ਵਜੋਂ ਵਰਤ ਰਹੀ ਹੈ ਅਤੇ ਦੂਜੇ ਪਾਸੇ ਸਮਾਜ ਪ੍ਰਤੀ ਆਪਣੀ ਆਰਥਿਕ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਜੋ ਅਮਰੀਕੀ ਸਮਾਜ ਦੇ ਅਸੂਲਾਂ ਦੀ ਉਲੰਘਣਾ ਹੈ। ਲੰਮੇ ਸਮੇਂ ਤੋਂ ਮਨੁੱਖੀ ਭਲਾਈ ਲਈ ਅਹਿਮ ਖੋਜਾਂ ਅਤੇ ਸਥਾਨਕ ਵਸੋਂ ਲਈ ਸਮਾਜ ਭਲਾਈ ਦੇ ਕਾਰਜਾਂ ਤੇ ਉਦਯੋਗ ਲਈ ਲਾਹੇਵੰਦ ਕਾਢਾਂ ਕੱਢ ਕੇ ਹਾਰਵਰਡ ਯੂਨੀਵਰਸਿਟੀ ਨੇ ਮਜ਼ਬੂਤੀ ਹਾਸਿਲ ਕੀਤੀ ਹੈ। ਇਸ ਦੇ ਸਿੱਟੇ ਵਜੋਂ ਇਹ ਆਪਣੇ ਅਸੂਲਾਂ ਨਾਲ ਸਮਝੌਤਾ ਕਰਨ ਦੀ ਬਜਾਏ ਸਰਕਾਰ ਨਾਲ ਮੱਥਾ ਲਗਾ ਸਕੀ ਹੈ। ਇਸ ਯੂਨੀਵਰਸਿਟੀ ਦੀ ਤਾਕਤ ਸਿਰਫ਼ ਕਲਾਸ ਰੂਮ ਗੁਣਵੱਤਾ ਅਤੇ ਸਮਾਜ ਭਲਾਈ ਸੇਧਤ ਉੱਚਤਮ ਖੋਜ ਕਰਕੇ ਹੀ ਨਹੀਂ ਸਗੋਂ ਇਸ ਦੇ ਸਮਰੱਥਾ ਨਿਰਮਾਣ ਵਾਲੇ ਲੋਕ-ਸਮੂਹ<2><2>ਪ੍ਰੋਗਰਾਮਾਂ ਕਰ ਕੇ ਵੀ ਹੈ।

# ਸਰਕਾਰੀ ਹਾਈ ਸਮਾਰਟ ਸਕੂਲ ਪਿੰਡ ਖੁਰਦ ਦੀਆਂ ਵਿਦਿਆਰਥਣਾਂ ਨੇ ਅੰਤਰਰਾਸ਼ਟਰੀ ਪੰਜਾਬੀ ਓਲੰਪੀਅਡ ਵਿੱਚ ਸੂਬੇ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ



**ਮਲੇਰਕੋਟਲਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਅੰਤਰਰਾਸ਼ਟਰੀ ਪੰਜਾਬੀ ਓਲੰਪੀਅਡ 2024 ਵਿੱਚ ਜ਼ਿਲ੍ਹਾ ਮਾਲੇਰ ਕੋਟਲਾ ਦੇ ਸਰਕਾਰੀ ਹਾਈ ਸਮਾਰਟ ਸਕੂਲ ਦੀਆਂ ਦੋ ਵਿਦਿਆਰਥਣਾਂ ਮਨਜੋਤ ਕੌਰ ਅਤੇ ਨਸਰੀਨ ਨੇ ਮਿਡਲ ਵਿਭਾਗ ਵਿੱਚ ਪੰਜਾਬ ਭਰ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਜ਼ਿਲਾ ਮਾਲੇਰਕੋਟਲਾ ਦਾ ਨਾਂ ਰੋਸ਼ਨ ਕੀਤਾ। ਇਸ ਪ੍ਰਾਪਤੀ ਤੇ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਜੀ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਆਡੀਟੋਰੀਅਮ ਵਿੱਚ ਸਮਾਗਮ ਕਰਕੇ ਇਹਨਾਂ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਹੈੱਡਮਾਸਟਰ ਸ੍ਰੀ ਸੱਜਾਦ ਅਲੀ ਗੌਰੀਆ ਨੇ ਦੱਸਿਆ ਕਿ ਸਾਡੇ ਸਕੂਲ ਅਤੇ ਪਿੰਡ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬ ਭਰ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਚੁਣੇ ਗਏ ਕੁਲ 33 ਵਿਦਿਆਰਥੀਆਂ ਵਿੱਚੋਂ ਦੋ ਵਿਦਿਆਰਥੀ ਸਰਕਾਰੀ ਹਾਈ ਸਮਾਰਟ ਸਕੂਲ ਖੁਰਦ ਨਾਲ ਸੰਬੰਧਿਤ ਹਨ। ਜਿਨਾਂ ਨੇ ਸਟੇਟ ਪੱਧਰ ਤੇ ਆਪਣਾ ਨਾਂ ਚਮਕਾਇਆ ਹੈ। ਇਸ ਪ੍ਰਾਪਤੀ ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਜ਼ਿਲਾ ਸਿੱਖਿਆ ਅਫਸਰ ਸੰਗਰੂਰ ਅਤੇ ਮਾਲੇਰ ਕੋਟਲਾ ਸ਼੍ਰੀਮਤੀ ਤਰਵਿੰਦਰ ਕੌਰ ਅਤੇ ਉਪ ਜ਼ਿਲਾ ਸਿੱਖਿਆ ਅਫਸਰ ਸੰਗਰੂਰ ਸ੍ਰੀਮਤੀ ਮਨਜੀਤ ਕੌਰ ਨੇ ਸਕੂਲ ਮੁਖੀ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ. ਸਤਪਾਲ ਸਿੰਘ ਅਤੇ ਪਿੰਡ ਖੁਰਦ ਦੇ ਸਰਪੰਚ ਸ. ਕੁਲਬੀਰ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਦੱਸਿਆ ਕਿ ਖੁਰਦ ਪਿੰਡ ਦਾ ਹਾਈ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਯੋਗਦਾਨ ਨਿਭਾ ਰਿਹਾ ਹੈ। ਹਰੇਕ ਸਾਲ ਸਕੂਲ ਦੇ ਵਿਦਿਆਰਥੀ ਵਿੱਦਿਅਕ ਅਤੇ ਗੈਰ ਵਿੱਦਿਅਕ ਮੁਕਾਬਲਿਆਂ ਵਿੱਚ ਆਪਣਾ ਹੁਨਰ ਦਿਖਾਉਂਦੇ ਹਨ ਅਤੇ ਮਾਲੇਰ ਕੋਟਲਾ ਦਾ ਨਾਂ ਰੋਸ਼ਨ ਕਰਦੇ ਆ ਰਹੇ ਹਨ। ਉਹਨਾਂ ਇਹ ਸਾਰੀ ਮਿਹਨਤ ਦਾ ਸਿਹਰਾ ਸਕੂਲ ਮੁੱਖੀ ਸ੍ਰੀ ਸੱਜਾਦ ਅਲੀ ਗੌਰੀਆਂ ਨੂੰ ਦਿੰਦਿਆ ਕਿਹਾ ਕਿ ਉਹਨਾਂ ਦੀ ਯੋਗ ਅਗਵਾਈ ਵਿੱਚ ਸਮੁੱਚਾ ਸਕੂਲ ਸਟਾਫ ਬੜੀ ਮਿਹਨਤ ਅਤੇ ਲਗਨ ਦੇ ਨਾਲ ਬੱਚਿਆਂ ਦੀ ਬਿਹਤਰੀ ਅਤੇ ਉੱਜਵਲ ਭਵਿੱਖ ਲਈ ਕੰਮ ਕਰ ਰਿਹਾ ਹੈ। ਉਹਨਾਂ ਨੇ ਇਸ ਪ੍ਰਾਪਤੀ ਲਈ ਹੈਡਮਾਸਟਰ ਸ੍ਰੀ ਸੱਜਾਦ ਅਲੀ ਗੌਰੀਆ ਸਮੇਤ ਅਧਿਆਪਕ ਸ. ਗੁਰਜੀਤ ਸਿੰਘ ਨੂੰ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਪੇਸ਼ ਕੀਤੀ ਕਿ ਉਹਨਾਂ ਦੀ ਯੋਗ ਮਿਹਨਤ ਸਦਕਾ ਹੀ ਬੱਚਿਆਂ ਨੇ ਇਹ ਪ੍ਰਾਪਤੀ ਹਾਸਲ ਕੀਤੀ ਹੈ। ਉਹਨਾਂ ਸਕੂਲ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਆਪਣੀ ਵਚਨਬੱਤਾ ਦੁਹਰਾਈ। ਪਿੰਡ ਦੇ ਪਤਵੰਤਿਆਂ ਸਮੇਤ ਜਿਲਾ ਮਾਲੇਰਕੋਟਲਾ ਦੇ ਵੱਖ ਵੱਖ ਸਕੂਲਾਂ ਵੱਲੋਂ ਇਸ ਪ੍ਰਾਪਤੀ ਤੇ ਵਧਾਈ ਸੰਦੇਸ਼ ਵੀ ਭੇਜੇ ਗਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸ.ਰਮਨਦੀਪ ਸਿੰਘ, ਸ.ਦਰਬਾਰਾ ਸਿੰਘ, ਸ੍ਰੀ ਸਲੀਮ ਮੁਹੰਮਦ, ਸ੍ਰੀ ਟਿਮਿਸ਼ ਬੱਤਾ, ਸ੍ਰੀਮਤੀ ਮਨਦੀਪ ਕੌਰ,ਸ੍ਰੀਮਤੀ ਗਗਨਦੀਪ ਕੌਰ, ਸ੍ਰੀਮਤੀ ਰਵੀਨਾ ,ਸ਼ਿਫਾਲੀ ਜੈਨ ,ਸ. ਕੁਲਦੀਪ ਸਿੰਘ ਅਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ।

# 6 ਵਿਅਕਤੀਆਂ ਨੂੰ 40 ਕਿੱਲੋ ਹੈਰੋਇਨ ਸਮੇਤ ਫਾਰਚੂਨਰ ਗੱਡੀ ਕੀਤਾ ਕਾਬੂ : ਐਸਐਸਪੀ ਅਮਨੀਤ ਕੌਂਡਲ



**ਬਠਿੰਡਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਚਲਾਈ ਗਈ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਦੇ ਤਹਿਤ ਜ਼ਿਲ੍ਹੇ ਅੰਦਰ ਵਿਆਪਕ ਪੱਧਰ ’ਤੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਦੇ ਤਹਿਤ ਬਠਿੰਡਾ ਪੁਲਿਸ ਵੱਲੋਂ ਵੱਡੇ ਪੱਧਰ ’ਤੇ 40 ਕਿੱਲੋ ਹੈਰੋਇਨ ਤੇ 6 ਵਿਅਕਤੀਆਂ ਨੂੰ ਸਮੇਤ ਫਾਰਚੂਨਰ ਗੱਡੀ ਕਾਬੂ ਕੀਤਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਬਠਿੰਡਾ ਪੁਲਿਸ ਦੇ ਸੀ.ਆਈ.ਏ ਸਟਾਫ-। ਦੀ ਪੁਲਿਸ ਪਾਰਟੀ ਬਾ-ਸਿਲਸਿਲਾ ਗਸ਼ਤ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਚੈਕਿੰਗ ਦੇ ਸਬੰਧ ਵਿੱਚ ਇੱਕ ਗੱਡੀ ਫਾਰਚੂਨਰ ਰੰਗ ਕਾਲਾ ਨੰਬਰੀ ਪੀ.ਬੀ 53 ਈ 6771 ਨੂੰ ਚੈੱਕ ਕੀਤਾ, ਜਿਸ ਵਿੱਚ 6 ਵਿਅਕਤੀ ਸਵਾਰ ਸਨ, ਨੂੰ ਕਾਬੂ ਕੀਤਾ।

ਜਿਹਨਾਂ ਦੇ ਨਾਮ ਲਖਵੀਰ ਸਿੰਘ ਉਰਫ ਲੱਖਾ ਪੁੱਤਰ ਗੁਰਮੇਲ ਸਿੰਘ ਵਾਸੀ ਗਲੀ ਨੰਬਰ 11 ਵਾਰਡ ਨੰਬਰ 26 ਪਟੇਲ ਨਗਰ ਨੇੜੇ ਸ਼ਮਸ਼ਾਨ ਘਾਟ ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ, ਪ੍ਰਭਜੀਤ ਸਿੰਘ ਉਰਫ ਪ੍ਰਭ ਪੁੱਤਰ ਦਰਸ਼ਨ ਸਿੰਘ ਵਾਸੀ ਗਲੀ ਨੰਬਰ 06 ਬਾਬਾ ਦੀਪ ਸਿੰਘ ਨਗਰ ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ, ਰਣਜੋਧ ਸਿੰਘ ਉਰਫ ਹਰਮਨ ਪੁੱਤਰ ਨਿਰਮਲ ਸਿੰਘ ਵਾਸੀ ਗਲੀ ਨੰਬਰ 03 ਹਰਜਿੰਦਰ ਨਗਰ ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ, ਅਕਾਸ਼ ਮਰਵਾਹ ਪੁੱਤਰ ਰਾਕੇਸ਼ ਕੁਮਾਰ ਵਾਸੀ ਨੇੜੇ ਹਰਕ੍ਰਿਸ਼ਨ ਸਕੂਲ ਮਲੋਟ ਜਿਲ੍ਹਾ ਮੁਕਤਸਰ ਸਾਹਿਬ, ਰੋਹਿਤ ਕੁਮਾਰ ਪੁੱਤਰ ਨਰੇਸ਼ ਕੁਮਾਰ ਵਾਸੀ ਗਲੀ ਨੰਬਰ 04 ਪਟੇਲ ਨਗਰ ਸ਼ਮਸ਼ਾਨਘਾਟ ਮਲੋਟ, ਜਿਲ੍ਹਾ ਮੁਕਤਸਰ ਸਾਹਿਬ ਅਤੇ ਗੁਰਚਰਨ ਸਿੰਘ ਉਰਫ ਗੁਰੀ ਪੁੱਤਰ ਸਤਨਾਮ ਸਿੰਘ ਵਾਸੀ ਗਲੀ ਨੰਬਰ 03 ਹਰਜਿੰਦਰ ਨਗਰ ਮਲੋਟ ਜਿਲ੍ਹਾ ਮੁਕਤਸਰ ਸਾਹਿਬ ਹਨ। ਗੱਡੀ ਦੀ ਤਲਾਸ਼ੀ ਕਰਨ ਤੇ ਗੱਡੀ ਵਿੱਚੋਂ 40 ਕਿੱਲੋ ਹੈਰੋਇਨ (ਕਮਰਸ਼ੀਅਲ ਮਾਤਰਾ) ਬਰਾਮਦ ਹੋਈ। ਜਿਹਨਾਂ ਨੂੰ ਗ੍ਰਿਫਤਾਰ ਕਰਕੇ ਮੁੱਕਦਮਾ ਦਰਜ ਕੀਤਾ ਜਾ ਰਿਹਾ।

# ਝੋਨੇ ਦੀ ਫ਼ਸਲ ਵਿਚ ਵਧੇਰੇ ਯੂਰੀਆ ਦੀ ਵਰਤੋਂ ਨੁਕਸਾਨਦਾਇਕ : ਮੁੱਖ ਖੇਤੀਬਾੜੀ ਅਫ਼ਸਰ



**ਗੁਰਦਾਸਪੁਰ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਸਾਉਣੀ ਦੀਆਂ ਫਸਲਾਂ ਖਾਸ ਕਰਕੇ ਝੋਨੇ ਦੀ ਲਵਾਈ ਦਾ ਕੰਮ ਅਗਲੇ ਕੁਝ ਦਿਨਾਂ ਤੱਕ ਮੁਕੰਮਲ ਹੋ ਜਾਵੇਗਾ।ਇਸ ਦੇ ਨਾਲ ਹੀ ਯੂਰੀਆ ਅਤੇ ਹੋਰ ਖਾਦਾਂ ਦੀ ਵਰਤੋਂ ਕਿਸਾਨਾਂ ਵਲੋਂ ਕੀਤੀ ਜਾ ਰਹੀ ਹੈ ਜਿਸ ਕਾਰਨ ਯੂਰੀਆ ਖਾਦ ਦੀ ਮੰਗ ਵੀ ਵਧ ਗਈ ਹੈ।

ਝੋਨੇ ਦੀ ਫ਼ਸਲ ਵਿਚ ਯੂਰੀਆ ਖਾਦ ਦੀ ਵਰਤੋਂ ਬਾਰੇ ਪਿੰਡ ਛੋਟੇਪੁਰ ਦੇ ਕਿਸਾਨ ਬਲਬੀਰ ਸਿੰਘ ਦੇ ਖੇਤਾਂ ਵਿਚ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਝੋਨੇ ਦੀ ਫ਼ਸਲ ਵਿਚ ਯੂਰੀਆ ਖਾਦ ਦੀ ਵਰਤੋਂ ਜ਼ਰੂਰਤ ਅਨੁਸਾਰ ਹੀ ਕਰਨੀ ਚਾਹੀਦੀ ਹੈ ਤਾਂ ਜੋ ਫ਼ਸਲ ਨੂੰ ਕੀੜੇ, ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦਸਿਆ ਕਿ ਮਿੱਟੀ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਯੂਰੀਆ ਦੀ ਵਰਤੋਂ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ ਯੂਰੀਆ ਖਾਦ ਵਿਚੋਂ ਫ਼ਸਲ ਨੂੰ ਸਿਰਫ ਨਾਈਟ ?ਰੋਜਨ ਖੁਰਾਕੀ ਤੱਤ ਹੀ ਮਿਲਦਾ ਹੈ ਜੋ ਪੌਦਿਆਂ ਦੇ ਵਾਧੇ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਨਾਈਟ ?ਰੋਜਨ ਖੁਰਾਕੀ ਤੱਤ ਕਲੋਰੋਫਿਲ ਦਾ ਇੱਕ ਮੁੱਖ ਹਿੱਸਾ ਹੈ, ਜੋ ਪ੍ਰਕਾਸ਼ ਸੰਸ਼ਲੇਸ਼ਣ ਪ੍ਰੀਕਿਰਿਆ ਨੂੰ ਸਮਰੱਥ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਯੂਰੀਆ ਖਾਦ ਅਮੀਨੋ ਐਸਿਡ, ਪ੍ਰੋਟੀਨ, ਨਿਊਕਲੀਕ ਐਸਿਡ (ਡੀਐਨਏ ਅਤੇ ਆਰਐਨਏ), ਅਤੇ ਐਨਜ਼ਾਈਮਾਂ ਦੇ ਉਤਪਾਦਨ ਲਈ ਜ਼ਰੂਰੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਯੂਰੀਆ ਦੀ ਸਿਫਾਰਸ਼ਾਂ ਤੋਂ ਵਧੇਰੇ ਵਰਤੋਂ ਵੀ ਝੋਨੇ ਦੀ ਫ਼ਸਲ ਲਈ ਨੁਕਸਾਨਦਾਇਕ ਹੋ ਸਕਦੀ ਹੈ। ਬਹੁਤ ਜਿਆਦਾ ਨਾਈਟ ?ਰੋਜਨ (ਯੂਰੀਆ) ਦੀ ਵਰਤੋਂ ਨਾਲ ਫ਼ਸਲ ਦਾ ਬਨਸਪਤੀ ਵਿਕਾਸ ਬਹੁਤ ਜਿਆਦਾ ਹੋ ਜਾਂਦਾ ਹੈ, ਤਣੇ ਅਤੇ ਪੱਤੇ ਕਮਜ਼ੋਰ ਹੋ ਜਾਂਦੇ ਹਨ, ਜਿਸ ਨਾਲ ਫ਼ਸਲ ਜਲਦੀ ਡਿੱਗ ਪੈਂਦੀ ਅਤੇ ਫ਼ਸਲ ਵਿੱਚ ਬਿਮਾਰੀਆਂ ਪ੍ਰਤੀ ਸੰਵੇਦਨਸ਼ੀਲਤਾ ਵਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ ਮਾਤਰਾ ਤੋਂ ਵਧੇਰੇ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ ਝੋਨੇ ਦੀ ਫ਼ਸਲ ਨੂੰ ਯੂਰੀਆ ਖਾਦ ਆਮ ਕਰਕੇ ਪ੍ਰਤੀ ਏਕੜ 90 ਕਿਲੋ ਤਿੰਨ ਬਰਾਬਰ ਕਿਸ਼ਤਾਂ ਵਿਚ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਝੋਨੇ ਦੀ ਲਵਾਈ ਤੋਂ 7ਵੇਂ, 21ਵੇਂ ਅਤੇ 42 ਵੇਂ ਦਿਨਾਂ ਬਾਅਦ ਯੂਰੀਆ ਨੂੰ ਤਿੰਨ ਬਰਾਬਰ ਕਿਸ਼ਤਾਂ ਵਿਚ ਛੱਟੇ ਨਾਲ ਪਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੀ ਆਰ 126 ਕਿਸਮ ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ, ਲਵਾਈ ਤੋਂ 35 ਦਿਨਾਂ ਬਾਅਦ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੀ ਆਰ 132 ਅਤੇ 128 ਕਿਸਮਾਂ ਨੂੰ 67.5 ਕਿਲੋ ਯੂਰੀਆ ਖਾਦ ਪਾਉਣੀ ਚਾਹੀਦੀ ਹੈ ਕਿਉਂਕਿ ਇਹ ਦੋਵੇਂ ਕਿਸਮਾਂ ਯੂਰੀਆ ਦੀ ਵਧ ਮਾਤਰਾ ਨਹੀਂ ਸਹਾਰ ਸਕਦੀਆਂ, ਜਿਸ ਕਾਰਨ ਇਹ ਕਿਸਮਾਂ ਡਿੱਗ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਯੂਰੀਆ ਖਾਦ ਪਾਉਣ ਤੋਂ 2-3 ਦਿਨਾਂ ਬਾਅਦ ਪਾਣੀ ਲਗਾਓ।

ਡਾ. ਅਮਰੀਕ ਸਿੰਘ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਜੁਲਾਈ ਅਖੀਰ ਤੱਕ 77 ਹਜ਼ਾਰ ਟਨ ਯੂਰੀਆ ਖਾਦ ਦੀ ਜ਼ਰੂਰਤ ਹੈ, ਜਦ ਕਿ 7 ਜੁਲਾਈ ਤੱਕ ਤਕਰੀਬਨ 66 ਹਜ਼ਾਰ ਟਨ ਯੂਰੀਆ ਖਾਦ, ਸਹਿਕਾਰੀ ਸਭਾਵਾਂ ਅਤੇ ਖਾਦ ਵਿਕਰੇਤਾਵਾਂ ਕੋਲ ਪਹੁੰਚ ਚੁੱਕੀ ਹੈ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਕਿਸੇ ਤਰਾਂ ਦੀ ਸਮੱਸਿਆ ਤੋਂ ਬਚਣ ਲਈ ਯੂਰੀਆ ਖਾਦ ਜ਼ਰੂਰਤ ਅਨੁਸਾਰ ਹੀ ਖਰੀਦਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਖਾਦਾਂ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ ਬਲਾਕ ਦੇ ਖ਼ੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਖਾਦ ਖਰੀਦਦੇ ਸਮੇਂ, ਕਿਸਾਨਾਂ ਨੂੰ ਇਸ ਦੀ ਐਮ ਆਰ ਪੀ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਖਰੀਦੀ ਗਈ ਖਾਦ ਦੀ ਰਸੀਦ (ਬਿੱਲ) ਵੀ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਤੇ ਯੂਰੀਆ ਖਾਦ ਖਰੀਦਣ ਵਿੱਚ ਕੋਈ ਮੁਸ਼ਕਲ ਪੇਸ਼ਕਲ ਪੇਸ਼ ਆਉਂਦੀ ਹੈ ਤਾਂ ਸਬੰਧਤ ਬਲਾਕ ਦੇ ਖ਼ੇਤੀਬਾੜੀ ਅਫ਼ਸਰ ਜਾਂ ਖ਼ੇਤੀਬਾੜੀ ਵਿਕਾਸ ਅਫ਼ਸਰ ਦੇ ਧਿਆਨ ਵਿੱਚ ਲਿਆਂਦੀ ਜਾਵੇ।

ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਰਾਜੀਵ ਖੋਖਰ ਖ਼ੇਤੀਬਾੜੀ ਅਫ਼ਸਰ, ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਅਰਜਿੰਦਰ ਸਿੰਘ ਸੰਧੂ ਖ਼ੇਤੀਬਾੜੀ ਵਿਸਥਾਰ ਅਫ਼ਸਰ ਅਤੇ ਹੋਰ ਕਿਸਾਨ ਹਾਜ਼ਰ ਸਨ।

# ਯੋਗ ਦਿਵਿਆਂਗਜਨ 15 ਜੁਲਾਈ ਤੱਕ ਭਰ ਸਕਦੇ ਹਨ ਆਨਲਾਈਨ ਅਰਜੀਆਂ : ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ

**ਮੋਗਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਉਹ ਦਿਵਿਆਂਗ ਵਿਅਕਤੀ ਜਿਹਨਾਂ ਨੇ ਅਲੱਗ-ਅਲੱਗ ਖੇਤਰਾਂ ਵਿੱਚ ਕੋਈ ਵਿਸ਼ੇਸ਼ਤਾ/ਮੁਹਾਰਤ ਹਾਸਲ ਕੀਤੀ ਹੋਵੇ ਅਜਿਹੇ ਦਿਵਿਆਂਗ ਵਿਅਕਤੀਆਂ ਨੂੰ ਸਰਕਾਰ ਪਾਸੋਂ ਸਾਲ-2025 ਲਈ ਨੈਸ਼ਨਲ ਐਵਾਰਡ ਦਿੱਤਾ ਜਾਣਾ ਹੈ। ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਦਿੱਤੇ ਜਾਣ ਵਾਲੇ ਇਸ ਨੈਸ਼ਨਲ ਐਵਾਰਡ ਦੀਆਂ ਅਰਜ਼ੀਆਂ 15 ਜੁਲਾਈ, 2025 ਤੱਕ ਭਰੀਆਂ ਜਾ ਸਕਦੀਆਂ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੋਗਾ ਸ੍ਰੀਮਤੀ ਇੰਦਰਪ੍ਰੀਤ ਕੌਰ ਨੇ ਦੱਸਿਆ ਕਿ ਦਿਵਿਆਂਗਜਨ ਵਿਅਕਤੀ ਇਸ ਰਾਸ਼ਟਰੀ ਐਵਾਰਡ ਲਈ ਨਿਯਮ, ਪ੍ਰੋਫਾਰਮਾ, ਸ਼ਰਤਾਂ ਵਿਭਾਗ ਦੀ ਵੈਬਸਾਈਟwww.depwd.gov.in, www.awards.gov.in ਉੱਪਰ ਵੇਖ ਸਕਦੇ ਹਨ। ਨੈਸ਼ਨਲ ਐਵਾਰਡ ਲਈ ਯੋਗ ਉਮੀਦਵਾਰਾਂ ਦੀਆਂ ਅਰਜੀਆਂ ਕੇਵਲ ਆਨਲਾਈਨ ਵੈਬਸਾਈਟ www.awards.gov.in ਤੇ ਭਰੀਆਂ ਜਾ ਸਕਦੀਆਂ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਜ਼ਿਲ੍ਹਾ ਮੋਗਾ ਦੇ ਦਿਵਿਆਂਗਜਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਦਿਵਿਆਂਗਜਨਾਂ ਨੇ ਕਿਸੇ ਖੇਤਰ ਵਿੱਚ ਖਾਸ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਹੈ ਉਹ ਇਸ ਐਵਾਰਡ ਲਈ ਆਨਲਾਈਨ ਵਿਧੀ ਰਾਹੀਂ ਜਰੂਰ ਅਪਲਾਈ ਕਰਨ, ਤਾਂ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਨੈਸ਼ਨਲ ਐਵਾਰਡ ਫਾਰ ਦੀ ਇੰਮਪਾਵਰਮੈਂਟ ਆਫ਼ ਪਰਸਨਜ਼ ਵਿੱਦ ਡਿਸਏਬਿਲੀਟੀ 2025 ਲਈ ਵਿਚਾਰਿਆ ਜਾ ਸਕੇ।

# ਯੋਗ ਜੋੜਿਆਂ ਨੂੰ ਪਰਿਵਾਰ ਨਿਯੋਜਨ ਦੇ ਸਥਾਈ ਅਤੇ ਅਸਥਾਈ ਸਾਧਨ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇ : ਡਾਕਟਰ ਰਾਜ ਕੁਮਾਰ ਸਿਵਲ ਸਰਜਨ

**ਫਾਜ਼ਿਲਕਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਉਚੇਚੀ ਨਿਗਰਾਨੀ ਵਿੱਚ ਡਾਕਟਰ ਕਵਿਤਾ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਅਤੇ ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ ਨੇ ਪਰਿਵਾਰ ਨਿਯੋਜਨ ਪੰਦਰਵਾੜੇ ਸਬੰਧੀ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਅਤੇ ਸਰਜਨਾਂ ਦੀ ਵਿਰਚੁਅਲ ਮੀਟਿੰਗ ਕੀਤੀ ਗਈਇਸ ਸਮੇਂ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਆਪਣੇ ਸਾਰੇ ਸਟਾਫ਼ ਨੂੰ ਹਦਾਇਤ ਕੀਤੀ ਜਾਵੇ ਕਿ ਯੋਗ ਜੋੜਿਆਂ ਨੂੰ 10 ਜੁਲਾਈ ਤੱਕ ਪਰਿਵਾਰ ਨਿਯੋਜਨ ਸਬੰਧੀ ਜਾਗਰੂਕ ਕਰਕੇ ਸਥਾਈ ਅਤੇ ਅਸਥਾਈ ਸਾਧਨ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇ। ਉਹਨਾਂ ਕਿਹਾ ਕਿ ਅਸਥਾਈ ਸਾਧਨਾਂ ਜਿਵੇਂ ਪੀ.ਪੀ.ਆਈ.ਯੂ.ਸੀ.ਡੀ. ਕਨਵੈਂਸ਼ਨਲ ਕਨਟਰਾਸੇਪਟਿਵ, ਕਾਪਰਟੀ, ਟੀਕਾ ਅੰਤਰਾ ਅਤੇ ਟੇਬਲੇਟ ਛਾਇਆ ਬਾਰੇ ਜਾਣਕਾਰੀ ਸਾਂਝੀ ਕੀਤੀ। ਸਿਹਤ ਸੰਸਥਾਵਾਂ ਵਿੱਚ ਪਰਿਵਾਰ ਨਿਯੋਜਨ ਦੇ ਅਸਥਾਈ ਸਾਧਨਾਂ ਦੇ ਕਾਰਨਰ ਵੀ ਲਗਾਏ ਗਏ ਇਸ ਤੋਂ ਇਲਾਵਾ ਉਹਨਾਂ ਵੱਲੋਂ ਮਿਤੀ 11 ਤੋਂ 25 ਜੁਲਾਈ ਤੱਕ ਸਿਹਤ ਸੰਸਥਾਵਾਂ ਵਿੱਚ ਲੱਗਣ ਵਾਲੇ ਕੈਂਪਾਂ ਸਬੰਧੀ ਮਾਈਕ੍ਰੋਪਲਾਨ ਭੇਜਣ ਲਈ ਹਦਾਇਤਾਂ ਕੀਤੀਆਂ ਗਈਆਂ।



ਇਸ ਸਮੇਂ ਮਾਸ ਮੀਡੀਆ ਵਿੰਗ ਤੋ ਵਿਨੋਦ ਖੁਰਾਣਾ ਜ਼ਿਲ੍ਹਾ ਮਾਸ ਮੀਡਿਆ ਅਫ਼ਸਰ ਹਾਜ਼ਰ ਸਨ।

# ਫਿਲੌਰ ਨੇੜੇ ਮਾਰਬਲ ਤੇ ਟਾਈਲਾਂ ਨਾਲ ਲੱਦੀ ਪਿਕਅੱਪ ਵੈਨ ਪਲਟੀ, ਤਿੰਨ ਮੌਤਾਂ

**ਫਗਵਾੜਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਮਾਰਬਲ ਤੇ ਟਾਈਲਾਂ ਨਾਲ ਲੱਦੀ ਪਿਕਅੱਪ ਵੈਨ ਦੇ ਅੱਜ ਸਵੇਰੇ ਫਿਲੌਰ ਹਾਈਵੇਅ ’ਤੇ ਸ਼ਹਿਨਾਈ ਰਿਜ਼ੌਰਟ ਨੇੜੇ ਪਲਟਣ ਕਰਕੇ ਤਿੰਨ ਜਣਿਆਂ ਦੀ ਮੌਤ ਹੋ ਗਈ ਜਦੋਂਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ।

ਹਾਦਸਾ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਵਾਪਰਿਆ। ਤੇਜ਼ ਰਫ਼ਤਾਰ ਪਿਕਅੱਪ ਟਰੱਕ ਬੇਕਾਬੂ ਹੋ ਕੇ ਸੜਕ ’ਤੇ ਟੋਏ ਨਾਲ ਟਕਰਾਉਣ ਮਗਰੋਂ ਪਲਟ ਗਿਆ।

ਪੰਜਾਬ ਪੁਲੀਸ ਦੀ ਸੜਕ ਸੁਰੱਖਿਆ ਫੋਰਸ ਮੁਤਾਬਕ ਹਾਦਸੇ ਮੌਕੇ ਪਿਕਅੱਪ ਵੈਨ ਵਿਚ ਛੇ ਵਿਅਕਤੀ ਸਵਾਰ ਸਨ। ਇਨ੍ਹਾਂ ਵਿਚੋਂ ਕੁਝ ਲੇਬਰ ਦੇ ਬੰਦੇ ਵਾਹਨ ਦੀ ਛੱਤ ’ਤੇ ਬੈਠੇ ਸਨ। ਹਾਦਸਾ ਇੰਨਾ ਭਿਆਨਕ ਸੀ ਕਿ ਵੈਨ ਵਿਚ ਲੱਦਿਆ ਭਾਰੀ ਮਾਰਬਲ ਤੇ ਟਾਈਲਾਂ ਛੱਤ ’ਤੇ ਬੈਠੇ ਲੇਬਰ ਦੇ ਬੰਦਿਆਂ ’ਤੇ ਜਾ ਡਿੱਗਿਆ, ਜਿਸ ਕਰਕੇ ਉਨ੍ਹਾਂ ਦੇ ਗੰਭੀਰ ਸੱਟਾਂ ਲੱਗੀਆਂ।

ਦੋ ਜਣਿਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦੋਂਕਿ ਤੀਜੇ ਨੇ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਦਿੱਤਾ। ਮੌਕੇ ’ਤੇ ਸਭ ਤੋਂ ਪਹਿਲਾਂ ਪੁੱਜੀ ਐੱਸਐੱਸਐੱਫ ਦੀ ਟੀਮ ਨੇ ਤਿੰਨ ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਦਾਖ਼ਲ ਕਰਵਾਇਆ। ਚੌਥੇ ਜ਼ਖ਼ਮੀ ਨੂੰ 108 ਐਮਰਜੈਂਸੀ ਐਂਬੂਲੈਂਸ ’ਤੇ ਲਿਜਾਇਆ ਗਿਆ, ਪਰ ਮਗਰੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੁਣ ਤੱਕ ਕਿਸੇ ਵੀ ਪੀੜਤ ਦੀ ਪਛਾਣ ਨਹੀਂ ਹੋਈ।

ਹਾਦਸੇ ਵਿਚ ਵਾਲ ਵਾਲ ਬਚੇ ਵਾਹਨ ਦੇ ਡਰਾਈਵਰ ਨੇ ਦੱਸਿਆ ਕਿ ਰਿਜ਼ੌਰਟ ਨੇੜੇ ਅਚਾਨਕ ਸਪੀਡ ਬ੍ਰੇਕਰ ਆਉਣ ਕਰਕੇ ਟਰੱਕ ਬੇਕਾਬੂ ਹੋ ਗਿਆ।

ਉਸ ਨੇ ਪੁਸ਼ਟੀ ਕੀਤੀ ਕਿ ਪਿਕਅੱਪ ਵੈਨ ’ਤੇ ਸੱਤ ਵਿਅਕਤੀ ਸਵਾਰ ਸਨ। ਫਿਲੌਰ ਪੁਲੀਸ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਵਿੱਢ ਦਿੱਤੀ ਹੈ।

ਉਂਝ ਮੁੱਢਲੀ ਤਫ਼ਤੀਸ਼ ਵਿਚ ਹਾਦਸੇ ਦਾ ਕਾਰਨ ਵਾਹਨ ਵਿਚ ਸਮਰੱਥਾ ਨਾਲੋਂ ਵੱਧ ਭਾਰ ਲੱਦਣ ਤੇ ਤੇਜ਼ ਰਫ਼ਤਾਰ ਨੂੰ ਮੰਨਿਆ ਜਾ ਰਿਹਾ ਹੈ।

# ਨਸ਼ਾ ਮੁਕਤੀ ਕੇਂਦਰ ਰੂਪਨਗਰ ਵਿਖੇ ਹੁਨਰ ਸਿਖਲਾਈ ਪੂਰੀ ਕਰ ਚੁੱਕੇ ਨਸ਼ਾ ਪੀੜ੍ਹਤਾਂ ਨੂੰ ਟਰੇਨਿੰਗ ਸਰਟੀਫਿਕੇਟ ਵੰਡੇ



**ਰੂਪਨਗਰ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਵਾਲੀਆ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਰੂਪਨਗਰ ਵਿਖੇ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਟਰੇਨਿੰਗ ਵਿਭਾਗ ਅਤੇ ਪੰਜਾਬ ਹੁਨਰ ਵਿਕਾਸ ਮਿਸ਼ਨ ਰੂਪਨਗਰ ਵੱਲੋਂ ਟ ?ਰੇਨਿੰਗ ਪੂਰੀ ਕਰਨ ਵਾਲੇ ਦਾਖਲ ਨਸ਼ਾ ਪੀੜਤਾਂ ਨੂੰ ਟਰੇਨਿੰਗ ਸਰਟੀਫਿਕੇਟ ਵੰਡੇ ਗਏ।

ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਡਿਪਟੀ ਮੈਡੀਕਲ ਕਮਿਸ਼ਨਰ ਡਾ. ਓਪਿੰਦਰ ਸਿੰਘ ਨੇ ਇਨ੍ਹਾਂ ਦਾਖਲ ਨਸ਼ਾ ਪੀੜਤਾਂ ਨੂੰ ਸਰਟੀਫਿਕੇਟ ਵੰਡਦਿਆਂ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਰੂਪਨਗਰ ਦੇ ਸਹਿਯੋਗ ਨਾਲ ਮਧੂ ਮੱਖੀ ਪਾਲਣ ਅਤੇ ਖੁੰਭਾਂ ਦੀ ਖੇਤੀ ਦੀ ਹੁਨਰ ਸਿਖਲਾਈ ਦਿੱਤੀ ਗਈ ਸੀ ਤਾਂ ਜੋ ਇਹ ਨਸ਼ਾ ਛੱਡਣ ਤੋ ਬਾਅਦ ਆਪਣਾ ਸਵੈ-ਰੋਜ਼ਗਾਰ ਸਥਾਪਿਤ ਕਰ ਸਕਣ।

ਡਿਪਟੀ ਮੈਡੀਕਲ ਕਮਿਸ਼ਨਰ ਰੂਪਨਗਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਏ “ਯੁੱਧ ਨਸ਼ਿਆਂ ਵਿਰੁੱਧ”ਦਾ ਮਕਸਦ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਇਸ ਮੁਹਿੰਮ ਦੇ ਤਹਿਤ ਸਰਕਾਰ ਦੁਆਰਾ ਵੱਖ-ਵੱਖ ਗਤੀਵਿਧੀਆਂ ਕੀਤੀਆ ਜਾ ਰਹੀਆਂ ਹਨ, ਜਿਸ ਵਿਚ ਨਸ਼ਾ ਪੀੜਤਾਂ ਨੂੰ ਹੁਨਰ ਸਿਖਲਾਈ ਮੁਹੱਈਆ ਕਰਵਾ ਕੇ ਰੋਜ਼ਗਾਰ ਦੇ ਕਾਬਲ ਬਣਾਇਆ ਜਾਣਾ ਵੀ ਸਰਕਾਰ ਦਾ ਉਦੇਸ਼ ਹੈ ਤਾਂ ਜੋ ਨਸ਼ੇ ਨਾਲ ਪੀੜਤ ਨੌਜਵਾਨ ਰੋਜ਼ਗਾਰ ਸ਼ੁਰੂ ਕਰਕੇ ਨਸ਼ੇ ਦੀ ਲਤ ਤੋਂ ਛੁਟਕਾਰਾ ਪਾ ਸਕਣ।ਡਾ. ਓਪਿੰਦਰ ਸਿੰਘ ਵੱਲੋਂ ਸਰਟੀਫਿਕੇਟ ਲੈਣ ਵਾਲਿਆ ਨੂੰ ਅਪੀਲ ਕੀਤੀ ਗਈ ਕਿ ਪ੍ਰਾਪਤ ਕੀਤੀ ਗਈ ਟਰੇਨਿੰਗ ਨੂੰ ਭਵਿੱਖ ਵਿਚ ਆਪਣੀ ਰੋਜੀ ਰੋਟੀ ਦਾ ਸਾਧਨ ਬਣਾਉਣ ਅਤੇ ਨਸ਼ਿਆਂ ਵਰਗੀ ਬਿਮਾਰੀ ਤੋਂ ਦੂਰ ਰਹਿਣ।

ਇਸ ਮੌਕੇ ਤੇ ਕਾਉਂਸਲਰ ਪ੍ਰਭਜੋਤ ਕੌਰ, ਬਲਾਕ ਮਿਸ਼ਨ ਮੈਨੇਜਰ ਗੁਰਪ੍ਰੀਤ ਸਿੰਘ, ਨਿਕੀਤਾ ਸਿੰਘ, ਡਾ. ਸੰਜੀਵ ਕੁਮਾਰ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਚੇਅਰਮੈਨ ਮਾਨਿਕ ਮਹਿਤਾ ਨੇ ਥਰੈਸ਼ਰ ਹਾਦਸੇ ਦੇ ਪੀੜਤ ਕਿਸਾਨ ਨੂੰ 60,000 ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ

**ਬਟਾਲਾ, 11 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੱਲਪੁਰੀਆਂ ਦੇ ਕਿਸਾਨ ਲਖਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਜਿਸਦਾ ਥਰੈਸ਼ਰ ਹਾਦਸੇ ਦੌਰਾਨ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਹੱਥ ਕੱਟਿਆ ਗਿਆ ਸੀ, ਅੱਜ ਉਸ ਕਿਸਾਨ ਨੂੰ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਨਿਕ ਮਹਿਤਾ ਵਲੋਂ 60,000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਮੌਕੇ ਪਰਮਜੀਤ ਸਿੰਘ ਪੰਮਾ, ਮਨਬੀਰ ਸਿੰਘ ਰੰਧਾਵਾ, ਅਮਿਤ ਸੋਢੀ, ਸੰਧੂ ਭੱਟੀ, ਹੈਪੀ ਖੋਸਲਾ ਅਤੇ ਹਰਮਨ ਆਦਿ ਹਾਜ਼ਰ ਸਨ।

ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਕਿਸਾਨ ਲਖਵਿੰਦਰ ਸਿੰਘ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ ਅਤੇ ਉਨਾਂ ਕਿਸਾਨ ਨੂੰ ਭਰੋਸਾ ਦਿੱਤਾ ਕਿ ਉਹ ਉਨਾਂ ਦੇ ਦੁੱਖ ਨੂੰ ਮਹਿਸੂਸ ਕਰਦੇ ਹਨ ਅਤੇ ਉਨਾਂ ਦੀ ਹਰ ਸੰਭਵ ਸਹਾਇਤਾ ਲਈ ਉਨਾਂ ਦੇ ਨਾਲ ਖੜ੍ਹੇ ਹਨ।



ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ, ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਵਲੋਂ ਕਿਸਾਨਾਂ ਦੇ ਭਲਾਈ ਲਈ ਵੱਖ-ਵੱਖ ਨੀਤੀਆਂ ਲਾਗੂ ਕਰਨ ਤੋਂ ਇਲਾਵਾ ਉਨਾਂ ਦੀ ਔਖੇ ਸਮੇਂ ਵਿੱਚ ਆਰਥਿਕ ਮਦਦ ਕਰਨ ਲਈ ਵੀ ਯਤਨਸ਼ੀਲ ਰਹਿੰਦੀ ਹੈ। ਇਸ ਮੌਕੇ ਕਿਸਾਨ ਲਖਵਿੰਦਰ ਸਿੰਘ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿ ਇਸ ਔਖੀ ਘੜੀ ਵਿੱਚ ਉਨਾਂ ਵਲੋਂ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ , ਜਿਸ ਲਈ ਉਨਾਂ ਦੇ ਰਿਣੀ ਹਨ।

# ਸੁਖਬੀਰ ਬਾਦਲ ਮਾਮਲੇ ’ਚ ਦੋ ਤਖ਼ਤਾਂ ਵਿਚਾਲੇ ਸੰਕਟ ਵਧਿਆ

**ਅੰਮ੍ਰਿਤਸਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਪੰਥ ਮੌਜੂਦਾ ਸਮੇਂ ਵਿਚ ਇੱਕ ਨਵੇਂ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਬਿਹਾਰ ਸਥਿਤ ਤਖ਼ਤ ਸ੍ਰੀ ਪਟਨਾ ਸਾਹਿਬ ਨੇ ਸ਼ਨਿਚਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੂੰ ਤਖ਼ਤ ਸਾਹਮਣੇ ਪੇਸ਼ ਨਾ ਹੋਣ ਅਤੇ ਨਿਰਦੇਸ਼ਾਂ ਨੂੰ ਨਜ਼ਰਅੰਦਾਜ਼ ਕਰਨ ਲਈ ‘ਤਨਖ਼ਾਹੀਆ’ ਐਲਾਨ ਦਿੱਤਾ। ਦੂਜੇ ਪਾਸੇ ਉਸੇ ਸ਼ਾਮ ਸਿੱਖ ਪੰਥ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰਾਂ ਵੱਲੋਂ ਦਿੱਤੇ ਹੁਕਮਾਂ ਨੂੰ ਰੱਦ ਕਰ ਦਿੱਤਾ।

**ਤਖ਼ਤ ਪਟਨਾ ਸਾਹਿਬ ਨੇ ਸੁਖਬੀਰ ਨੂੰ ‘ਤਨਖ਼ਾਹੀਆ’ ਕਿਉਂ ਐਲਾਨਿਆ ?**

ਸੁਖਬੀਰ ਬਾਦਲ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰਾਂ ਵੱਲੋਂ ਵਾਰ-ਵਾਰ ਭੇਜੇ ਸੰਮਨਾਂ ਨੂੰ ਨਜ਼ਰਅੰਦਾਜ਼ ਕਰਨ ਲਈ ‘ਤਨਖ਼ਾਹੀਆ’ ਐਲਾਨਿਆ ਗਿਆ ਹੈ। ਜਥੇਦਾਰਾਂ ਨੇ ਸੁਖਬੀਰ ’ਤੇ ਪੰਥ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਨੂੰ ਦੋਸ਼ਾਂ ਦਾ ਜਵਾਬ ਦੇਣ ਲਈ 21 ਮਈ 2025 ਨੂੰ ਤਲਬ ਕੀਤਾ ਗਿਆ ਸੀ। ਪਰ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਬੇਨਤੀ ’ਤੇ 20 ਦਿਨਾਂ ਦੀ ਵਾਧੂ ਮੋਹਲਤ ਸਮੇਤ ਤਿੰਨ ਮੌਕੇ ਦੇਣ ਦੇ ਬਾਵਜੂਦ, ਸੁਖਬੀਰ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋਣ ਵਿੱਚ ਅਸਫਲ ਰਹੇ। ਪਟਨਾ ਤੋਂ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਬਾਦਲ ਦੀ ਗੈਰ-ਹਾਜ਼ਰੀ ਨੇ ਉਨ੍ਹਾਂ ਦੀਆਂ ਕਾਰਵਾਈਆਂ ਵਿੱਚ ਸ਼ਮੂਲੀਅਤ ਦੀ ਪੁਸ਼ਟੀ ਕੀਤੀ ਜੋ ਤਖ਼ਤ ਦੇ ਅਧਿਕਾਰ ਨੂੰ ਚੁਣੌਤੀ ਦਿੰਦੇ ਹਨ ਅਤੇ ਇਸਦੇ ਸੰਵਿਧਾਨ ਅਤੇ ਨਿਯਮਾਂ ਦੀ ਉਲੰਘਣਾ ਕਰਦੇ ਹਨ।

**ਅਕਾਲ ਤਖ਼ਤ ਦਾ ਤਖ਼ਤ ਪਟਨਾ ਸਾਹਿਬ ਦੇ ਹੁਕਮਾਂ ’ਤੇ ਕੀ ਪ੍ਰਤੀਕਰਮ ?**

ਅਕਾਲ ਤਖ਼ਤ ਨੇ ਇਸ ਘੋਸ਼ਣਾ ਨੂੰ ਰੱਦ ਕਰ ਦਿੱਤਾ ਹੈ ਅਤੇ ਇਸ ਦੀ ਬਜਾਏ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਿੱਚੋਂ ਤਿੰਨ ਨੂੰ ‘ਤਨਖ਼ਾਹੀਆ’ ਐਲਾਨ ਦਿੱਤਾ ਹੈ ਅਤੇ ਉਨ੍ਹਾਂ ਨੂੰ 15 ਦਿਨਾਂ ਦੇ ਅੰਦਰ ਆਪਣੀ ਸਥਿਤੀ ਸਪੱਸ਼ਟ ਕਰਨ ਦਾ ਨਿਰਦੇਸ਼ ਦਿੱਤਾ ਹੈ।

ਇਹ ਫੈਸਲਾ ਅਕਾਲ ਤਖ਼ਤ ਵਿਖੇ ਕਾਰਜਕਾਰੀ ਜਥੇਦਾਰ ਦੀ ਅਗਵਾਈ ’ਚ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ ਜਿਸ ਵਿੱਚ ਇੱਕ ਮਤਾ ਪਾਸ ਕੀਤਾ ਗਿਆ ਕਿ ਸਾਰੇ ਤਖ਼ਤ ਦੁਨੀਆ ਭਰ ਦੇ ਸਿੱਖਾਂ ਦੁਆਰਾ ਪਵਿੱਤਰ ਅਤੇ ਸਤਿਕਾਰਤ ਹਨ, ਪਰ ਗੁਰਮਤਿ ਪਰੰਪਰਾ ਅਕਾਲ ਤਖ਼ਤ ਨੂੰ ਪੰਥਕ ਮਾਮਲਿਆਂ ’ਤੇ ਅੰਤਿਮ ਤੌਰ ’ਤੇ ਅਧਿਕਾਰਤ ਮੰਨਦੀ ਹੈ।

ਅਕਾਲ ਤਖ਼ਤ ਨੇ ਤਖ਼ਤ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਭਾਈ ਗੁਰਦਿਆਲ ਸਿੰਘ ਨੂੰ ਵੀ ਕਥਿਤ ਤੌਰ ’ਤੇ ਫੁੱਟ ਪਾਉਣ ਅਤੇ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ ਲਈ ‘ਤਨਖ਼ਾਹੀਆ’ ਐਲਾਨਿਆ ਹੈ। ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਦੋ ਮੈਂਬਰਾਂ ਹਰਪਾਲ ਸਿੰਘ ਜੌਹਲ ਅਤੇ ਡਾ. ਗੁਰਮੀਤ ਸਿੰਘ ਨੂੰ ਵੀ ਕਥਿਤ ਤੌਰ ’ਤੇ ਮੀਡੀਆ ਮੁਹਿੰਮਾਂ ਅਤੇ ਸਾਜ਼ਿਸ਼ਾਂ ਵਿੱਚ ਸ਼ਾਮਲ ਹੋਣ ਲਈ ‘ਤਨਖ਼ਾਹੀਆ’ ਐਲਾਨਿਆ ਗਿਆ ਹੈ, ਜੋ ਅਕਾਲ ਤਖ਼ਤ ਦੀ ਪਵਿੱਤਰਤਾ ਨੂੰ ਚੁਣੌਤੀ ਦਿੰਦੇ ਹਨ। ਉਨ੍ਹਾਂ ਨੂੰ ਤਖ਼ਤ ਸਾਹਮਣੇ ਪੇਸ਼ ਹੋ ਕੇ ਮੁਆਫੀ ਮੰਗਣ ਦਾ ਨਿਰਦੇਸ਼ ਦਿੱਤਾ ਗਿਆ ਹੈ।




ਇਸ ਤੋਂ ਇਲਾਵਾ ਅਕਾਲ ਤਖ਼ਤ ਨੇ ਤਖ਼ਤ ਪਟਨਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ (ਜਿਸ ਵਿੱਚ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਜੂਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਜਨਰਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ ਅਤੇ ਮੈਂਬਰ ਗੋਬਿੰਦ ਸਿੰਘ ਲੌਂਗੋਵਾਲ, ਰਾਜਾ ਸਿੰਘ ਅਤੇ ਮਹਿੰਦਰਪਾਲ ਸਿੰਘ ਸ਼ਾਮਲ ਹਨ) ਨੂੰ 15 ਦਿਨਾਂ ਦੇ ਅੰਦਰ ਆਪਣਾ ਪੱਖ ਪੇਸ਼ ਕਰਨ ਲਈ ਤਲਬ ਕੀਤਾ ਹੈ। ਪਾਲਣਾ ਨਾ ਕਰਨ ਦੀ ਸੂਰਤ ਵਿੱਚ ਪੰਥਕ ਪਰੰਪਰਾਵਾਂ ਅਨੁਸਾਰ ਸਖ਼ਤ ਕਾਰਵਾਈ ਕੀਤੇ ਜਾਣ ਬਾਰੇ ਕਿਹਾ ਗਿਆ ਹੈ।

**ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੁਕਮਾਂ ’ਤੇ ਐੱਸਜੀਪੀਸੀ ਦੀ ਸਥਿਤੀ ?**

ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਨ੍ਹਾਂ ਹੁਕਮਾਂ ਨੂੰ ਰੱਦ ਕਰਦਿਆਂ ਇਸ ਨੂੰ ਬਿਹਾਰ ਸਥਿਤ ਤਖ਼ਤ ਦੇ ਅਧਿਕਾਰ ਖੇਤਰ ਤੋਂ ਬਾਹਰ ਕਰਾਰ ਦਿੱਤਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਅਜਿਹੀਆਂ ਕਾਰਵਾਈਆਂ ਸਿੱਖ ਸੰਸਥਾਵਾਂ ਵਿੱਚ ਵੰਡ ਨੂੰ ਡੂੰਘਾ ਕਰ ਸਕਦੀਆਂ ਹਨ ਅਤੇ ਜ਼ੋਰ ਦਿੱਤਾ ਕਿ ਪੰਥਕ ਮਾਮਲਿਆਂ ਨੂੰ ਸਿੱਖਾਂ ਦੇ ਸਰਬਉੱਚ ਸਥਾਨ ਅਕਾਲ ਤਖ਼ਤ ਦੇ ਅਧਿਕਾਰ ਹੇਠ ਨਿਬੇੜਿਆ ਜਾਣਾ ਚਾਹੀਦਾ ਹੈ। ਧਾਮੀ ਨੇ ਇੱਕਪਾਸੜ ਐਲਾਨਾਂ ਦੀ ਬਜਾਏ ਮੁੱਦੇ ਨੂੰ ਸੁਲਝਾਉਣ ਲਈ ਗੱਲਬਾਤ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।

**ਇਸ ਟਕਰਾਅ ਦਾ ਪਿਛੋਕੜ ਕੀ ਹੈ ?**

ਤਖ਼ਤ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਵਿਚਕਾਰ ਕਈ ਸਾਲਾਂ ਤੋਂ ਤਣਾਅ ਚੱਲ ਰਿਹਾ ਹੈ। ਦਸੰਬਰ 2022 ਵਿੱਚ ਅਕਾਲ ਤਖ਼ਤ ਨੇ ਪਟਨਾ ਸਾਹਿਬ ਦੇ ਪ੍ਰਬੰਧਕਾਂ ਭਾਈ ਬਲਦੇਵ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਨੂੰ ਕਥਿਤ ਤੌਰ ’ਤੇ ਅਕਾਲ ਤਖ਼ਤ ਦੇ ਅਧਿਕਾਰ ਨੂੰ ਚੁਣੌਤੀ ਦੇਣ ਲਈ ਅਨੁਸ਼ਾਸਿਤ ਹੋਣ ਦਾ ਨਿਰਦੇਸ਼ ਦਿੱਤਾ ਸੀ। ਇਹ ਨਿਰਦੇਸ਼ ਕਦੇ ਵੀ ਲਾਗੂ ਨਹੀਂ ਕੀਤੇ ਗਏ। ਅਕਾਲ ਤਖ਼ਤ ਸਕੱਤਰੇਤ ਨੇ ਪਟਨਾ ਸਾਹਿਬ ਦੇ ਕੁਝ ਗ੍ਰੰਥੀਆਂ ਦੇ ਆਚਰਣ ਬਾਰੇ ਵੀ ਚਿੰਤਾ ਜ਼ਾਹਿਰ ਕੀਤੀ ਸੀ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਨਿੱਜੀ ਆਦਤਾਂ ਨਾਲ ਸਬੰਧਤ ਗੁਰਮਤਿ ਵਿਰੋਧੀ ਵਿਵਹਾਰ ਦੀਆਂ ਸ਼ਿਕਾਇਤਾਂ ਦਾ ਹਵਾਲਾ ਦਿੱਤਾ ਗਿਆ ਸੀ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸੁਖਬੀਰ ਨੂੰ ਤਨਖ਼ਾਹੀਆ ਐਲਾਨਿਆ ਗਿਆ ਹੈ। 30 ਅਗਸਤ 2024 ਨੂੰ ਸ੍ਰੀ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਪ੍ਰਧਾਨ ਵਜੋਂ ਆਪਣੇ ਕਾਰਜਕਾਲ ਦੌਰਾਨ ਲਏ ਗਏ ਵਿਵਾਦਪੂਰਨ ਫੈਸਲਿਆਂ ਲਈ ਸੁਖਬੀਰ ਬਾਦਲ ਵਿਰੁੱਧ ਅਜਿਹੇ ਹੀ ਹੁਕਮ ਜਾਰੀ ਕੀਤੇ ਗਏ ਸਨ। ਸੁਖਬੀਰ ਨੇ ਹਰਿਮੰਦਰ ਸਾਹਿਬ ਵਿਖੇ ‘ਸੇਵਾਦਾਰ’ ਵਜੋਂ ਸੇਵਾ ਕਰਕੇ ਧਾਰਮਿਕ ਸਜ਼ਾ ਭੁਗਤੀ, ਜਿਸ ਦੌਰਾਨ ਉਹ ਖਾਲਿਸਤਾਨੀ ਵੱਖਵਾਦੀ ਨਰਾਇਣ ਸਿੰਘ ਚੌੜਾ ਵੱਲੋਂ ਕੀਤੇ ਹਮਲੇ ਵਿਚ ਵਾਲ ਵਾਲ ਬਚੇ ਸਨ।

**ਸੁਖਬੀਰ ਕੋਲ ਕੀ ਵਿਕਲਪ ਹਨ ?**

ਸ਼ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੁਹਰਾਇਆ ਕਿ ਧਾਰਮਿਕ ਮਾਮਲਿਆਂ ਵਿੱਚ ਅਕਾਲ ਤਖ਼ਤ ਦਾ ਅਧਿਕਾਰ ਸਰਬਉੱਚ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਅਕਾਲ ਤਖ਼ਤ ਦੇ ਫੈਸਲੇ ਦੀ ਪਾਲਣਾ ਕਰਨਗੇ, ਨਾ ਕਿ ਤਖ਼ਤ ਪਟਨਾ ਸਾਹਿਬ ਦੇ ਫੈਸਲੇ ਦੀ। ਚੀਮਾ ਨੇ ਇਹ ਵੀ ਦੱਸਿਆ ਕਿ ਪਟਨਾ ਸਾਹਿਬ ਤੋਂ 21 ਮਈ ਦੇ ਹੁਕਮਾਂ ਵਿੱਚ ਤਿੰਨ ਹੋਰ ਜਥੇਦਾਰਾਂ ਗਿਆਨੀ ਕੁਲਦੀਪ ਸਿੰਘ ਗੜਗੱਜ, ਬਾਬਾ ਟੇਕ ਸਿੰਘ ਅਤੇ ਹੋਰਾਂ ਨੂੰ ‘ਤਨਖ਼ਾਹੀਆ’ ਐਲਾਨਿਆ ਗਿਆ ਸੀ, ਪਰ ਇਸ ਨੂੰ ਲਾਗੂ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਇਸ ਦੀ ਵਾਜਬੀਅਤ ਬਾਰੇ ਸਵਾਲ ਖੜ੍ਹੇ ਹੁੰਦੇ ਹਨ।

ਐੱਸਜੀਪੀਸੀ ਮੈਂਬਰ ਕਿਰਨਜੋਤ ਕੌਰ ਨੇ ਸੰਮਨਾਂ ਦੀ ਯੋਗਤਾ ’ਤੇ ਸਵਾਲ ਕੀਤੇ ਬਿਨਾਂ ਕਿਹਾ ਕਿ ਸੁਖਬੀਰ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਤਖ਼ਤ ਸਾਹਮਣੇ ਪੇਸ਼ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸੰਸਥਾ ਦੀ ਮਰਿਆਦਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਜੇ ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਤਲਬ ਕੀਤਾ ਜਾ ਰਿਹਾ ਹੈ ਤਾਂ ਦ੍ਰਿੜ੍ਹਤਾ ਨਾਲ ਬੋਲਣਾ ਚਾਹੀਦਾ ਹੈ।

**ਕੀ ਅਕਾਲ ਤਖ਼ਤ ਇਸ ਮਾਮਲੇ ਵਿੱਚ ਦਖਲ ਦੇ ਸਕਦਾ ਹੈ ?**

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸੰਵਿਧਾਨ ਅਤੇ ਉਪ-ਨਿਯਮਾਂ ਦੀ ਧਾਰਾ 79 ਦੇ ਅਨੁਸਾਰ ਅਕਾਲ ਤਖ਼ਤ ਦਾ ਧਾਰਮਿਕ ਮਾਮਲਿਆਂ ’ਤੇ ਅੰਤਿਮ ਅਧਿਕਾਰ ਹੈ, ਕਿਉਂਕਿ ਇਹ ਸਿੱਖਾਂ ਦਾ ਸਰਬਉੱਚ ਸਥਾਨ ਹੈ।

ਇਸ ਦੇ ਫੈਸਲੇ ਸਾਰੇ ਤਖ਼ਤਾਂ ’ਤੇ ਲਾਗੂ ਹੁੰਦੇ ਹਨ। ਇਸ ਕੋਲ ਅਜਿਹੇ ਵਿਵਾਦਾਂ ਦਾ ਨਿਪਟਾਰਾ ਕਰਨ ਦੀ ਸ਼ਕਤੀ ਹੈ ਅਤੇ ਇਹ ਮੌਜੂਦਾ ਟਕਰਾਅ ਨੂੰ ਸੁਲਝਾਉਣ ਲਈ ਦਖਲ ਦੇ ਸਕਦਾ ਹੈ।

# ਸ਼ਾਹਕੋਟ ਪੁਲੀਸ ਥਾਣੇ ਦੇ ਕਮਰੇ ’ਚੋਂ ਕਬੱਡੀ ਖਿਡਾਰੀ ਦੀ ਗਲੀ-ਸੜੀ ਲਾਸ਼ ਬਰਾਮਦ

**ਫਗਵਾੜਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹਕੋਟ ਪੁਲੀਸ ਥਾਣੇ ਦੇ ਇੱਕ ਕਮਰੇ ਵਿੱਚੋਂ ਨੌਜਵਾਨ ਦੀ ਗਲੀ ਸੜੀ ਲਾਸ਼ ਮਿਲਣ ਤੋਂ ਬਾਅਦ ਉੱਥੇ ਹੜਕੰਪ ਮਚ ਗਿਆ। ਥਾਣੇ ਦੇ ਅੰਦਰ ਇੱਕ ਅਣਵਰਤੇ ਪਹਿਲੀ ਮੰਜ਼ਿਲ ਦੇ ਕਮਰੇ ਵਿੱਚੋਂ ਇੱਕ ਨੌਜਵਾਨ ਦੀ ਗਲੀ-ਸੜੀ ਲਾਸ਼ ਮਿਲੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ 26 ਸਾਲਾ ਗੁਰਭੇਜ ਸਿੰਘ ਉਰਫ਼ ਭੇਜਾ ਵਾਸੀ ਬਾਜਵਾ ਕਲਾਂ ਵਜੋਂ ਹੋਈ ਹੈ। ਗੁਰਭੇਜ ਇੱਕ ਸਾਬਕਾ ਕਬੱਡੀ ਖਿਡਾਰੀ ਸੀ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਆਰਜ਼ੀ ਤੌਰ ’ਤੇ ਉਥੇ ਚਾਹ ਆਦਿ ਬਣਾਉਣ ਦਾ ਕੰਮ ਕਰਦਾ ਸੀ।

ਪਰਿਵਾਰਕ ਮੈਂਬਰਾਂ ਅਨੁਸਾਰ ਗੁਰਭੇਜ ਰੋਜ਼ਾਨਾ ਵਾਂਗ ਸ਼ੁੱਕਰਵਾਰ ਨੂੰ ਪੁਲੀਸ ਸਟੇਸ਼ਨ ਆਪਣੇ ਕੰਮ ਲਈ ਗਿਆ ਸੀ, ਪਰ ਉਸ ਸ਼ਾਮ ਘਰ ਵਾਪਸ ਨਹੀਂ ਪਰਤਿਆ। ਪਰਿਵਾਰ ਵੱਲੋਂ ਉਸ ਦੀ ਭਾਲ ਕੀਤੇ ਜਾਣ ਦੇ ਬਾਵਜੂਦ ਅਗਲੇ ਤਿੰਨ ਦਿਨਾਂ ਤੱਕ ਕੋਈ ਸੁਰਾਗ ਨਹੀਂ ਮਿਲਿਆ। ਕਥਿਤ ਤੌਰ ’ਤੇ ਮ੍ਰਿਤਕ ਸ਼ਾਹਕੋਟ ਥਾਣੇ ਵਿੱਚ ਤਾਇਨਾਤ ਪੁਲੀਸ ਮੁਲਾਜ਼ਮਾਂ ਨੂੰ ਦੱਸ ਕੇ ਪਿੰਡ ਦੇ ਮੇਲੇ ਵਿੱਚ ਗਿਆ ਸੀ।

ਥਾਣੇ ਵਿੱਚ ਬਦਬੂ ਫੈਲਣ ਤੋਂ ਬਾਅਦ ਜਾਂਚ ਕਰਨ ’ਤੇ ਪੁਲੀਸ ਅਧਿਕਾਰੀਆਂ ਨੇ ਥਾਣੇ ਦੀ ਛੱਤ ’ਤੇ ਇੱਕ ਕਮਰੇ ਵਿੱਚ ਗੁਰਭੇਜ ਦੀ ਬੁਰੀ ਤਰ੍ਹਾਂ ਗਲੀ-ਸੜੀ ਲਾਸ਼ ਬਰਾਮਦ ਕੀਤੀ। ਲਾਸ਼ ਦੀ ਹਾਲਤ ਤੋਂ ਬਾਅਦ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਉਸ ਦੀ ਮੌਤ ਲਗਭਗ ਤਿੰਨ ਦਿਨ ਪਹਿਲਾਂ ਹੋਈ ਸੀ।

ਡੀਐੱਸਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਅੰਤਿਮ ਸੰਸਕਾਰ ਲਈ ਪਰਿਵਾਰ ਹਵਾਲੇ ਕਰ ਦਿੱਤਾ ਗਿਆ। ਡੀਆਈਜੀ ਜਲੰਧਰ ਨਵੀਨ ਸਿੰਗਲਾ ਨੇ ਮੌਤ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮੁੱਢਲੇ ਜਾਂਚ ਤੋਂ ਅੰਦਾਜ਼ਾ ਲਾਇਆ ਗਿਆ ਹੈ ਕਿ ਗੁਰਭੇਜ ਦੀ ਮੌਤ ਕਿਸੇ ਜ਼ਹਿਰੀਲੇ ਕੀੜੇ ਜਾਂ ਜਾਨਵਰ ਦੇ ਕੱਟਣ ਕਾਰਨ ਹੋਈ ਹੋ ਸਕਦੀ ਹੈ। ਡੀਆਈਜੀ ਨੇ ਕਿਹਾ, “ਜਿੱਥੇ ਲਾਸ਼ ਮਿਲੀ ਹੈ, ਉਸ ਖੇਤਰ ਵਿੱਚ ਸਟਾਫ ਘੱਟ ਹੀ ਜਾਂਦਾ ਹੈ। ਗੁਰਭੇਜ ਇੱਕ ਮਜ਼ਬੂਤ, ਅਥਲੈਟਿਕ ਨੌਜਵਾਨ ਅਤੇ ਇੱਕ ਵਧੀਆ ਕਬੱਡੀ ਖਿਡਾਰੀ ਸੀ। ਅਸੀਂ ਹਮੇਸ਼ਾ ਉਸ ਦਾ ਸਮਰਥਨ ਕਰਨ ਦੀ ਕੋਸ਼ਿਸ਼ ਕੀਤੀ। ਮੌਤ ਦਾ ਸਹੀ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਲੱਗ ਸਕਦਾ ਹੈ।”

# ਖਰੜ ਸ਼ਹਿਰ ਦੇ ਪੁਰਾਣੇ ਮਾਸਟਰ ਪਲਾਨ ਅਨੁਸਾਰ ਕੰਮ ਹੋਣੇ ਚਾਹੀਦੇ: ਪਰਮਿੰਦਰ ਸਿੰਘ ਸੋਨਾ, ਕਮਲ ਕਿਸ਼ੋਰ ਸ਼ਰਮਾ



**ਖਰੜ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਵਿਕਾਸ ਅਤੇ ਵਿਕਸਤ ਨੂੰ ਲੈ ਕੇ ਖਰੜ ਸ਼ਹਿਰ ਦਾ ਮਾਸਟਰ ਪਲਾਨ ਬਣਾਇਆ ਗਿਆ ਸੀ ਅਤੇ ਉਸ ਅਨੁਸਾਰ ਹੀ ਕੰਮ ਹੋ ਰਹੇ ਹਨ ਪਰ ਬੀਤੇ ਮਹੀਨੇ ਮਾਨਯੋਗ ਹਾਈਕੋਰਟ ਵਲੋ ਮਾਸਟਰ ਪਲਾਨ ਨੂੰ ਲੈ ਕੇ ਕੀਤੀ ਸਟੇਅ ਕਾਰਨ ਜੋ ਕੰਮ ਬੰਦ ਹੋ ਗਏ ਹਨ ਉਸ ਨਾਲ ਨਗਰ ਕੌਸਲ ਖਰੜ, ਤਹਿਸੀਲ ਦਫਤਰ ਵਿਚ ਕੰਮਕਾਰ ਠੱਪ ਹੋ ਚੁੱਕੇ ਹਨ। ਇਹ ਪ੍ਰਗਟਾਵਾ ਕਾਂਗਰਸੀ ਆਗੂ ਪਰਮਿੰਦਰ ਸਿੰਘ ਸੋਨਾ ਅਤੇ ਖਰੜ ਹਲਕੇ ਦੇ ਸੀਨੀਅਰ ਆਗੂ ਕਮਲ ਕਿਸ਼ੋਰ ਸ਼ਰਮਾ ਨੇ ਪਰਸੂ ਰਾਮ ਭਵਨ ਖਰੜ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇ ਹਾਈਕੋਰਟ ਵਲੋਂ ਸਟੇਅ ਹੋ ਚੁੱਕੀ ਹੈ ਪਰ ਲੋਕਾਂ ਨੂੰ ਰਾਹਤ ਲਈ ਪੁਰਾਣੇ ਮਾਸਟਰ ਪਲਾਨ ਅਨੁਸਾਰ ਨਕਸ਼ੇ, ਐਨ.ਓ.ਸੀ. ਸਮੇਤ ਹੋਰ ਕੰਮਕਾਰ ਪਹਿਲ ਦੇ ਅਧਾਰ ਤੇ ਹੋਣੇ ਚਾਹੀਦੇ ਹਨ ਅਤੇ ਮਾਸਟਰ ਪਲਾਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਇਸ ਨੂੰ ਅੱਗੇ ਵਧਾਉਣ ਲਈ ਜਿਹੜੇ ਵਿਭਾਗਾਂ ਦੇ ਅਧਿਕਾਰੀ ਕਥਿਤ ਤੌਰ ਤੇ ਸ਼ਾਮਲ ਹਨ ਉਨ੍ਹਾਂ ਦੇ ਖਿਲਾਫ ਵੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਮਾਸਟਰ ਪਲਾਟ ਦੀ ਮਿਆਦ ਕਿਉਂ ਨਹੀਂ ਵਧਾਈ ਗਈ ਤਾਂ ਇਸ ਵਿਚ ਖਰੜ ਸ਼ਹਿਰ ਨਿਵਾਸੀਆਂ ਦਾ ਕੀ ਕਸੂਰ ਹੈ ? ਕਾਂਗਰਸੀ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿਚ ਖਰੜ ਸਹਿਰ ਦੇ ਗਰੀਬ ਲੋਕਾਂ ਜਿਨ੍ਹਾਂ ਨੇ ਆਪਣੀ ਰਹਾਇਸ਼ ਲਈ ਮਿਹਨਤ ਮਜ਼ਦੂਰੀ ਕਰਕੇ ਪਲਾਟ ਖਰੀਦੇ ਹੋਏ ਹਨ ਅਤੇ ਉਨ੍ਹਾਂ ਦੇ ਹੁਣ ਨਕਸ਼ੇ ਨਹੀਂ ਪਾਸ ਹੋ ਰਹੇ ਅਤੇ ਐਨ.ਓ.ਸੀ. ਜਾਰੀ ਨਹੀਂ ਹੋ ਰਹੀ,ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ ਦੇ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਮਾਸਟਰ ਪਲਾਨ ਤੋਂ ਬਾਅਦ ਜਿਹੜੇ ਪ੍ਰੋਜੈਕਟ, ਕਲੋਨੀਆਂ ਨਗਰ ਕੌਂਸਲ ਖਰੜ, ਗਮਾਡਾ, ਪੂਡਾ ਰਾਹੀ ਪਾਸ ਹੋਈਆਂ ਹਨ ਉਨ੍ਹਾਂ ਪ੍ਰੋਜੈਕਟ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਉਹ ਕਿਸ ਤਰ੍ਹਾਂ ਪਾਸ ਹੋਏ ਹਨ। ਉਨ੍ਹਾਂ ਕਿਹਾ ਕਿ ਖਰੜ ਸ਼ਹਿਰ ਵਿਚ ਪ੍ਰਾਪਰਟੀ ਦੀ ਖਰੀਦ ਵੇਚ, ਨਕਸੇ ਪਾਸ ਨਾ ਹੋਣ, ਐਨ.ਓ.ਸੀ. ਜਾਰੀ ਨਾ ਹੋਣ ਕਾਰਨ ਕੰਮਕਾਰ ਬਿਲਕੁੱਲ ਠੱਪ ਹੋ ਚੁੱਕੇ ਹਨ, ਖਰੜ ਤਹਿਸੀਲ ਜਿੱਥੇ ਰੋਜ਼ਾਨਾ ਰਜਿਸਟਰੀਆਂ ਤਸਦੀਕ ਹੁੰਦੀਆਂ ਸਨ ਉਥੇ ਵੀ ਕੰਮਕਾਰ ਠੱਪ ਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਮਾਮਲੇ ਵਿਚ ਤੁਰੰਤ ਦਖਲ ਅੰਦਾਜ਼ੀ ਕਰਕੇ ਹਾਈਕੋਰਟ ਵਲੋਂ ਕੀਤੀ ਸਟੇਟ ਨੂੰ ਖਤਮ ਕਰਵਾਉਣਾ ਚਾਹੀਦਾ ਹੈ ਤਾਂ ਕਿ ਹੇਠਲੇ ਪੱਧਰ ਦੇ ਲੋਕਾਂ ਦੇ ਕੰਮ ਹੋ ਸਕਣ।

# ਬਠਿੰਡਾ ਵਿੱਚ ਪਾਕਿਸਤਾਨ ਦੀ ਹਮਾਇਤ ਵਾਲੇ ਡਰੱਗ ਤਸਕਰੀ ਕਾਰਟਲ ਦਾ ਪਰਦਾਫਾਸ਼; 40 ਕਿਲੋ ਹੈਰੋਇਨ ਸਮੇਤ ਛੇ ਗ੍ਰਿਫ਼ਤਾਰ

**➢ ਪਾਕਿਸਤਾਨ-ਅਧਾਰਤ ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ ਡਰੱਗ ਸਿੰਡੀਕੇਟ: ਡੀਜੀਪੀ ਗੌਰਵ ਯਾਦਵ ➢ ਮਾਡਿਊਲ ਨਾਲ ਜੁੜੇ ਹੋਰ ਮੁਲਜ਼ਮਾਂ ਦੀ ਪਛਾਣ ਜਾਰੀ: ਐਸਐਸਪੀ ਬਠਿੰਡਾ ਅਮਨੀਤ ਕੌਂਡਲ**

**ਚੰਡੀਗੜ੍ਹ/ਬਠਿੰਡਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਵਿੱਢੀ ਗਈ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਸ਼ਾ-ਤਸਕਰੀ ਦੀ ਸਮੱਸਿਆ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ ਬਠਿੰਡਾ ਪੁਲਿਸ ਨੇ ਛੇ ਮੁੱਖ ਨਸ਼ਾ ਤਸਕਰਾਂ ਨੂੰ 40 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਵਿਦੇਸ਼ੀ ਤਸਕਰਾਂ ਦੁਆਰਾ ਚਲਾਏ ਜਾ ਰਹੇ ਇੱਕ ਅੰਤਰਰਾਸ਼ਟਰੀ ਡਰੱਗ ਕਾਰਟਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਗ੍ਰਿ.ਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਖਵੀਰ ਸਿੰਘ ਉਰਫ ਲੱਖਾ (33), ਪ੍ਰਭਜੋਤ ਸਿੰਘ (26), ਰਣਜੋਧ ਸਿੰਘ (27), ਆਕਾਸ਼ ਮਰ ਵਾਹਾ (21), ਰੋਹਿਤ ਕੁਮਾਰ (25) ਅਤੇ ਗੁਰਚਰਨ ਸਿੰਘ ਉਰਫ ਗੁਰੀ (27) ਵਜੋਂ ਹੋਈ ਹੈ, ਜੋ ਸਾਰੇ ਸ੍ਰੀ ਮੁਕਤਸਰ ਸਾਹਿਬ, ਮਲੋਟ ਦੇ ਰਹਿਣ ਵਾਲੇ ਹਨ। ਮੁਲਜ਼ਮਾਂ ਲਖਵੀਰ ਸਿੰਘ ਅਤੇ ਪ੍ਰਭਜੀਤ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਉਨ੍ਹਾਂ ਵਿਰੁੱਧ ਕ੍ਰਮਵਾਰ ਅਸਲਾ ਐਕਟ ਅਤੇ ਐਨਡੀਪੀਐਸ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ।

ਇਹ ਸਫ਼ਲਤਾ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਪਾਕਿਸਤਾਨ ਸਥਿਤ ਤਸਕਰ ਤਨਵੀਰ ਸ਼ਾਹ ਅਤੇ ਕੈਨੇਡਾ ਸਥਿਤ ਹੈਂਡਲਰ ਜੋਬਨ ਕਲੇਰ ਦੁਆਰਾ ਚਲਾਏ ਜਾ ਰਹੇ ਡਰੱਗ ਕਾਰਟਲ ਦਾ ਪਰਦਾਫਾਸ਼ ਕਰਨ, ਜਿਸ ਵਿੱਚ ਨੌਂ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਰਾਜਸਥਾਨ ਦੇ ਬਾੜਮੇਰ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜਿਓਂ 60.302 ਕਿਲੋ ਹੈਰੋਇਨ ਦੀ ਵੱਡੀ ਖੇਪ ਬਰਾਮਦ ਕੀਤੀ ਗਈ ਸੀ, ਤੋਂ ਕੁਝ ਦੇਰ ਬਾਅਦ ਸਾਹਮਣੇ ਆਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖੇਪ ਪਾਕਿਸਤਾਨ ਸਥਿਤ ਹੈਂਡਲਰਾਂ ਦੁਆਰਾ ਪੰਜਾਬ ਵਿੱਚ ਅੱਗੇ ਵੰਡਣ ਲਈ ਭੇਜੀ ਗਈ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਸਰਹੱਦ-ਪਾਰੋਂ ਸੰਪਰਕਾਂ ਦਾ ਪਤਾ ਲਗਾਉਂਦਿਆਂ ਡਰੱਗ ਸਪਲਾਈ ਚੇਨ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕੀਤਾ ਜਾ ਸਕੇ।

ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਬਠਿੰਡਾ ਅਮਨੀਤ ਕੌਂਡਲ ਨੇ ਕਿਹਾ ਕਿ ਇਹ ਕਾਰਵਾਈ ਖਿੱਤੇ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਠੋਸ ਜਾਣਕਾਰੀ ਮਿਲਣ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ।

ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਸੀਆਈਏ ਸਟਾਫ-1 ਬਠਿੰਡਾ ਦੀ ਟੀਮ ਨੇ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਉਕਤ ਛੇ ਮੁਲਜ਼ਮਾਂ ਨੂੰ ਉਨ੍ਹਾਂ ਦੀ ਫਾਰਚੂਨਰ ਕਾਰ, ਜਿਸਦਾ ਰਜਿਸਟ ?ਰੇਸ਼ਨ ਨੰਬਰ ਪੀਬੀ-53ਈ-6771 ਹੈ, ਵਿੱਚੋਂ 40 ਕਿਲੋ ਹੈਰੋਇਨ ਬਰਾਮਦ ਕਰਨ ਉਪਰੰਤ ਗ੍ਰਿ.ਫ਼ਤਾਰ ਕਰ ਲਿਆ।

ਐਸਐਸਪੀ ਨੇ ਕਿਹਾ ਕਿ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਨਸ਼ੀਲੇ ਪਦਾਰਥ ਭਾਰਤ-ਪਾਕਿਸਤਾਨ ਸਰਹੱਦ ਪਾਰੋਂ ਭੇਜੇ ਜਾ ਰਹੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਸਥਾਨਕ ਤਸਕਰਾਂ ਵੱਲੋਂ ਪੰਜਾਬ ਵਿੱਚ ਅੱਗੇ ਵੰਡਿਆ ਜਾਂਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ-ਅਧਾਰਤ ਹੈਂਡਲਰਾਂ ਨਾਲ ਜੁੜੇ ਹੋਰ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ।

ਇਸ ਸਬੰਧੀ ਬਠਿੰਡਾ ਦੇ ਥਾਣਾ ਕੋਤਵਾਲੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21ਸੀ ਤਹਿਤ ਐਫਆਈਆਰ ਨੰਬਰ 132 ਦਰਜ ਕੀਤੀ ਗਈ ਹੈ।

# ਇੰਡੀਅਨ ਏਅਰ ਫੋਰਸ ’ਚ ਬਤੌਰ ਅਗਨੀਵੀਰ ਵਾਯੂ ਦੀ ਭਰਤੀ ਲਈ ਆਨਲਾਈਨ ਰਜਿਸਟਰੇਸ਼ਨ 31 ਜੁਲਾਈ ਤੱਕ, ਆਨਲਾਈਨ ਪ੍ਰੀਖਿਆ 25 ਸਤੰਬਰ ਨੂੰ

**ਜਲੰਧਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਦੇ ਡਿਪਟੀ ਡਾਇਰੈਕਟਰ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਡੀਅਨ ਏਅਰ ਫੋਰਸ, ਅੰਬਾਲਾ ਯੂਨਿਟ ਵੱਲੋਂ ਪੰਜਾਬ ਵਿੱਚ ਅਗਨੀਵੀਰ ਵਾਯੂ-02/2026 (ਇਨਟੇਕ) ਲਈ ਭਰਤੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਭਰਤੀ ਲਈ ਆਨਲਾਈਨ ਰਜਿਸਟਰੇਸ਼ਨ 11 ਜੁਲਾਈ ਤੋਂ 31 ਜੁਲਾਈ 2025 ਤੱਕ ਵੈਬ ਪੋਰਟਲ https://agnipathvayu.cdac.in ’ਤੇ ਕੀਤੀ ਜਾ ਸਕਦੀ ਹੈ। ਆਨਲਾਈਨ ਪ੍ਰੀਖਿਆ 25 ਸਤੰਬਰ 2025 ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਉਕਤ ਭਰਤੀ ਲਈ ਉਮੀਦਵਾਰ ਲੜਕੇ ਅਤੇ ਲੜਕੀ ਦਾ ਜਨਮ 2 ਜੁਲਾਈ 2005 ਅਤੇ 2 ਜਨਵਰੀ 2009 ਦਰਮਿਆਨ ਹੋਣਾ ਚਾਹੀਦਾ ਹੈ।

ਵਿੱਦਿਅਕ ਯੋਗਤਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਉਮੀਦਵਾਰ ਨੇ ਕੇਂਦਰ/ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਗਣਿਤ, ਭੌਤਿਕੀ ਅਤੇ ਅੰਗਰੇਜ਼ੀ ਸਹਿਤ ਇੰਟਰਮੀਡੀਏਟ/ ਬਾਰ੍ਹਵੀਂ/ ਬਰਾਬਰ ਦੀ ਪ੍ਰੀਖਿਆ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਪਾਸ ਕੀਤੀ ਹੋਵੇ ਜਾਂ ਕੇਂਦਰ/ ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਪੋਲੀਟੈਕਨਿਕ ਸੰਸਥਾਵਾਂ ਤੋਂ ਇੰਜੀਨਿਅਰਿੰਗ ਦਾ ਤਿੰਨ ਸਾਲਾ ਡਿਪਲੋਮਾ ਕੋਰਸ (ਮਕੈਨਿਕਲ/ ਇਲੈਕਟਰੀਕਲ/ ਇਲੈਕਟਰਾਨਿਕਸ, ਆਟੋਮੋਬਾਇਲ/ ਕੰਪਿਊਟਰ ਸਾਇੰਸ/ ਇੰਸਟ੍ਰੂਮੈਨਟੇਸ਼ਨ ਟੈਕਨਾਲੋਜੀ/ ਇਨਫੋਰਮੇਸ਼ਨ ਟੈਕਨਾਲੋਜੀ) ਘੱਟੋ-ਘੱਟ 50 ਪ੍ਰਤੀਸ਼ਤ ਅੰਕਾ ਅਤੇ ਡਿਪਲੋਮਾ ਕੋਰਸ (ਜਾਂ ਇੰਟਰਮੀਡੀਏਟ/ ਮੈਟ੍ਰਿਕੁਲੇਸ਼ਨ) ਅੰਗਰੇਜ਼ੀ ਵਿਸ਼ੇ ਵਿਚ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ (ਜੇਕਰ ਅੰਗਰੇਜ਼ੀ ਡਿਪਲੋਮਾ ਕੋਰਸ ਵਿੱਚ ਵਿਸ਼ਾ ਨਹੀਂ ਹੈ) ਜਾਂ ਗੈਰ ਵਿਵਸਾਇਕ ਵਿਸ਼ੇ ਦੇ ਨਾਲ ਦੋ ਸਾਲਾ ਵਿਵਸਾਇਕ ਕੋਰਸ ਪਾਸ ਕੀਤਾ ਹੋਵੇ। ਕੇਂਦਰ/ ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਭੌਤਿਕ ਵਿਗਿਆਨ ਅਤੇ ਅੰਗਰੇਜ਼ੀ ਕੁੱਲ ਮਿਲਾ ਕੇ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਅਤੇ ਵੋਕੇਸ਼ਨਲ ਕੋਰਸ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਅੰਕ (ਜਾਂ ਇੰਟਰਮੀਡੀਏਟ/ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ) ਪ੍ਰਾਪਤ ਕੀਤੇ ਹੋਣ।

ਉਨ੍ਹਾਂ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਵਿਗਿਆਨ ਵਿਸ਼ਿਆਂ ਤੋਂ ਇਲਾਵਾ ਉਮੀਦਵਾਰ ਨੇ ਕੇਂਦਰ/ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਕਿਸੇ ਵੀ ਸਟਰੀਮ/ ਵਿਸ਼ੇ ਵਿੱਚ ਇੰਟਰਮੀਡੀਏਟ/ ਬਾਰ੍ਹਵੀਂ/ ਬਰਾਬਰ ਦੀ ਪ੍ਰੀਖਿਆ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਅਤੇ ਵਿਵਸਾਇਕ ਵਿਸ਼ੇ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਅੰਕ (ਜਾਂ ਇੰਟਰਮੀਡੀਏ/ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ।) ਪ੍ਰਾਪਤ ਕੀਤੇ ਹੋਣ ਜਾਂ ਗੈਰ ਵਿਵਸਾਇਕ ਵਿਸ਼ੇ ਦੇ ਨਾਲ ਦੋ ਸਾਲਾ ਵਿਵਸਾਇਕ ਕੋਰਸ ਪਾਸ ਕੀਤਾ ਹੋਵੇ। ਕੇਂਦਰ/ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਕੁੱਲ ਮਿਲਾ ਕੇ ਘੱਟੋ-ਘੱਟ 50 ਫੀਸਦੀ ਅੰਕਾਂ (ਇੰਟਰਮੀਡੀਏਟ/ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ) ਨਾਲ ਪਾਸ ਕੀਤਾ ਹੋਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ https://agnipathvayu.cdac.in ’ਤੇ ਲਾਗ ਇਨ ਕੀਤਾ ਜਾ ਸਕਦਾ ਹੈ।

# ਚੋਆ/ਦਰਿਆਵਾਂ ਦੇ ਨੇੜੇ ਜਾਣ ’ਤੇ ਪਾਬੰਦੀਆਂ; ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਜਾਰੀ ਕੀਤੇ ਹੁਕਮ



**ਹੁਸ਼ਿਆਰਪੁਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਸਾਤ ਦੇ ਮੌਸਮ ਅਤੇ ਮੌਸਮ ਵਿਭਾਗ ਦੀ ਭਾਰੀ ਬਾਰਿਸ਼ ਦੀ ਭਵਿੱਖਬਾਣੀ ਨੂੰ ਧਿਆਨ ਵਿੱਚ ਰੱਖਦੇ ਹੋਏ, ਹੁਸ਼ਿਆਰਪੁਰ ਜ਼ਿਲ੍ਹੇ ਦੇ ਚੋਅ/ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਦੀ ਉਮੀਦ ਹੈ। ਕਈ ਲੋਕ ਨਦੀਆਂ ਅਤੇ ਚੋਆਂ ਵਿਚ ਨਹਾਉਣ, ਪਸ਼ੂਆਂ ਨੂੰ ਨਹਾਉਣ ਜਾਂ ਵੀਡੀਓ ਸ਼ੂਟਿੰਗ ਦੇ ਲਈ ਇਕੱਠੇ ਹੁੰਦੇ ਹਨ, ਜਿਸ ਕਾਰਨ ਕਈ ਵਾਰ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ ਹਨ।

ਇਸ ਸਥਿਤੀ ਦੀ ਗੰਭੀਰਤਾ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾਂ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਕੋਈ ਵੀ ਵਿਅਕਤੀ ਚੋਆ/ਦਰਿਆ ਦੇ ਨੇੜੇ ਨਹੀਂ ਜਾਵੇਗਾ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਚੋਆ/ਦਰਿਆ ਦੇ ਨੇੜੇ ਨਹੀਂ ਲੈ ਕੇ ਜਾਵੇਗਾ। ਸਾਰੇ ਨਾਗਰਿਕਾਂ ਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਵੀ ਇਨ੍ਹਾਂ ਪਾਣੀ ਦੇ ਸਰੋਤਾਂ ਤੋਂ ਦੂਰ ਰੱਖਣ। ਇਹ ਹੁਕਮ 8 ਸਤੰਬਰ 2025 ਤੱਕ ਲਾਗੂ ਰਹੇਗਾ।

# ਨਵੀਂ ਸ਼ੁਰੂ ਕੀਤੀ ਗਈ ਈਐੱਲਆਈ ਯੋਜਨਾ ‘ਤੇ ਕਰਮਚਾਰੀ ਭਵਿੱਖ ਫੰਡ ਸੰਗਠਨ (ਈਪੀਐੱਫਓ), ਜ਼ੋਨਲ ਦਫ਼ਤਰ (ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਜ਼ੋਨ) ਦੁਆਰਾ ਪ੍ਰੈੱਸ ਵਾਰਤਾ ਦਾ ਆਯੋਜਨ

**➢ ਨਵੀਂ ELI ਯੋਜਨਾ ਦੇਸ਼ ਵਿੱਚ 3.5 ਕਰੋੜ ਤੋਂ ਵੱਧ ਨੌਕਰੀਆਂ ਦੀ ਸਿਰਜਣਾ ਨੂੰ ਉਤਸ਼ਾਹਿਤ ਕਰੇਗੀ ➢ ਨਵੀਂ ELI ਸਕੀਮ ਦਾ ਕੁੱਲ ਖਰਚ 99,446 ਕਰੋੜ ਹੈ**

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਮਚਾਰੀ ਭਵਿੱਖ ਫੰਡ ਸੰਗਠਨ (ਈਪੀਐੱਫਓ), ਜ਼ੋਨਲ ਦਫ਼ਤਰ (ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਜ਼ੋਨ), ਚੰਡੀਗੜ੍ਹ ਦੁਆਰਾ ਅੱਜ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਰੋਜ਼ਗਾਰ ਨਾਲ ਜੁੜੀ ਪ੍ਰੋਤਸਾਹਨ (ਈਐੱਲਆਈ) ਯੋਜਨਾ, ਜਿਸ ਨੂੰ ਮਾਣਯੋਗ ਪ੍ਰਧਾਨ ਮੰਤਰੀ, ਸ਼ ?ਰੀ ਨਰੇਂਦਰ ਮੋਦੀ ਜੀ ਦੀ ਪ੍ਰਧਾਨਗੀ ਵਿੱਚ ਕੇਂਦਰੀ ਕੈਬਨਿਟ ਦੁਆਰਾ ਅਨੁਮੋਦਿਤ ਕੀਤਾ ਗਿਆ ਸੀ, ਬਾਰੇ ਜਾਣਕਾਰੀ ਦੇਣ ਅਤੇ ਜਾਗਰੂਕਤਾ ਵਧਾਉਣ ਦੇ ਲਈ ਇੱਕ ਪ੍ਰੈੱਸ ਵਾਰਤਾ ਦਾ ਆਯੋਜਨ ਕੀਤਾ ਗਿਆ। ਈਐੱਲਆਈ ਯੋਜਨਾ ਦਾ ਕੁੱਲ ਖਰਚ 99,446 ਕਰੋੜ ਰੁਪਏ ਹੈ ਅਤੇ ਇਸ ਦਾ ਟੀਚਾ 2 ਵਰ੍ ?ਆਂ ਦੀ ਮਿਆਦ ਵਿੱਚ ਦੇਸ਼ ਵਿੱਚ 3.5 ਕਰੋੜ ਤੋਂ ਵੱਧ ਨੌਕਰੀਆਂ ਦੇ ਸਿਰਜਣ ਨੂੰ ਪ੍ਰੋਤਸਾਹਿਤ ਕਰਨਾ ਹੈ।

ਇਸ ਪ੍ਰੋਗਰਾਮ ਨੂੰ ਸ਼ ?ਰੀ ਰਾਜੀਵ ਬਿਸ਼ਟ, ਐਡੀਸ਼ਨਲ ਕੇਂਦਰੀ ਭਵਿੱਖ ਫੰਡ ਕਮਿਸ਼ਨਰ (ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਜ਼ੋਨ) ਅਤੇ ਸ਼ ?ਰੀ ਅਮਿਤ ਸਿੰਗਲਾ ਅਤੇ ਸ਼੍ਰ ੀ ਰਿਤੇਸ਼ ਸੈਣੀ, ਖੇਤਰੀ ਭਵਿੱਖ ਫੰਡ ਕਮਿਸ਼ਨਰ -ਦੁਆਰਾ ਜ਼ੋਨਲ ਦਫਤਰ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸੰਬੋਧਨ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਸ਼ ?ਰੀ ਰਾਜੀਵ ਬਿਸ਼ਟ ਨੇ ਮੀਡੀਆ ਨੂੰ ਦੱਸਿਆ ਕਿ ਈਐੱਲਆਈ ਯੋਜਨਾ ਇੱਕ ਪਹਿਲ ਹੈ ਜਿਸ ਦਾ ਉਦੇਸ਼ ਰੋਜ਼ਗਾਰ ਸਿਰਜਣ ਨੂੰ ਹੁਲਾਰਾ ਦੇਣਾ, ਰੋਜ਼ਗਾਰ ਸਮਰੱਥਾ ਵਿੱਚ ਸੁਧਾਰ ਕਰਨਾ ਅਤੇ ਮੈਨੂਫੈਕਚਰਿੰਗ ਖੇਤਰ ‘ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਸਮਾਜਿਕ ਸੁਰੱਖਿਆ ਕਵਰੇਜ ਦਾ ਵਿਸਤਾਰ ਕਰਨਾ ਹੈ। ਇਹ ਯੋਜਨਾ ਕਾਰਜਬਲ ਵਿੱਚ ਨਵੇਂ ਪ੍ਰਵੇਸ਼ਕਾਂ ਅਤੇ ਵਾਧੂ ਰੋਜ਼ਗਾਰਦਾਤਾਵਾਂ, ਦੋਨੋਂ ਨੂੰ ਸਮਰਥਨ ਦੇਣ ਦੇ ਲਈ ਬਣਾਈ ਗਈ ਹੈ।




ਉਨ੍ਹਾਂ ਨੇ ਅੱਗੇ ਦੱਸਿਆ ਕਿ ਇਹ ਯੋਜਨਾ ਦੋ ਹਿੱਸਿਆਂ ਵਿੱਚ ਸੰਚਾਲਿਤ ਹੈ:

ਪਹਿਲੀ ਵਾਰ ਨੌਕਰੀ ਕਰਨ ਵਾਲੇ ਕਰਮਚਾਰੀਆਂ ਦੇ ਲਈ ਭਾਗ ਓ: ਯੋਜਨਾ ਦਾ ਲਾਭ 01 ਅਗਸਤ 2025 ਅਤੇ 31 ਜੁਲਾਈ 2027 ਦਰਮਿਆਨ ਸਿਰਜੀਆਂ ਨੌਕਰੀਆਂ ‘ਤੇ ਲਾਗੂ ਹੋਵੇਗਾ।

ਇੱਕ ਮਹੀਨੇ ਦੇ ਵੇਤਨ ਦੇ ਬਰਾਬਰ ਵਿੱਤੀ ਪ੍ਰੋਤਸਾਹਨ ( ?15,000/- ਤੱਕ)।

ਇੱਕ ਲੱਖ ਰੁਪਏ ਤੱਕ ਵੇਤਨ ਵਾਲੇ ਕਰਮਚਾਰੀ ਯੋਗ ਹੋਣਗੇ।

ਪਹਿਲੀ ਕਿਸ਼ਤ 6 ਮਹੀਨੇ ਦੀ ਸੇਵਾ ਦੇ ਬਾਅਦ ਦੇਣੀ ਹੋਵੇਗੀ।

ਦੂਸਰੀ ਕਿਸ਼ਤ 12 ਮਹੀਨੇ ਦੀ ਸੇਵਾ ਦੇ ਬਾਅਦ ਦੇਣੀ ਹੋਵੇਗੀ।

ਮਹੱਤਵਪੂਰਨ ਸ਼ਰਤ ਇਹ ਹੈ ਕਿ ਕਰਮਚਾਰੀ ਨੇ ਵਿੱਤੀ ਸਹਾਇਤਾ ਪ੍ਰੋਗਰਾਮ ਪੂਰਾ ਕੀਤਾ ਹੋਵੇ।

ਭਾਗ ਓ ਨਾਲ ਲਗਭਗ 1.92 ਕਰੋੜ ਪਹਿਲੀ ਵਾਰ ਨੌਕਰੀ ਕਰਨ ਵਾਲੇ ਕਰਮਚਾਰੀ ਲਾਭਵੰਦ ਹੋਣਗੇ।

ਭਾਗ ਅ ਰੋਜ਼ਗਾਰਦਾਤਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਲਈ ਹੈ:

ਇਹ ਭਾਗ ਸਾਰੇ ਖੇਤਰਾਂ ਵਿੱਚ ਵਾਧੂ ਰੋਜ਼ਗਾਰ ਸਿਰਜਣ ਨੂੰ ਕਵਰ ਕਰੇਗਾ, ਜਿਸ ਵਿੱਚ -ਮੈਨੂਫੈਕਚਰਿੰਗ ਖੇਤਰ ‘ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਸਰਕਾਰ ਘੱਟ ਤੋਂ ਘੱਟ ਛੇ ਮਹੀਨੇ ਤੱਕ ਨਿਰੰਤਰ ਰੋਜ਼ਗਾਰ ਦੇਣ ਵਾਲੇ ਹਰੇਕ ਵਾਧੂ ਕਰਮਚਾਰੀ ਲਈ ਰੋਜ਼ਗਾਰਦਾਤਾ ਨੂੰ ਦੋ ਵਰ੍ ?ਆਂ ਤੱਕ 3000 ਰੁਪਏ ਪ੍ਰਤੀ ਮਹੀਨੇ ਤੱਕ ਪ੍ਰੋਤਸਾਹਨ ਦੇਵੇਗੀ।

ਮੈਨੂਫੈਕਚਰਿੰਗ ਖੇਤਰ ਲਈ ਪ੍ਰੋਤਸਾਹਨ ਤੀਸਰੇ ਅਤੇ ਚੌਥੇ ਵਰ੍ਹੇ ਤੱਕ ਵੀ ਵਧਾਇਆ ਜਾਵੇਗਾ।

ਈਪੀਐੱਫਓ ਦੇ ਨਾਲ ਰਜਿਸਟਰਡ ਸੰਸਥਾਨਾਂ ਨੂੰ ਘੱਟ ਤੋਂ ਘੱਟ ਛੇ ਮਹੀਨੇ ਲਈ ਨਿਰੰਤਰ ਅਧਾਰ ‘ਤੇ ਘੱਟੋਂ-ਘੱਟ 2 ਵਾਧੂ ਕਰਮਚਾਰੀ (50 ਤੋਂ ਘੱਟ ਕਰਮਚਾਰੀਆਂ ਵਾਲੇ ਰੋਜ਼ਗਾਰਦਾਤਾਵਾਂ ਲਈ) ਜਾਂ ਘੱਟ ਤੋਂ ਘੱਟ 5 ਵਾਧੂ ਕਰਮਚਾਰੀ (50 ਜਾਂ ਵੱਧ ਕਰਮਚਾਰੀਆਂ ਵਾਲੇ ਰੋਜ਼ਗਾਰਦਾਤਾਵਾਂ ਲਈ) ਨਿਯੁਕਤ ਕਰਨ ਦੀ ਜ਼ਰੂਰਤ ਹੋਵੇਗੀ।

**ਭੁਗਤਾਨ ਲਈ ਪ੍ਰਣਾਲੀ:**

ਭਾਗ ਓ ਦੇ ਤਹਿਤ ਪਹਿਲੀ ਵਾਰ ਨੌਕਰੀ ਕਰਨ ਵਾਲੇ ਕਰਮਚਾਰੀਆਂ ਨੂੰ ਸਾਰੇ ਭੁਗਤਾਨ ਡਾਇਰੈਕਟ ਬੈਨੇਫਿਟ ਟਰਾਂਸਫਰ (ਡੀਬੀਟੀ) ਰਾਹੀਂ ਵੰਡੇ ਜਾਣਗੇ। ਭਾਗ ਅ ਦੇ ਤਹਿਤ ਰੋਜ਼ਗਾਰਦਾਤਾਵਾਂ ਨੂੰ ਭੁਗਤਾਨ ਸਿੱਧੇ ਉਨ੍ਹਾਂ ਦੇ ਪੈਨ ਲਿੰਕਡ ਖਾਤਿਆਂ ਵਿੱਚ ਜਮ ?ਹਾਂ ਕੀਤਾ ਜਾਵੇਗਾ, ਜਿਸ ਨਾਲ ਪਾਰਦਰਸ਼ਿਤਾ ਅਤੇ ਕੁਸ਼ਲਤਾ ਯਕੀਨੀ ਹੋਵੇਗੀ। ਇਹ ਯੋਜਨਾ ਦੇਸ਼ ਦੇ ਕਾਰਜਬਲ ਨੂੰ ਰਸਮੀ ਬਣਾਉਣ ਦੇ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਦਾ ਹਿੱਸਾ ਹੈ, ਜਿਸ ਨਾਲ ਪੂਰੇ ਭਾਰਤ ਵਿੱਚ ਕਰੋੜਾਂ ਯੁਵਾ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਸਮਾਜਿਕ ਸੁਰੱਖਿਆ ਕਵਰੇਜ ਮਿਲ ਸਕੇ।

# ਬੈਕਫਿੰਕੋ ਦੇ ਬੋਰਡ ਆਫ ਡਾਇਰੈਕਟਰਜ ਦੇ ਨਵ ਨਿਯੁਕਤ 2 ਡਾਇਰੈਕਟਰਜ ਨੇ ਅਹੁਦਾ ਸੰਭਾਲਿਆ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪੰਜਾਬ ਪਛੜੀਆਂ ਸ਼ ?ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੇ ਬੋਰਡ ਆਫ ਡਾਇਰੈਕਟਰਜ ਦੇ ਨਿਯੁਕਤ ਕੀਤੇ ਗਏ ਨਾਨ-ਆਫਿਸ਼ੀਅਲ ਡਾਇਰੈਕਟਰ ਸ਼ ?ਰੀ ਦਿਨੇਸ਼ ਕੁਮਾਰ ਅਤੇ ਸ਼੍ਰੀ ਜਸਵੀਰ ਸਿੰਘ ਵੱਲੋਂ ਅੱਜ ਚੰਡੀਗੜ੍ਹ ਵਿਖੇ ਸਥਿਤ ਬੈਕਫਿੰਕੋ ਮੁੱਖ ਦਫਤਰ ਵਿਖੇ ਚੇਅਰਮੈਨ, ਬੈਕਫਿੰਕੋ ਸ਼੍ਰੀ ਸੰਦੀਪ ਸੈਣੀ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲ ਲਿਆ। ਇਸ ਮੌਕੇ ਸ਼ ?ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ. ਨਕੋਦਰ,ਬੈਕਫਿੰਕੋ ਦੇ ਕਾਰਜਕਾਰੀ ਡਾਇਰੈਕਟਰ ਸ. ਜੀ.ਐਸ.ਸਹੋਤਾ, ਆਈ.ਏ.ਐਸ. , ਸ਼ ?ਰੀ ਵਿਕਾਸ ਸੈਣੀ, ਚੇਅਰਮੈਨ, ਮਾਰਕਿਟ ਕਮੇਟੀ ਪਠਾਨਕੋਟ , ਸ਼ ?ਰੀ ਅਨਿਲ ਮਹਾਜਨ, ਮੈਂਬਰ, ਪੰਜਾਬ ਵਪਾਰੀ ਮੰਡਲ ਕਮਿਸ਼ਨ ਅਤੇ ਹੋਰ ਪਤਵੰਤੇ ਮੌਜੂਦ ਸਨ।

# 65 ਲੱਖ ਪਰਿਵਾਰਾਂ ਲਈ ਕੀਤਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਐਲਾਨ : ਮਨਜਿੰਦਰ ਸਿੰਘ ਲਾਲਪੁਰਾ

**ਤਰਨ ਤਾਰਨ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਰਾਜ ਦੇ 65 ਲੱਖ ਪਰਿਵਾਰਾਂ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਹਰੇਕ ਕਵਰ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਤੱਕ ਦੇ ਮੁਫ਼ਤ ਤੇ ਵਧੀਆ ਇਲਾਜ ਦੀ ਸਹੂਲਤ ਮਿਲੇਗੀ। ਹਲਕਾ ਵਿਧਾਇਕ ਖਡੂਰ ਸਾਹਿਬ ਸ੍ਰੀ ਮਨਜਿੰਦਰ ਸਿੰਘ ਲਾਲਪੁਰਾ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰੇਕ ਲਾਭਪਾਤਰੀ ਨੂੰ ਇਲਾਜ ਪ੍ਰਾਪਤ ਕਰਨ ਲਈ ਇੱਕ ਸਿਹਤ ਕਾਰਡ ਮਿਲੇਗਾ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਐਲਾਨ ਪੰਜਾਬ ਸਰਕਾਰ ਵੱਲੋਂ ਆਪਣੇ 2025-26 ਦੇ ਬਜਟ ਵਿੱਚ ਕੀਤਾ ਗਿਆ ਸੀ ਅਤੇ ਇਸ ਦੇ ਲਈ 778 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ। ਇਸ ਦੇ ਤਹਿਤ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਦਾ ਸਿਹਤ ਕਵਰ ਪ੍ਰਦਾਨ ਕੀਤਾ ਜਾਵੇਗਾ। ਸ੍ਰੀ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਉਦੇਸ਼ ਰਾਜ ਦੇ ਕਿਸੇ ਵੀ ਸਰਕਾਰੀ ਜਾਂ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਅਤੇ ਕਾਗਜ਼ ਰਹਿਤ ਇਲਾਜ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਪਰਿਵਾਰ ਦੇ ਆਕਾਰ ਦੀ ਕੋਈ ਸੀਮਾ ਨਹੀਂ ਹੋਵੇਗੀ, ਜਿਸਦੇ ਅਧੀਨ ਹਰ ਮੈਂਬਰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸੂਬਾ ਪੰਜਾਬ 10 ਲੱਖ ਰੁਪਏ ਦਾ ਯੂਨੀਵਰਸਲ ਸਿਹਤ ਬੀਮਾ ਕਵਰ ਵਾਲਾ ਪਹਿਲਾ ਰਾਜ ਬਣ ਜਾਵੇਗਾ।

# ਜ਼ਿਲ੍ਹੇ 'ਚ ਉਲਟੀਆਂ ਤੇ ਦਸਤ ਰੋਗ ਫੈਲਣ ਤੋਂ ਰੋਕਣ ਲਈ ਜਮੀਨੀ ਪੱਧਰ 'ਤੇ ਕੀਤੀ ਜਾਵੇ ਕਾਰਵਾਈ: ਡਾ. ਪ੍ਰੀਤੀ ਯਾਦਵ

**➢ ਉਲਟੀਆਂ ਤੇ ਦਸਤ ਕੇਸਾਂ ਦਾ ਜਾਇਜ਼ਾ, ਡਾਇਰੈਕਟਰ ਸਿਹਤ, ਕਮਿਸ਼ਨਰ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਬੈਠਕ ➢ ਡੀ.ਸੀ. ਵੱਲੋਂ ਅਲੀਪੁਰ ਅਰਾਈਆਂ ਤੇ ਮਾਤਾ ਕੌਸ਼ੱਲਿਆ ਹਸਪਤਾਲ ਦਾ ਦੌਰਾ, ਮਰੀਜਾਂ ਨਾਲ ਵੀ ਗੱਲਬਾਤ**



ਪਟਿਆਲਾ, 11 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਸਵੇਰੇ ਉਲਟੀਆਂ ਤੇ ਦਸਤ ਰੋਗ ਪ੍ਰਭਾਵਤ ਅਲੀਪੁਰ ਅਰਾਈਆਂ, ਹੈਲਥ ਤੇ ਵੈਲਨੈਸ ਸੈਂਟਰ ਅਤੇ ਮਾਤਾ ਕੌਸ਼ੱਲਿਆ ਹਸਪਤਾਲ ਦਾ ਦੌਰਾ ਕਰਕੇ ਸਿਹਤ ਵਿਭਾਗ ਦੇ ਡਾਇਰੈਕਟਰ ਡਾ ਹਿਤੇਂਦਰ ਕੌਰ, ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਅਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਡਾਇਰੀਆ ਮਾਮਲਿਆਂ ਦਾ ਜਾਇਜ਼ਾ ਲਿਆ।

ਡਾ. ਪ੍ਰੀਤੀ ਯਾਦਵ ਨੇ ਸਮੂਹ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਡਾਇਰੀਆ ਦੇ ਮਾਮਲੇ ਵਧਣ ਤੋਂ ਰੋਕਣ ਲਈ ਜਮੀਨੀ ਪੱਧਰ 'ਤੇ ਕਾਰਵਾਈ ਕੀਤੀ ਜਾਵੇ ਅਤੇ ਇਸ ਵਿੱਚ ਕੋਈ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਡਾਇਰੀਆ ਰੋਗ ਫੈਲਣ ਦੇ ਕਾਰਨਾਂ ਦਾ ਪਤਾ ਲਾਉਣ ਸਮੇਤ ਇਸ ਨੂੰ ਹੋਰ ਅੱਗੇ ਫੈਲਣ ਤੋਂ ਰੋਕਣ ਲਈ ਐਸ.ਡੀ.ਐਮ ਦੀ ਅਗਵਾਈ ਹੇਠ ਕਮੇਟੀ ਦਾ ਵੀ ਗਠਨ ਕੀਤਾ, ਜਿਸ 'ਚ ਜਲ ਸਪਲਾਈ ਤੇ ਸੀਵਰੇਜ ਬੋਰਡ, ਨਗਰ ਨਿਗਮ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ।

ਡਾ. ਪ੍ਰੀਤੀ ਯਾਦਵ ਨੇ ਇਸ ਤੋਂ ਪਹਿਲਾਂ ਆਪਣੇ ਅਲੀਪੁਰ ਅਰਾਈਆਂ ਤੇ ਮਾਤਾ ਕੌਸ਼ੱਲਿਆ ਹਸਪਤਾਲ ਦੇ ਦੌਰੇ ਦੌਰਾਨ ਦਸਤ ਰੋਗ ਤੋਂ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਚੱਲ ਰਹੇ ਇਲਾਜ ਬਾਰੇ ਜਾਇਜ਼ਾ ਲਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਆਪਣੇ ਘਰਾਂ ਵਿੱਚ ਪਾਣੀ ਦੀ ਗ਼ੈਰ ਕਾਨੂੰਨੀ ਸਪਲਾਈ ਨਾ ਚਲਾਉਣ ਉਥੇ ਹੀ ਬਰਸਾਤ ਦੇ ਮੌਸਮ 'ਚ ਦੂਸ਼ਿਤ ਪਾਣੀ ਪੀਣ ਤੋਂ ਬਚਣ ਲਈ ਕਲੋਰੀਨ ਦੀਆਂ ਗੋਲੀਆਂ ਵਾਲਾ ਅਤੇ ਉਬਲਿਆ ਪਾਣੀ ਪੀਣ ਨੂੰ ਹੀ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਉਲਟੀਆਂ ਜਾਂ ਦਸਤ ਦੇ ਕੋਈ ਲੱਛਣ ਆਉਂਦੇ ਹਨ ਤਾਂ ਉਹ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਤੋਂ ਮੈਡੀਕਲ ਸਹਾਇਤਾ ਲੈਣ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਨਗਰ ਨਿਗਮ ਸਮੇਤ ਸੀਵਰੇਜ ਤੇ ਵਾਟਰ ਸਪਲਾਈ ਵਿਭਾਗ ਦੇ ਅਧਿਕਾਰੀਆਂ ਤੋਂ ਅਲੀਪੁਰ ਅਰਾਈਆਂ ਵਿਖੇ ਪਾਣੀ ਦੀ ਸਪਲਾਈ 'ਚ ਸੀਵਰੇਜ ਦਾ ਗੰਦਾ ਪਾਣੀ ਮਿਲਣ ਤੋਂ ਰੋਕਣ ਲਈ ਕੀਤੀ ਕਾਰਵਾਈ ਦਾ ਜਾਇਜ਼ਾ ਲਿਆ ਅਤੇ ਆਦੇਸ਼ ਦਿਤੇ ਕਿ ਸ਼ਹਿਰ ਸਮੇਤ ਜ਼ਿਲ੍ਹੇ 'ਚ ਹੋਰ ਵੀ ਹੌਟਸਪੌਟ ਇਲਾਕਿਆਂ 'ਚ ਵੀ ਸਾਵਧਾਨੀ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਸਮੇਤ ਸਾਰੇ ਜ਼ਿਲ੍ਹੇ ਵਿੱਚ ਸਾਰੀਆਂ ਹੌਟ-ਸਪੌਟ ਥਾਵਾਂ ਦੀ ਨਿਗਰਾਨੀ ਕੀਤੀ ਜਾਵੇ ਅਤੇ ਜਿੱਥੇ ਕਿਤੇ ਦੂਸ਼ਿਤ ਪਾਣੀ ਮਿਲਣ ਦੀ ਸੰਭਾਵਨਾ ਹੋਵੇ, ਉਥੇ ਅਗੇਤੀ ਹੀ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਜਾਗਰੂਕਤਾ ਕੈਂਪ ਲਾਉਣ ਸਮੇਤ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾਣ ਤੇ ਪਟਿਆਲਾ ਸ਼ਹਿਰ ਸਮੇਤ ਬਾਕੀ ਜ਼ਿਲ੍ਹੇ ਅੰਦਰ ਵੀ ਚੌਕਸੀ ਵਰਤਣ ਸਮੇਤ ਲੋਕਾਂ ਨੂੰ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਜਾਗਰੂਕਤਾ ਮੁਹਿੰਮ 'ਚ ਢਿੱਲ ਨਾ ਵਰਤੀ ਜਾਵੇ। ਉਨ੍ਹਾਂ ਜ਼ਿਲ੍ਹਾ ਸਿਹਤ ਅਫ਼ਸਰ ਨੂੰ ਖਾਣ ਪੀਣ ਵਾਲੀਆਂ ਵਸਤਾਂ ਦੇ ਸੈਂਪਲ ਲੈਣ ਤੇ ਸਾਫ਼-ਸਫ਼ਾਈ ਦਾ ਖਿਆਲ ਰੱਖਣ ਲਈ ਕੋਈ ਕੁਤਾਹੀ ਨਾ ਵਰਤੀ ਜਾਵੇ।

ਅਧਿਕਾਰੀਆਂ ਨੇ ਜਾਣੂ ਕਰਵਾਇਆ ਕਿ ਅਲੀਪੁਰ ਅਰਾਈਆਂ ਵਿਖੇ ਘਰ-ਘਰ ਸਰਵੇ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਮੇਤ ਪਾਣੀ ਦੇ ਕੁਨੈਕਸ਼ਨ ਵੀ ਚੈਕ ਕੀਤੇ ਜਾ ਰਹੇ ਹਨ। ਇਸ ਤੋਂ ਬਿਨ੍ਹਾਂ ਮੁਨਾਦੀ ਵੀ ਕਰਵਾਈ ਜਾ ਰਹੀ ਹੈ। ਮੀਟਿੰਗ 'ਚ ਏ.ਡੀ.ਸੀ. ਨਵਰੀਤ ਕੌਰ ਸੇਖੋਂ ਸਮੇਤ ਸਿਹਤ, ਜਲ ਸਪਲਾਈ ਤੇ ਸੀਵਰੇਜ ਬੋਰਡ, ਸਿਹਤ ਵਿਭਾਗ ਤੇ ਨਗਰ ਨਿਗਮ ਦੇ ਅਧਿਕਾਰੀ ਵੀ ਮੌਜੂਦ ਸਨ।

# ਐਸ.ਡੀ.ਐਮ ਗੁਰਦੇਵ ਸਿੰਘ ਧੰਮ ਨੇ ਫੌਜੀ ਭਰਤੀ ਦੀ ਤਿਆਰੀਆਂ ਲਈ ਕੀਤੀ ਸਮੀਖਿਆ ਮੀਟਿੰਗ

**➢ ਫੌਜੀ ਭਰਤੀ ਨੂੰ ਲੈ ਕੇ ਸਿਵਲ ਪ੍ਰਸ਼ਾਸ਼ਨ ਪੁਲਿਸ ਅਤੇ ਆਰਮੀ ਵੱਲੋਂ ਇਕਜੁਟ ਤਿਆਰੀਆਂ ➢ ਮੈਡੀਕਲ, ਪਾਣੀ, ਲਾਈਟ ਤੇ ਸਾਫ਼-ਸਫਾਈ ਦਾ ਲਿਆ ਜਾਇਜ਼ਾ**



ਪਟਿਆਲਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਐਮ.ਡੀ.ਐਮ. ਗੁਰਦੇਵ ਸਿੰਘ ਧੰਮ ਅਤੇ ਆਰਮੀ ਭਰਤੀ ਡਾਇਰੈਕਟਰ ਕਰਨਲ ਜੀ.ਆਰ.ਐਸ. ਰਾਜਾ ਦੀ ਅਗਵਾਈ ਹੇਠ ਭਾਰਤੀ ਫੌਜੀ ਭਰਤੀ ਦੀ ਵਿਸ਼ੇਸ਼ ਤਿਆਰੀਆਂ ਦੀ ਸਮੀਖਿਆ ਲਈ ਇਕ ਬੈਠਕ ਆਯੋਜਿਤ ਕੀਤੀ ਗਈ। ਉਹਨਾਂ ਦੱਸਿਆ ਕਿ ਪੰਜਾਬ ਦੇ ਛੇ ਜ਼ਿਲ੍ਹਿਆਂ ,ਪਟਿਆਲਾ, ਫ਼ਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਦੇ ਲਿਖਤੀ ਟੈਸਟ ਪਾਸ ਕਰ ਚੁੱਕੇ ਉਮੀਦਵਾਰਾਂ ਲਈ ਭਾਰਤੀ ਫੌਜੀ ਭਰਤੀ ਦਾ ਫ਼ਿਜ਼ੀਕਲ ਟੈਸਟ 31 ਜੁਲਾਈ ਤੋਂ 11 ਅਗਸਤ ਤੱਕ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪਟਿਆਲਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ ।

ਗੁਰਦੇਵ ਸਿੰਘ ਧੰਮ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵੱਲ ਇਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ । ਉਹਨਾਂ ਕਿਹਾ ਕਿ ਭਰਤੀ ਦੀ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਿਵਲ ਪ੍ਰਸ਼ਾਸ਼ਨ, ਪੁਲਿਸ ਅਤੇ ਆਰਮੀ ਵੱਲੋਂ ਆਪਸੀ ਤਾਲਮੇਲ ਰਾਹੀ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਵੇਗਾ । ਉਹਨਾਂ ਸਬੰਧਤ ਵਿਭਾਗਾਂ ਨੂੰ ਜਾਰੀ ਨਿਰਦੇਸ਼ਾਂ ਵਿੱਚ ਟਰੈਫ਼ਿਕ ਡਾਇਵਰਜਨ, ਮੈਡੀਕਲ ਐਮਰਜੈਂਸੀ ਸਹੂਲਤਾਂ, ਟਾਇਲਟ, ਪੀਣ ਵਾਲੇ ਪਾਣੀ ਦੀ ਉਪਲਬਧਤਾ, ਮੀਂਹ ਤੋਂ ਬਚਾਅ ਲਈ ਤਰਪਾਲ ਸ਼ੈਲਟਰ ਲਾਈਟਿੰਗ, ਬੈਰੀਕੇਟਿੰਗ, ਸੁਰੱਖਿਆ ਪ੍ਰਬੰਧ, ਸਾਫ਼ ਸਫ਼ਾਈ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਸਮੇਂ ਸਿਰ ਮੁਹੱਈਆਂ ਕਰਵਾਉਣ ਲਈ ਕਿਹਾ ਗਿਆ। ਕਰਨਲ ਰਾਜਾ ਨੇ ਦਸਿਆ ਕਿ ਲਿਖਤੀ ਪ੍ਰੀਖਿਆ ਪਾਸ ਕਰ ਚੁੱਕੇ 8 ਤੋਂ 9 ਹਜ਼ਾਰ ਨੌਜਵਾਨ ਇਸ ਭਰਤੀ ਰੈਲੀ 'ਚ ਸ਼ਾਮਲ ਹੋਣਗੇ । ਉਹਨਾਂ ਨੇ ਜਾਣਕਾਰੀ ਦਿੱਤੀ ਜ਼ਿਲ੍ਹਾ-ਵਾਰ ਰੋਸਟਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਹਰ ਰੋਜ਼ ਲਗਭਗ 700 ਉਮੀਦਵਾਰ ਟੈਸਟ ਲਈ ਸਵੇਰੇ 4 ਵਜੇ ਤੱਕ ਪਹੁੰਚ ਜਾਣਗੇ।

ਇਸ ਮੌਕੇ ਪੁਲਿਸ ਵਿਭਾਗ, ਖੇਡ ਵਿਭਾਗ, ਫਾਇਰ ਵਿਭਾਗ ਪੀ.ਐਸ.ਪੀ.ਸੀ.ਐਲ, ਮੰਡੀ ਬੋਰਡ ਰੋਜ਼ਗਾਰ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ।

# ਬੂਥ ਲੈਵਲ ਅ.ਫਸਰਾਂ ਨੂੰ ਦਿੱਤੀ ਸਿਖਲਾਈ



ਬਰਨਾਲਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਬਰਨਾਲਾ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ 2 ਜੁਲਾਈ ਤੋਂ 17 ਜੁਲਾਈ ਦੌਰਾਨ ਵਿਧਾਨ ਸਭਾ ਹਲਕੇ ਦੇ ਬੀ.ਐਲ.ਓਜ਼ ਨੂੰ ਸਿਖਲਾਈ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਇਨ੍ਹਾਂ ਹਦਾਇਤਾਂ ਦੀ ਪਾਲਣਾ ਵਿੱਚ ਵਿਧਾਨ ਸਭਾ ਚੋਣ ਹਲਕਾ-103-ਬਰਨਾਲਾ ਵੱਲੋਂ 212 ਬੀ.ਐਲ.ਓਜ਼ ਨੂੰ 7 ਬੈਚਾਂ ਵਿੱਚ ਰੈਡ ਕਰਾਸ ਭਵਨ ਮੀਟਿੰਗ ਹਾਲ ਬਰਨਾਲਾ ਵਿਖੇ ਸਿਖਲਾਈ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ। ਅੱਜ ਦੂਸਰੇ ਬੈਚ ਵਿੱਚ 29 ਬੀ. ਐਲ. ਓਜ਼ ਨੂੰ ਸ੍ਰੀ ਹਰਪ੍ਰੀਤ ਸਿੰਘ ਅਟਵਾਲ ਈ ਆਰ ਓ -ਕਮ- ਉਪ ਮੰਡਲ ਮੈਜਿਸਟਰੇਟ ਬਰਨਾਲਾ, ਸੁਖਵਿੰਦਰ ਸਿੰਘ ਸਿੱਧੂ ਬੀ.ਡੀ.ਪੀ.ਓ. ਬਰਨਾਲਾ, ਸ੍ਰੀ ਕੁਲਦੀਪ ਸਿੰਘ, ਸ੍ਰੀ ਮਨਮੋਹਨ ਸਿੰਘ, ਸ੍ਰੀ ਪ੍ਰਿੰਸ, ਸ੍ਰੀ ਸੋਨੂੰ ਗੋਇਲ ਮਾਸਟਰ ਟ ?ਰੇਨਰਜ਼ ਵੱਲੋਂ ਉਲੀਕੇ ਗਏ ਸੈਸ਼ਨ ਅਨੁਸਾਰ ਸਿਖਲਾਈ ਦਿੱਤੀ ਗਈ। ਮਾਸਟਰ ਟਰੇਨਰਜ਼ ਵੱਲੋਂ ਬੀ.ਐਲ.ਓਜ਼ ਪਾਸੋਂ ਪੇਪਰ ਲਿਆ ਗਿਆ ਤੇ ਸਿਖਲਾਈ ਦੇ ਅੰਤ ਵਿੱਚ ਸ੍ਰੀ ਕਮਲਜੀਤ ਸਿੰਘ ਸਾਦ ਸੁਪਰਡੰਟ ਦਫਤਰ ਉਪ ਮੰਡਲ ਮੈਜਿਸਟਰੇਟ ਬਰਨਾਲਾ ਵੱਲੋਂ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਸ੍ਰੀ ਨਰਪਿੰਦਰਪਾਲ ਸਿੰਘ ਸੀਨੀਅਰ ਸਹਾਇਕ, ਸ੍ਰੀ ਵਿਕਾਸ ਗੋਇਲ ਇਲੈਕਸ਼ਨ ਕਲਰਕ, ਸ੍ਰੀ ਬਰਿੰਦਰਜੀਤ ਸਿੰਘ, ਸ੍ਰੀ ਅਮਨਦੀਪ ਸਿੰਘ, ਸ੍ਰੀ ਹਰਦੀਪ ਸਿੰਘ, ਸ੍ਰੀ ਜਸਪਾਲ ਸਿੰਘ ਚੋਣ ਸਟਾਫ ਹਾਜ਼ਰ ਸਨ।

# ਨਵੇਂ ਪੁਰਾਣੇ ਕੂੜੇ ਦਾ ਬਹਾਨਾ ਖਤਮ ਮੰਡੀ ਹੋਵੇਗੀ ਨਵੀਂ ਨਕੋਰ : ਚੇਅਰਮੈਨ ਗਿੱਲ



ਲੁਧਿਆਣਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੰਡੀ ਵਿੱਚ ਲੱਗੇ ਕੂੜੇ ਦੇ ਢੇਰਾ ਕਾਰਨ ਆਮ ਲੋਕਾਂ ਨੂੰ ਆ ਰਹੀਆਂ ਪਰੇਸ਼ਾਨੀਆਂ ਦਾ ਹੱਲ ਕਰਨ ਲਈ ਇੱਕ ਵਿਸ਼ੇਸ਼ ਮੀਟਿੰਗ ਮਾਰਕੀਟ ਕਮੇਟੀ ਦਫਤਰ ਵਿੱਚ ਰੱਖੀ ਗਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਮੇਅਰ ਇੰਦਰਜੀਤ ਕੌਰ ਪਹੁੰਚੇ ਅਤੇ ਉਨਾਂ ਦਾ ਸਵਾਗਤ ਮਾਰਕੀਟ ਕਮੇਟੀ ਦੇ ਚੇਅਰਮੈਨ ਸ. ਗੁਰਜੀਤ ਸਿੰਘ ਗਿੱਲ ਵੱਲੋਂ ਕੀਤਾ ਗਿਆ।

ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਗੁਰਜੀਤ ਸਿੰਘ ਗਿੱਲ ਨੇ ਕਿਹਾ ਕਿ ਸਬਜ਼ੀ ਮੰਡੀ ਅਤੇ ਫਰੂਟ ਮੰਡੀ ਵਿੱਚ ਗੰਦਗੀ ਦੇ ਢੇਰ ਲੱਗੇ ਹੋਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਫਾਈ ਕਰਨ ਲਈ ਇੱਕ ਕੰਪਨੀ ਨੂੰ ਵੀ ਠੇਕਾ ਦਿੱਤਾ ਗਿਆ ਹੈ ਪਰ ਉਹਨਾਂ ਵੱਲੋਂ ਵੀ ਆਪਣਾ ਕੰਮ ਸਹੀ ਢੰਗ ਨਾਲ ਨਾ ਕਰਨ ਕਰਕੇ ਬਰਸਾਤੀ ਮੌਸਮ ਨੂੰ ਦੇਖਦੇ ਹੋਏ ਇੰਦਰ ਟ ?ਰੇਡਿੰਗ ਕੰਪਨੀ ਜੋ ਕਿ ਮੰਡੀ ਵਿੱਚ ਸਫਾਈ ਦਾ ਕੰਮ ਕਰਦੀ ਹੈ ਨੂੰ ਸਫਾਈ ਸਹੀ ਢੰਗ ਨਾਲ ਨਾ ਹੋਣ ਕਰਕੇ ਕੰਪਨੀ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ ਕਿ ਇੱਕ ਵਾਰ ਅਸੀਂ ਨਗਰ ਨਿਗਮ ਦੇ ਸਹਿਯੋਗ ਨਾਲ ਪੂਰੀ ਮੰਡੀ ਦੀ ਸਫਾਈ ਕਰਵਾ ਰਹੇ ਹਾਂ।

ਪਰ ਅੱਗੇ ਤੋਂ ਮੰਡੀ ਸਾਫ ਸੁਥਰੀ ਰਹਿਣੀ ਚਾਹੀਦੀ ਹੈ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਰਸਾਤੀ ਮੌਸਮ ਕਾਰਨ ਕਿਸੇ ਨੂੰ ਵੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦਾ ਸਾਹਮਣਾ ਨਾ ਕਰਨਾ ਪਵੇ ਇਸ ਮੌਕੇ ਮੇਅਰ ਇੰਦਰਜੀਤ ਕੌਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਬਹੁਤ ਜਲਦ ਮੰਡੀ ਦੀ ਸਫਾਈ ਕਰਵਾ ਦਿੱਤੀ ਜਾਵੇਗੀ ਅਤੇ ਸਪੈਸ਼ਲ ਦਵਾਈ ਵੀ ਪਾਈ ਜਾਵੇਗੀ ਜਿਸ ਨਾਲ ਮੱਖੀਆਂ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮਤਪਾਲ ਸਿੰਘ ਡੀਐਮਓ, ਸੈਕਟਰੀ ਰੁਮੇਲ ਸਿੰਘ, ਕਰਨ ਸ਼ਰਮਾ ਤੇ ਰਵੀ ਸੇਰਇੰਦਰ ਸੁਪਰਵਾਈਜ਼ਰ ਮੰਡੀ, ਕਮਲ ਗੁੰਬਰ ਪ੍ਰਧਾਨ ਫਰੂਟ ਮੰਡੀ, ਜੇਕੇ ਡਾਵਰ ਆੜ੍ਹਤੀ, ਗੁਰਵਿੰਦਰਪਾਲ ਸਿੰਘ ਪ੍ਰਧਾਨ ਪਿਆਜ ਤੇ ਆਲੂ ਮੰਡੀ, ਮਨਪ੍ਰੀਤ ਸਿੰਘ ਪੀਏ ਚੇਅਰਮੈਨ ਮਾਰਕੀਟ ਕਮੇਟੀ ਤੇ ਦੀਪਕ ਕੁਮਾਰ ਆਦਿ ਹਾਜ਼ਰ ਸਨ।

# ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪੁਲਿਸ ਦਾ ਸਰਚ ਅਭਿਆਨ, ਸ਼ੱਕੀ ਵਿਅਕਤੀਆਂ ਤੇ ਵਾਹਨਾਂ ਦੀ ਹੋਈ ਜਾਂਚ



ਅੰਮ੍ਰਿਤਸਰ 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਵੱਲੋਂ ਸ਼ਹਿਰ ਦੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਅਤੇ ਮਾੜੇ ਅਨਸਰਾਂ ਵਿਰੁੱਧ ਨਕੇਲ ਕੱਸਣ ਲਈ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ।

ਅਭਿਆਨ ਦੌਰਾਨ ਪੁਲਿਸ ਟੀਮਾਂ ਨੇ ਸਟੇਸ਼ਨ ਪ੍ਰਾਂਗਣ 'ਚ ਆਉਣ ਵਾਲੇ ਹਰੇਕ ਸ਼ੱਕੀ ਵਿਅਕਤੀ ਅਤੇ ਵਾਹਨ ਦੀ ਸਕਤ ਜਾਂਚ ਕੀਤੀ। ਇਸ ਮੌਕੇ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਸਖ਼ਤ ਨਿਗਰਾਨੀ ਰੱਖੀ ਗਈ ਤਾਂ ਜੋ ਸ਼ਹਿਰ ਵਿਚ ਅਵਾਂਛਿਤ ਤੱਤਾਂ ਦੀ ਗਤੀਵਿਧੀ 'ਤੇ ਰੋਕ ਲਾਈ ਜਾ ਸਕੇ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਪੁਲਿਸ ਸ਼ਹਿਰ ਦੇ ਸ਼ਾਂਤੀਪੂਰਨ ਮਾਹੌਲ ਨੂੰ ਵਿਗਾੜਨ ਵਾਲੇ ਕਿਸੇ ਵੀ ਤੱਤ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਐਸੇ ਲੋਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੁਲਿਸ ਵੱਲੋਂ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਕੋਈ ਵੀ ਸ਼ੱਕੀ ਗਤੀਵਿਧੀ ਦੇਖਣ 'ਤੇ ਤੁਰੰਤ ਪੁਲਿਸ ਨੂੰ ਜਾਣਕਾਰੀ ਦੇਣ, ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਪੁਲਿਸ ਅਧਿਕਾਰੀਆਂ ਅਨੁਸਾਰ ਇਨ੍ਹਾਂ ਸਰਚ ਅਭਿਆਨਾਂ ਨੂੰ ਸ਼ਹਿਰ ਦੇ ਹੋਰ ਹਿੱਸਿਆਂ 'ਚ ਵੀ ਲਗਾਤਾਰ ਚਲਾਇਆ ਜਾਵੇਗਾ।

# ਸੋਹਣ ਸਿੰਘ ਨੇ ਜੁਆਇੰਟ ਸਬ ਰਜਿਸਟਰਾਰ ਘੜੂੰਆਂ ਦਾ ਚਾਰਜ ਸੰਭਾਲਿਆ



ਖਰੜ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਨੇੜਲੇ ਕਸਬੇ ਘੜੂੰਆਂ ਦੀ ਸਬ ਤਹਿਸੀਲ ਵਿਖੇ ਸੋਹਣ ਸਿੰਘ ਕਾਨੂੰਗੋ ਨੇ ਜੁਆਇੰਟ ਸਬ ਰਜਿਸਟਰਾਰ ਸਬ ਤਹਿਸੀਲਦਾਰ ਘੜੂੰਆਂ ਦਾ ਚਾਰਜ ਸੰਭਾਲ ਲਿਆ ਹੈ। ਡਿਪਟੀ ਕਮਿਸ਼ਨਰ ਐਸ.ਏ.ਐਸ.ਨਗਰ ਮੋਹਾਲੀ ਦੇ ਹੁਕਮਾਂ ਅਨੁਸਾਰ ਸੋਹਣ ਸਿੰਘ ਕਾਨੂੰਗੋ ਕੁਰਾਲੀ ਨੂੰ ਘੜੂੰਆਂ ਦੇ ਜੁਆਇੰਟ ਸਬ ਰਜਿਸਟਰਾਰ ਅਤੇ ਰਾਜਬੀਰ ਸਿੰਘ ਮਰਵਾਹਾ ਨਾਇਬ ਤਹਿਸੀਲਦਾਰ ਮਾਜਰੀ ਨੂੰ ਵਾਧੂ ਚਾਰਜ ਸਬ ਤਹਿਸੀਲ ਘੜੂੰਆਂ ਦਾ ਸੌਂਪਿਆ ਗਿਆ ਹੈ। ਅੱਜ ਉਨ੍ਹਾਂ ਨੂੰ ਸਬ ਤਹਿਸੀਲ ਘੜੂੰਆਂ ਵਿਖੇ ਚਾਰਜ ਸੰਭਾਲਣ ਤੇ ਗੁਰਪ੍ਰੀਤ ਸਿੰਘ ਰਜਿਸਟਰੀ ਕਲਰਕ, ਸਮਾਜ ਸੇਵੀ ਸੁਖਜਿੰਦਰਜੀਤ ਸਿੰਘ ਸੋਢੀ ਕੁਰਾਲੀ, ਯਾਦਵਿੰਦਰ ਸਿੰਘ ਪਟਵਾਰੀ ਹਲਕਾ ਚਨਾਲੋਂ, ਮਨਿੰਦਰ ਸਿੰਘ ਪਟਵਾਰੀ ਛੱਜੂਮਾਜਰਾ, ਸੰਜੇ ਪਟਵਾਰੀ ਸਹੌੜਾਂ, ਜਗਤਾਰ ਸਿੰਘ ਪਟਵਾਰੀ ਘੜੂੰਆਂ, ਪਰਦੀਪ ਸਿੰਘ ਘੜੂੰਆਂ, ਚੇਤ ਸਿੰਘ ਨੱਗਲ, ਅਵਤਾਰ ਸਿੰਘ ਲਵਲੀ ਅਤੇ ਹੋਰਨਾਂ ਨੇ ਸੋਹਣ ਸਿੰਘ ਜੁਆਇੰਟ ਸਬ ਰਜਿਸਟਰਾਰ ਨੂੰ ਅਹੁਦਾ ਸੰਭਾਲਣ ਤੇ ਗੁਲਦਸਤਾ ਭੇਂਟ ਕਰਕੇ ਮੂੰਹ ਮਿੱਠਾ ਕਰਵਾਇਆ ਅਤੇ ਜੀ ਆਇਆਂ ਆਖਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੋਹਣ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਸ਼ੁਰੂ ਕੀਤੇ ਈ ਰਜਿਸਟ੍ਰੇਸ਼ਨ ਦੇ ਸਮੁੱਚੇ ਕੰਮ ਨੂੰ ਪਾਰਦਰਸ਼ਤਾ ਨਾਲ ਕਰਨਗੇ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਈ ਰਜਿਸਟ੍ਰੇਸ਼ਨ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਸਰਕਾਰ ਦੇ ਇਸ ਕੰਮ ਤੋਂ ਕਾਫ਼ੀ ਪ੍ਰਭਾਵਿਤ ਹਨ।

# ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਲਾਨਾ ਮੁਫ਼ਤ ਇਲਾਜ ਦੇਣਾ ਆਮ ਆਦਮੀ ਸਰਕਾਰ ਦੀ ਵੱਡੀ ਪ੍ਰਾਪਤੀ -ਧਾਲੀਵਾਲ



ਅੰਮ੍ਰਿਤਸਰ 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਰਮਦਾਸ ਵਿਖੇ ਜਨਤਾ ਦਰਬਾਰ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਅਤੇ ਉਹਨਾਂ ਦੇ ਮਸਲੇ ਹੱਲ ਕਰਦੇ ਹੋਏ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ 'ਚ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਲਾਨਾ ਮੁਫ਼ਤ ਇਲਾਜ਼ ਜੇ ਸਹੂਲਤ ਦੇ ਦਿੱਤੀ ਹੈ । ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ, ਬੱਚਾ ਹੋਵੇ ਜਾਂ ਬਜ਼ੁਰਗ ਜਾਂ ਕੋਈ ਬੇਸਹਾਰਾ।

ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਇਲਾਜ਼ ਲੈਣ ਲਈ ਕੋਈ ਕਾਗਜ਼ੀ ਕਾਰਵਾਈ 'ਚ ਉਲਝਣਾ ਨਹੀਂ ਪਏਗਾ, ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ 'ਤੇ ਅਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ਼ ਕਰਵਾਇਆ ਜਾ ਸਕੇਗਾ।

ਸ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ ਇਸ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ਼ ਕਰਨਗੇ।

ਉਹਨਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬੀਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਇਸ ਸਕੀਮ ਵਿਚ ਸਰਕਾਰੀ ਕਰਮਚਾਰੀ, ਆਂਗਣਵਾੜੀ, ਆਸ਼ਾ ਵਰਕਰ ਵੀ 100% ਕਵਰ ਹੋਣਗੇ। ਉਨਾਂ ਕਿਹਾ ਕਿ ਇਹ ਯੋਜਨਾ ਤਿੰਨ ਮਹੀਨੇ ਵਿੱਚ ਲਾਗੂ ਕੀਤੀ ਜਾਵੇਗੀ।

ਸ ਧਾਲੀਵਾਲ ਨੇ ਦੱਸਿਆ ਕਿ ਉਹ ਲੋਕਾਂ ਦੇ ਕੰਮ ਕਰਨ ਲਈ ਹਫਤੇ ਵਿੱਚ ਦੋ ਵਾਰ ਅਜਨਾਲਾ ਅਤੇ ਰਮਦਾਸ ਵਿਖੇ ਜਨਤਾ ਦਰਬਾਰ ਲਗਾਉਂਦੇ ਹਨ ਅਤੇ ਅੱਜ ਵੀ ਇਸੇ ਯੋਜਨਾ ਤਹਿਤ ਰਮਦਾਸ ਵਿਖੇ ਜਨਤਾ ਦਰਬਾਰ ਲਗਾਇਆ ਗਿਆ ਸੀ ਜਿੱਥੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਲੋਕਾਂ ਦੇ ਮਸਲੇ ਮੌਕੇ ਉੱਤੇ ਹੱਲ ਕੀਤੇ ਗਏ ਹਨ।

# ਵਿਧਾਨਸਭਾ ਚੋਣ ਹਲਕਾ 20-ਅਟਾਰੀ (ਅ.ਜ.) ਵਿਖੇ ਸਮੂਹ ਬੂਥ ਲੈਵਲ ਅ.ਫਸਰਾਂ ਦੀ ਕਰਵਾਈ ਗਈ ਟਰੇਨਿੰਗ

ਅੰਮ੍ਰਿਤਸਰ 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਸਮੂਹ ਬੂਥ ਲੈਵਲ ਅਫ਼ਸਰਾਂ ਦੀ ਟਰੇਨਿੰਗ 50-50 ਕਰਮਚਾਰੀਆਂ ਦੇ ਬੈਚ ਵਿੱਚ 17.07.2025 ਤੱਕ ਕਰਵਾਈ ਜਾਣੀ ਹੈ, ਜਿਸ ਦੇ ਤਹਿਤ 20-ਅਟਾਰੀ (ਅ.ਜ) ਵਿਧਾਨ ਸਭਾ ਚੋਣ ਹਲਕੇ ਦੇ ਦੂਸਰੇ ਬੈਚ ਦੀ ਟਰੇਨਿੰਗ ਅੱਜ ਮਲਟੀਮੀਡੀਆ ਹਾਲ, ਸਰਕਾਰੀ ਸਰੂਪ ਰਾਣੀ ਕਾਲਜ ਇਸਤਰੀਆਂ ਵਿਖੇ ਸ਼ ?ਰੀ ਮਨਕੰਵਲ ਸਿੰਘ ਚਾਹਲ ਚੋਣਕਾਰ ਰਜਿਸਟਰੇਸ਼ਨ ਅਫ਼ਸਰ 20 ਅਟਾਰੀ ਦੀ ਦੇਖ ਰੇਖ ਹੇਠ ਕਰਵਾਈ ਗਈ। ਇਸ ਟਰੇਨਿੰਗ ਵਿੱਚ 53 ਬੂਥ ਲੈਵਲ ਅਫ਼ਸਰ ਅਤੇ 05 ਸੈਕਟਰ ਅਫ਼ਸਰ ਸ਼ਾਮਲ ਹੋਏ। ਅੱਜ ਦੇ ਬੈਚ ਵਿੱਚ ਸ਼ਾਮਲ ਬੀ.ਐਲ.ਓ. ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਨਵੇਂ ਪਲਾਸਟਿਕ ਸ਼ਨਾਖਤੀ ਕਾਰਡ ਅਤੇ ਟਰੇਨਿੰਗ ਦਾ ਸਰਟੀਫਿਕੇਟ ਵੀ ਜਾਰੀ ਕੀਤਾ। ਸ੍ਰੀਮਤੀ ਹਰਜੀਤ ਕੌਰ ਚੋਣ ਕਾਨੂੰਗੋ ਅਤੇ ਮਨਦੀਪ ਕੁਮਾਰ ਕੰਪਿਊਟਰ ਫੈਕਲਟੀ, ਪਾਸੋਂ ਟਰੇਨਿੰਗ ਮੁਕੰਮਲ ਕਰਾਉਣ ਉਪਰੰਤ ਸਮੂਹ ਟਰੇਨੀਜ਼ ਦੀ ਬਹੁ-ਚੋਣ ਪ੍ਰਸ਼ਨ-ਪੱਤਰ ਦੇ ਆਧਾਰ ਅਸੈਸਮੈਂਟ ਪ੍ਰੀਖਿਆ ਵੀ ਕਰਵਾਈ ਗਈ, ਜਿਸ ਦਾ ਰਿਜਲਟ 100% ਰਿਹਾ ਹੈ।

ਸ਼੍ਰੀ ਮਨਕੰਵਲ ਸਿੰਘ ਚਾਹਲ ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਐਸ.ਡੀ.ਐਮ. ਨੇ ਟਰੇਨੀਜ਼ ਨਾਲ ਗੱਲ-ਬਾਤ ਕਰਦੇ ਹੋਏ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਣ ਕੀਤਾ ਅਤੇ ਫੀਲਡ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਸੁਣਦੇ ਹੋਏ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

# ਪੈਨਸ਼ਨਰ ਐਸਸੀਏਸ਼ਨ (ਪਾਵਰਕਾਮ) ਦੀ ਮਹੀਨਾਵਾਰ ਮੀਟਿੰਗ




ਸਮਾਣਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੈਨਸ਼ਨਰ ਐਸੋਸੀਏਸ਼ਨ (ਪਾਵਰਕਾਮ) ਵੰਡ ਮੰਡਲ ਯੂਨਿਟ ਸਮਾਣਾ ਦੀ ਮਹੀਨਾਵਾਰ ਮੀਟਿੰਗ ਸੋਹਨ ਸਿੰਘ ਵਿਰਕ ਦੀ ਪ੍ਰਧਾਨਗੀ 'ਚ ਹੋਈ। ਜਿਸ ਵਿਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵੰਟਾਦਰਾਂ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦੀਆ ਪਿਆਰਾ ਸਿੰਘ,ਧਰਮਪਾਲ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ ਚੀਮਾ, ਨਛੱਤਰ ਸਿੰਘ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਉਨਾਂ ਦੀ ਦੀਆਂ ਮੰਗਾਂ ਪ੍ਰਤੀ ਅਪਨਾਏ ਗਲਤ ਰਵਈਏ ਦੀ ਨਿੰਦਾ ਕੀਤੀ ਗਈ ।

ਇਸ ਦੌਰਾਨ ਪ੍ਰਧਾਨ ਸੋਹਨ ਸਿੰਘ ਵਿਰਕ ਨੇ ਸੰਬੋਧਨ ਕਰਦੀਆ ਜੱਥੇਬੰਦੀਆ ਦੀ ਕਾਰਜਸ਼ੀਲਤਾ ਦਾ ਵਰਣਨ ਕੀਤਾ ਅਤੇ ਆਏ ਸਾਥੀਆ ਦਾ ਧੰਨਵਾਦ ਕੀਤਾ।

ਮੀਟਿੰਗ ਵਿਚ ਜਿਨਾਂ ਸੱਤ ਸਾਥੀਆਂ ਦੇ ਜਨਮ ਦਿਨ ਜੁਲਾਈ ਮਹੀਨੇ ਵਿਚ ਪੈਂਦੇ ਹਨ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ ਮੀਟਿੰਗ ਦੀ ਰਿਫਰੈਸਮੈਂਟ ਪ੍ਰਧਾਨ ਸੋਹਨ ਸਿੰਘ ਨੇ ਆਪਣੇ ਜਨਮ ਦਿਨ ਦੀ ਖੁਸੀ ਮੌਕੇ ਕੀਤੀ ।

ਅੱਜ ਦੀ ਮਿਟਿੰਗ ਵਿੱਚ ਦੋ ਨਵੇ ਰਿਟਾਇਰ ਹੋਏ ਮੈਂਬਰ ਹਰੀਪਾਲ ਅਤੇ ਗੁਲਜਾਰ ਸਿੰਘ ਨੂੰ ਜੱਥੇਬੰਦੀ ਵਿੱਚ ਸਾਮਲ ਹੋਣ ਤੇ ਸਨਮਾਨਿਤ ਕੀਤਾ ਗਿਆ।

# ਕੇਂਦਰ ਅਤੇ ਪੰਜਾਬ ਸਰਕਾਰ ਸਰਕਾਰੀ ਤੇ ਅਰਧ ਸਰਕਾਰੀ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਖਤਮ ਕਰਨ ਤੇ ਤੁਲੀ : ਧਾਲੀਵਾਲ



ਪਟਿਆਲਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਪੁਰਾਣੇ ਬਸ ਸਟੈਂਡ ਵਿਖੇ ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਦਾ ਹਰ ਮਹੀਨੇ ਦੀ ਤਰ੍ਹਾਂ ਸੇਵਾ ਮੁਕਤ ਕਰਮਚਾਰੀਆਂ ਦਾ ਭਰਵਾਂ ਇਕੱਠ ਸ੍ਰੀ ਉਤਮ ਸਿੰਘ ਬਾਗੜੀ, ਰਾਮ ਸਰੂਪ ਅਗਰਵਾਲ ਅਤੇ ਕੁਲਦੀਪ ਸਿੰਘ ਗਰੇਵਲ ਦੀ ਪ੍ਰਧਾਨਗੀ ਹੇਠ ਹੋਇਆ। ਇਸ ਮੌਕੇ ਜਥੇਬੰਦੀ ਸਰਪ੍ਰਸਤ ਸ੍ਰੀ ਨਿਰਮਲ ਸਿੰਘ ਧਾਲੀਵਾਲ ਉਚੇਚੇ ਤੌਰ ਤੇ ਇਸ ਇਕੱਠ ਨੂੰ ਸੰਬੋਧਨ ਕਰਨ ਲਈ ਪੁੱਜੇ ਹੋਏ ਸਨ।

ਸੇਵਾ ਮੁਕਤ ਕਰਮਚਾਰੀਆਂ ਦੀ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਦੀਆਂ ਨੀਤੀਆਂ ਅਤੇ ਰਵਈਏ ਸਬੰਧੀ ਕਿਹਾ ਕਿ ਅੱਜ ਭਾਵੇਂ ਕੇਂਦਰ ਦੀ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ ਹੋਵੇ ਇਹ ਦੋਵੇਂ ਹੀ ਪਬਲਿਕ ਸੈਕਟਰ ਵਿਰੋਧੀ, ਮਜਦੂਰ ਮੁਲਾਜਮ ਵਿਰੋਧੀ ਨੀਤੀਆਂ ਤੇ ਅਮਲ ਕਰਦੇ ਹੋਏ ਸਰਕਾਰੀ ਤੇ ਅਰਧ ਸਰਕਾਰੀ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਖਤਮ ਕਰਨ ਤੇ ਤੁਲੇ ਹੋਏ ਹਨ। ਇਨ੍ਹਾਂ ਅਦਾਰਿਆਂ ਦੀ ਮਾਲੀ ਅਤੇ ਨੀਤੀਗਤ ਮਦਦ ਨਾ ਕਰਕੇ ਇਨ੍ਹਾਂ ਨੂੰ ਕਮਜੋਰ ਕਰਕੇ ਖਤਮ ਕਰ ਰਹੇ ਹਨ। ਪੀ.ਆਰ.ਟੀ.ਸੀ. ਵਿੱਚ ਪਿਛਲੇ ਚਾਰ ਸਾਲਾਂ ਤੋਂ ਮਾਨ ਸਰਕਾਰ ਵਲੋਂ ਇੱਕ ਵੀ ਨਵੀਂ ਬੱਸ ਨਾ ਪੈਣ ਦੇਣੀ ਸਪਸ਼ਟ ਕਰਦੀ ਹੈ ਕਿ ਪ੍ਰਾਈਵੇਟ ਬਸ ਮਾਫੀਏ ਨੂੰ ਸਰਕਾਰ ਤੋਂ ਹਰ ਕਿਸਮ ਦੀ ਮਦਦ ਮਿਲ ਰਹੀ ਹੈ ਜਿਸ ਕਾਰਨ ਹੀ ਨਵੀਆਂ ਬੱਸਾਂ ਨਹੀਂ ਪਾਈਆ ਜਾ ਰਹੀਆਂ। ਜਿਸ ਦਾ ਸਿੱਧਾ ਫਾਇਦਾ ਪ੍ਰਾਈਵੇਟ ਬਸ ਮਾਫੀਏ ਨੂੰ ਮਿਲ ਰਿਹਾ ਹੈ। ਪੰਜਾਬ ਸਰਕਾਰ ਵਲੋਂ ਪੀ.ਆਰ.ਟੀ.ਸੀ. ਦੀ ਮਦਦ ਤਾਂ ਕੀ ਕੀਤੀ ਜਾਣੀ ਸੀ ਉਲਟਾ ਔਰਤਾਂ ਦੇ ਮੁਫ਼ਤ ਸਫਰ ਬਦਲੇ ਬਣਦੀ 600 ਕਰੋੜ ਰੁਪਏ ਤੋਂ ਵੱਧ ਦੀ ਬਣਦੀ ਰਾਸ਼ੀ ਵੀ ਨਹੀਂ ਦਿੱਤੀ ਜਾ ਰਹੀ। ਜਿਸ ਦਾ ਹੀ ਸਿੱਟਾ ਹੈ ਕਿ ਪਿਛਲੇ ਮਹੀਨੇ ਪੈਨਸ਼ਨ ਅਤੇ ਤਨਖਾਹ 28 ਜੂਨ ਨੂੰ ਮਿਲੀ, ਮੈਡੀਕਲ ਬਿੱਲਾਂ ਦੇ ਪੈਸੇ ਨਹੀਂ ਮਿਲਦੇ, ਸੇਵਾ ਮੁਕਤੀ ਬਕਾਏ ਨਹੀਂ ਮਿਲਦੇ, ਪੇ ਕਮਿਸ਼ਨ ਦੇ ਬਕਾਏ ਸਰਕਾਰ ਦੇ ਹੁਕਮ ਦੇ ਬਾਵਜੂਦ ਵੀ ਨਹੀਂ ਕੀਤੇ ਜਾ ਰਹੇ। ਇਸ ਮਹੀਨੇ ਫਿਰ ਅਜੇ ਤੱਕ ਤਨਖਾਹ—ਪੈਨਸ਼ਨ ਦੀ ਅਦਾਇਗੀ ਨਹੀਂ ਕੀਤੀ ਗਈ। ਸੇਵਾ ਮੁਕਤ ਕਰਮਚਾਰੀਆਂ ਅਤੇ ਮੌਜੂਦਾ ਕਰਮਚਾਰੀਆਂ ਦੇ 170 ਕਰੋੜ ਰੁਪਏ ਦੇ ਕਾਨੂੰਨੀ ਤੌਰ ਤੇ ਮਿਲਣਯੋਗ ਬਕਾਏ ਨਹੀਂ ਦਿੱਤੇ ਜਾ ਰਹੇ। ਰਿਟਾਇਰੀਜ਼ ਦਾ ਗੈਰ ਕਾਨੂੰਨੀ ਤੌਰ ਤੇ ਐਲ.ਟੀ.ਸੀ. ਨਹੀਂ ਦਿੱਤਾ ਜਾ ਰਿਹਾ। ਸੇਵਾ ਮੁਕਤੀ ਬਕਾਏ ਅਦਾ ਨਹੀਂ ਕੀਤੇ ਜਾ ਰਹੇ, ਗਰੈਚੂਟੀ ਆਦਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ। ਰੈਲੀ ਨੂੰ ਸੰਬੋਧਨ ਕਰਦਿਆਂ ਉਤਮ ਸਿੰਘ ਬਾਗੜੀ, ਸੁਖਦੇਵ ਰਾਮ ਸੁੱਖੀ ਅਤੇ ਰਾਮ ਸਰੂਪ ਅਗਰਵਾਲ ਨੇ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਫਿਰ ਵਰਕਰਾਂ ਕੋਲ ਸਖਤ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ ਬਚੇਗਾ।

# ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਉੱਚ ਪੱਧਰੀ ਟੀਮ ਵੱਲੋਂ ਠੋਸ ਰਹਿੰਦ-ਖੂੰਹਦ ਡੰਪ ਸਾਈਟ ਦਾ ਜਾਇਜ਼ਾ

# ਡਿਪਟੀ ਕਮਿਸ਼ਨਰ ਵੱਲੋਂ ਕੂੜੇ ਦੇ ਵਾਤਾਵਰਣ ਪੱਖੀ ਨਿਪਟਾਰੇ ਲਈ ਲੋਕਾਂ ਨੂੰ ਸਹਿਯੋਗ ਦੀ ਅਪੀਲ



ਪਟਿਆਲਾ, 11 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਨਗਰ ਨਿਗਮ ਦੇ ਅਧਿਕਾਰੀਆਂ ਦੀ ਇੱਕ ਉੱਚ ਪੱਧਰੀ ਸੰਯੁਕਤ ਟੀਮ ਨੇ ਅੱਜ ਸਵੇਰੇ ਇੱਥੇ ਸਨੌਰੀ ਅੱਡੇ ਨੇੜੇ ਮਿਉਂਸਪਲ ਠੋਸ ਰਹਿੰਦ-ਖੂੰਹਦ ਡੰਪ ਸਾਈਟ ਦਾ ਦੌਰਾ ਕਰਕੇ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਨਗਰ ਨਿਗਮ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਇਸ ਠੋਸ ਕੂੜੇ ਦਾ ਨਿਪਟਾਰਾ ਕਰ ਰਹੀ ਏਜੰਸੀ ਨੂੰ ਹਦਾਇਤ ਕੀਤੀ ਕਿ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ, 2016 ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕੌਮੀ ਗਰੀਨ ਟ੍ਰਿਬਿਊਨਲ ਕੋਲ ਡੰਪ ਸਾਈਟ 'ਤੇ ਅੱਗ ਲੱਗਣ ਬਾਬਤ ਸੰਜੀਵ ਕੁਮਾਰ ਵੱਲੋਂ ਕੀਤੀ ਸ਼ਿਕਾਇਤ ਬਾਬਤ ਸ਼ਿਕਾਇਤ ਕਰਤਾ ਨੂੰ ਵੀ ਨਾਲ ਲੈਕੇ ਮੌਕੇ ਦਾ ਜਾਇਜ਼ਾ ਲਿਆ, ਜਿਸ 'ਤੇ ਸ਼ਿਕਾਇਤ ਕਰਤਾ ਨੇ ਸੰਤੁਸ਼ਟੀ ਪ੍ਰਗਟਾਉਂਦਿਆਂ ਦੱਸਿਆ ਕਿ ਬੀਤੇ ਤਿੰਨ ਮਹੀਨਿਆਂ ਤੋਂ ਸਥਿਤੀ ਵਿੱਚ ਬਹੁਤ ਸੁਧਾਰ ਹੋਇਆ ਹੈ ਅਤੇ ਇੱਥੇ ਬਦਬੂ ਵੀ ਲਗਪਗ ਖਤਮ ਹੋ ਗਈ ਹੈ ਅਤੇ ਹੁਣ ਕੋਈ ਅੱਗ ਵੀ ਨਹੀਂ ਲੱਗੀ।

ਡਿਪਟੀ ਕਮਿਸ਼ਨਰ ਨੇ ਇਸ ਦੌਰੇ ਦੌਰਾਨ ਡੰਪ ਸਾਈਟ 'ਤੇ ਮੈਸਰਜ਼ ਸਾਗਰ ਮੋਟਰਜ਼, ਲਾਤੂਰ, ਮਹਾਰਾਸ਼ਟਰ ਦੁਆਰਾ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਇਸ 'ਚ ਹੋਰ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਸੰਯੁਕਤ ਕਮੇਟੀ ਨੇ ਪਾਇਆ ਕਿ ਇੱਥੇ ਹੁਣ ਕੂੜੇ ਨੂੰ ਅੱਗ ਲੱਗਣ ਦਾ ਕੋਈ ਮਾਮਲਾ ਨਹੀਂ ਹੈ ਅਤੇ ਸਾਈਟ 'ਤੇ ਫਾਇਰ ਅਲਾਰਮ ਸਿਸਟਮ ਵਾਲੇ ਮੀਥੇਨ ਮੀਟਰ ਲਗਾਏ ਗਏ ਹਨ ਅਤੇ ਇੱਕ ਫਾਇਰ ਬ੍ਰਿਗੇਡ ਗੱਡੀ ਵੀ ਇੱਥੇ ਤਾਇਨਾਤ ਕੀਤੀ ਗਈ ਹੈ।

ਕੰਪਨੀ ਦੇ ਪ੍ਰਤੀਨਿਧੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਠੋਸ ਰਹਿੰਦ-ਖੂੰਹਦ ਦਾ ਅਗਲੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਆਦੇਸ਼ ਦਿੱਤੇ ਕਿ ਸ਼ਹਿਰ ਨੂੰ ਸੜਕਾਂ ਦੇ ਕਿਨਾਰੇ ਖੁੱਲ੍ਹੇ ਵਿੱਚ ਕੂੜਾ ਸੁੱਟਣ ਅਤੇ ਠੋਸ ਰਹਿੰਦ-ਖੂੰਹਦ ਨੂੰ ਸਾੜਨ ਤੋਂ ਮੁਕਤ ਕੀਤਾ ਜਾਵੇ, ਤਾਂ ਜੋ ਸ਼ਹਿਰ ਵਿੱਚ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਅੱਜ ਦੀ ਸੰਯੁਕਤ ਕਮੇਟੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਰਿਪੋਰਟ ਸੌਂਪੇਗੀ, ਜੋ ਅੱਗੇ ਐਨਜੀਟੀ ਵਿੱਚ ਦਾਇਰ ਕੀਤੀ ਜਾਵੇਗੀ।

ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸੀਨੀਅਰ ਵਾਤਾਵਰਣ ਇੰਜੀਨੀਅਰ ਰਾਜੇਸ਼ ਚੋਪੜਾ, ਵਾਤਾਵਰਣ ਇੰਜੀਨੀਅਰ ਗੁਰਕਰਨ ਸਿੰਘ ਤੇ ਮੋਹਿਤ ਸਿੰਗਲਾ ਸਮੇਤ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਰਾਜਿੰਦਰ ਚੋਪੜਾ, ਕਾਰਜਕਾਰੀ ਇੰਜੀਨੀਅਰ ਜੇ.ਪੀ. ਸਿੰਘ ਤੇ ਮੈਡੀਕਲ ਅਫ਼ਸਰ ਡਾ. ਨਵਿੰਦਰ ਸਿੰਘ, ਐਸ.ਡੀ.ਓ. ਹਰਦੀਪ ਸਿੰਘ ਤੇ ਸੈਨੇਟਰੀ ਇੰਸਪੈਕਟਰ ਹਰਵਿੰਦਰ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਅਤੇ ਖਾਸ ਕਰਕੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕੂੜਾ ਘਟਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਇਸ ਲਈ ਕੇਵਲ ਕੁਝ ਕੁ ਗੱਲਾਂ ਦਾ ਧਿਆਨ ਰੱਖਣ, ਜਿਸ ਨਾਲ ਕੂੜੇ ਦਾ ਨਿਪਟਾਰਾ ਸੁਚੱਜੇ ਤੇ ਵਾਤਾਵਰਣ ਪੱਖੀ ਢੰਗ ਨਾਲ ਸਹਿਜੇ ਹੀ ਕੀਤਾ ਜਾ ਸਕੇਗਾ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜੇਕਰ ਹਰ ਨਾਗਰਿਕ ਆਪਣੀ ਜਿੰਮੇਵਾਰੀ ਸਮਝਦੇ ਹੋਏ ਆਪਣੇ ਘਰਾਂ ਵਿੱਚ ਪੈਦਾ ਹੁੰਦੇ ਕੂੜੇ ਨੂੰ ਪਹਿਲਾਂ ਤਾਂ ਘਟਾਵੇ ਅਤੇ ਦੂਜਾ ਇਸ ਨੂੰ 100 ਫੀਸਦੀ ਗਿੱਲਾ ਤੇ ਸੁੱਕਾ ਵੱਖ-ਵੱਖ ਕਰਨਾ ਯਕੀਨੀ ਬਣਾਏ ਅਤੇ ਤੀਸਰੀ ਮਹੱਤਵਪੂਰਨ ਗੱਲ, ਦੁਬਾਰਾ ਵਰਤੀ ਜਾਣ ਵਾਲੀਆਂ ਵਸਤਾਂ ਨੂੰ ਰੀਸਾਇਕਲ ਕਰਨ ਲਈ ਭੇਜੇ ਤਾਂ ਅਸੀਂ ਪਟਿਆਲਾ ਨੂੰ ਕੂੜਾ ਮੁਕਤ ਕਰਕੇ ਹਰਿਆ-ਭਰਿਆ ਤੇ ਸਾਫ਼-ਸੁੱਥਰਾ ਬਣਾ ਸਕਦੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਬੂਟੇ ਲਾਉਣ ਲਈ ਵੀ ਪ੍ਰੇਰਿਤ ਕੀਤਾ ਤਾਂ ਕਿ ਸ਼ਹਿਰ ਦਾ ਸਾਰਾ ਕੂੜਾ ਹੀ ਇੱਥੇ ਆਵੇ ਤੇ ਕੂੜੇ ਦਾ ਵਾਤਾਵਰਣ ਪੱਖੀ ਢੰਗ ਨਾਲ ਸਹੀ ਨਿਪਟਾਰਾ ਕੀਤਾ ਜਾ ਸਕੇ।

# ਮੈਨੂੰ ਸਲਾਹ ਨਹੀਂ, ਸਹਿਯੋਗ ਚਾਹੀਦਾ



ਦੁਨੀਆ ਦੀ ਸਭ ਤੋਂ ਸਸਤੀ ਚੀਜ਼ ਸਲਾਹ ਹੈ ਜੋ ਇਕ ਤੋਂ ਮੰਗੋ ਹਜ਼ਾਰਾਂ ਤੋਂ ਮਿਲਦੀ ਹੈ ਤੇ ਸਭ ਤੋਂ ਮਹਿੰਗਾ ਹੈ ਚੀਜ਼ ਸਹਿਯੋਗ ਹਜ਼ਾਰਾਂ ਤੋਂ ਮੰਗੋ ਇਕ ਤੋਂ ਮਿਲਦਾ ਹੈ। ਕੁਝ ਅਜਿਹਾ ਹੀ ਹੋਇਆ ਅੰਮ੍ਰਿਤਾ ਦੇ ਨਾਲ ਜਿਸ ਨੇ ਬਚਪਨ ਤੋਂ ਇਕ ਹੀ ਸੁਪਨਾ ਵੇਖਿਆ ਸੀ ਪਾਇਲਟ ਬਣਨ ਦਾ। ਬਚਪਨ ਤੋਂ ਹੀ ਉਸ ਦੇ ਇਰਾਦੇ ਮਜ਼ਬੂਤ ਸਨ। ਆਪਣੇ ਇਸੇ ਜਜ਼ਬੇ ਦੇ ਨਾਲ ਉਸ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਉਡਾਨ ਭਰਨੀ ਸ਼ੁਰੂ ਕਰ ਦਿੱਤੀ ਸੀ ਪਰ ਜਦ ਉਹ ਇਸ ਸੁਪਨੇ ਨੂੰ ਪੂਰਾ ਕਰਨ ਦੇ ਬਿਲਕੁਲ ਨੇੜੇ ਜਾ ਪਹੁੰਚੀ ਤਾਂ ਉਸ ਨੂੰ ਇਸ ਦੁਨੀਆ ਦੀਆਂ ਖੋਖਲੀਆਂ ਗੱਲਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਕੁੜੀ ਹੋ ਕੇ ਇੰਨੇ ਵੱਡੇ ਸੁਪਨੇ? ਕੁੜੀ ਹੈ ਅੱਜ ਨਹੀਂ ਤਾਂ ਕੱਲ੍ਹ ਸੁਹਰੇ ਘਰ ਜਾਣਾ ਹੈ ਇਸ ਲਈ ਘਰ ਦਾ ਕੰਮ ਸਿੱਖ, ਇਹੋ-ਜਿਹੇ ਸੁਪਨੇ ਨਾ ਪਾਲ! ਦੁਨੀਆ ਦੀਆਂ ਅਜਿਹੀ ਗੱਲਾਂ ਨਾਲ ਉਸ ਦਾ ਹੌਸਲਾ ਟੁਟਿਆ ਨਹੀਂ ਬਲਕਿ ਹੋਰ ਮਜ਼ਬੂਤ ਹੋ ਗਿਆ। ਇਸ ਵਕਤ ਉਸ ਨੂੰ ਪਰਿਵਾਰ ਦੇ ਸਹਿਯੋਗ ਦੀ ਜ਼ਰੂਰਤ ਸੀ ਪਰ ਉਸ ਦੇ ਘਰਦਿਆਂ ਨੇ ਵੀ ਹੋਰ ਲੋਕਾਂ ਵਾਂਗ ਹੀ ਉਸ ਨੂੰ ਸਲਾਹ ਦੇਣੀ ਸ਼ੁਰੂ ਕਰ ਦਿੱਤੀ। ਸਿਰਫ਼ ਤਾਂ ਸਿਰਫ਼ ਉਸ ਦਾ ਸਾਥ ਦਿੱਤਾ, ਉਸ ਦੀ ਵੱਡੀ ਭੈਣ ਰਾਣੋ ਨੇ। ਆਪਣੇ ਘਰਦਿਆਂ ਦੇ ਖਿਲਾਫ਼ ਜਾ ਕੇ ਰਾਣੋ ਨੇ ਉਸ ਦੇ ਸੁਪਨਿਆਂ ਨੂੰ ਤਰਜੀਹ ਦਿੱਤੀ। ਅੰਮ੍ਰਿਤਾ ਨੇ ਜਦੋਂ ਆਪਣਾ ਸੁਪਨਾ ਨੂੰ ਪੂਰਾ ਕਰਨ ਲਈ ਘਰੋਂ ਪੈਰ ਪੁੱਟਿਆ ਤਾਂ ਆਪਣੇ ਘਰਦਿਆਂ ਨੂੰ ਬਸ ਇਹੀ ਕਿਹਾ, 'ਮੈਨੂੰ ਤੁਹਾਡੀ ਸਲਾਹ ਨਹੀਂ ਸਹਿਯੋਗ ਚਾਹੀਦਾ ਸੀ ਕਿਉਂਕਿ ਸਲਾਹ ਤਾਂ ਪੂਰੀ ਦੁਨੀਆ ਦੇ ਰਹੀ ਸੀ ਸਹਿਯੋਗ ਸਿਰਫ਼ ਆਪਣੇ ਦੇ ਸਕਦੇ ਸੀ ਪਰ ਸ਼ਾਇਦ ਮੇਰੇ ਆਪਣੇ ਵੀ ਬਾਕੀ ਦੁਨੀਆ ਵਾਂਗ ਸਲਾਹ ਹੀ ਦੇ ਸਕਦੇ, ਸਹਿਯੋਗ ਨਹੀਂ!

• ਸ਼ਿਵਾਨੀ

# ਕਰਮਾਂ ਦਾ ਫਲ਼

***ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ।***



ਮਨਮੀਤ ਰੋਜ਼ ਦੀ ਤਰ੍ਹਾਂ ਬੈਠਕ ਵਿਚ ਆਪਣੀ ਤਿੰਨ ਸਾਲਾਂ ਦੀ ਕੁੜੀ ਹਿਮਾਨੀ ਕੋਲ ਬੈਠਾ ਸਿਗਰਟ ਪੀ ਰਿਹਾ ਸੀ , ਸਿਗਰਟ ਦਾ ਧੂੰਆਂ ਸਿੱਧਾ ਹਿਮਾਨੀ ਦੇ ਮੂੰਹ 'ਤੇ ਪੈ ਰਿਹਾ ਸੀ ਤੇ ਹਿਮਾਨੀ ਉੱਚੀ-ਉੱਚੀ ਖੰਘ ਰਹੀ ਸੀ। ਹਿਮਾਨੀ ਨੂੰ ਖੰਘਦੇ ਦੇਖ ਕੇ ਹਰਜੋਤ ਦੌੜੀ-ਦੌੜੀ ਬੈਠਕ ਵਿਚ ਆਈ ਉਸ ਨੇ ਹਿਮਾਨੀ ਨੂੰ ਆਪਣੀ ਗੋਦ ਵਿਚ ਚੁੱਕ ਕੇ ਮਨਮੀਤ ਨੂੰ ਗੁੱਸੇ ਵਿਚ ਬੋਲ ਦੇ ਹੋਏ ਕਿਹਾ, "ਮੈਂ ਤਹਾਨੂੰ ਕਿੰਨੀ ਵਾਰੀ ਕਿਹਾ ਕਿ ਬੱਚਿਆ ਦੇ ਸਾਹਮਣੇ ਸਿਗਰਟ ਨਾ ਪੀਓ" ਪਰ ਤੁਸੀਂ ਮੇਰੀ ਸੁਣਦੇ ਹੀ ਨਹੀਂ!!! ਪਰ ਮਨਮੀਤ ਨੇ ਹਰਜੋਤ ਦੀ ਗੱਲ ਨਾ ਮੰਨੀ ਤੇ ਹਰਜੋਤ ਨੂੰ ਹੀ ਬੁਰਾ-ਭਲਾ ਬੋਲ ਕੇ ਉਥੋਂ ਭੇਜ ਦਿੰਦਾ ਹੈ। ਮਨਮੀਤ ਰੋਜ਼ ਹੀ ਕੰਮ ਤੋਂ ਵਾਪਸ ਆ ਕੇ ਬੱਚਿਆਂ ਕੋਲ ਸਿਗਰਟ ਪੀਂਦਾ।

ਇਸ ਤਰ੍ਹਾਂ ਇਕ ਦਿਨ ਜਦ ਮਨਮੀਤ ਕੰਮ ਤੋਂ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਹਿਮਾਨੀ ਬੜੀ ਜ਼ੋਰ-ਜ਼ੋਰ ਨਾਲ ਖੰਘ ਰਹੀ ਹੈ ਤੇ ਹਰਜੋਤ ਉਸ ਕੋਲ ਬੈਠੀ ਰੋ ਰਹੀ ਹੈ। ਹਰਜੋਤ ਨੇ ਮਨਮੀਤ ਨੂੰ ਦੱਸਿਆ ਕਿ ਹਿਮਾਨੀ ਪਿਛਲੇ ਦੋ ਘੰਟਿਆਂ ਤੋਂ ਲਗਾਤਾਰ ਖੰਘ ਕਰ ਰਹੀ ਹੈ ਤੇ ਉਸ ਨੂੰ ਸਾਹ ਲੈਣ 'ਚ ਵੀ ਤਕਲੀਫ਼ ਹੋ ਰਹੀ ਹੈ। ਮਨਮੀਤ ਇਕਦਮ ਘਬਰਾ ਗਿਆ ਤੇ ਉਹ ਦੋਵੇਂ ਹਿਮਾਨੀ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ। ਇਹ ਸੁਣ ਕੇ ਮਨਮੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਸੋਚ ਰਿਹਾ ਸੀ ਕਿ ਉਸ ਦੇ ਬੁਰੇ ਕਰਮਾਂ ਦਾ ਫਲ਼ ਉਸ ਦੀ ਬੱਚੀ ਨੂੰ ਭੁਗਤਣਾ ਪੈ ਰਿਹਾ ਹੈ।

• ਸਿਮਰਨ

# ਬੋਝ ਨਹੀਂ, ਜਗ ਜਨਨੀ ਹਾਂ

**ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਚੱਲ ਰਹੀ ਹੈ। ਜ਼ਿੰਮੇਵਾਰੀ ਚਾਹੇ ਘਰੇਲੂ ਹੋਵੇ ਜਾਂ ਨੌਕਰੀ ਦੀ, ਔਰਤ ਪੂਰੀ ਤਨਦੇਹੀ ਨਾਲ ਨਿਭਾ ਰਹੀ ਹੈ। ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਜਦ ਕਿ ਔਰਤ ਤੋਂ ਬਿਨਾਂ ਸਮਾਜ ਦੀ ਹੋਂਦ ਸੰਭਵ ਨਹੀਂ।**

ਜਸਪ੍ਰੀਤ ਕੌਰ ਸੰਘਾ



ਬੇਸ਼ੱਕ ਅਸੀਂ ਆਧੁਨਿਕ ਯੁੱਗ ਦੀ ਤਕਨਾਲੋਜੀ ਭਰਪੂਰ 21ਵੀਂ ਸਦੀ ਵਿਚ ਵਿਚਰ ਰਹੇ ਹਾਂ ਪਰ ਔਰਤ ਪ੍ਰਤੀ ਸਾਡਾ ਨਜ਼ਰੀਆ ਓਹੀ ਰੂੜ੍ਹੀਵਾਦੀ ਹੈ। ਔਰਤ ਅੱਜ ਵੀ ਸਾਡੇ ਸਮਾਜ ਲਈ ਇਕ ਭੋਗਣ ਵਾਲੀ ਵਸਤੂ ਤੋਂ ਵੱਧ ਕੁਝ ਨਹੀਂ। ਇਸ ਕਰਕੇ ਧੀਆਂ ਨੂੰ ਸਮਾਜ ਵਿਚ ਅੱਜ ਵੀ ਬੋਝ ਸਮਝਿਆ ਜਾਂਦਾ ਹੈ, ਧੀਆਂ ਦਾ ਕੁੱਖਾਂ ਵਿਚ ਕਤਲ ਕਰਾਇਆ ਜਾ ਰਿਹਾ ਹੈ। ਜੇ ਕੁੱਖ ਵਿੱਚੋਂ ਬਚ ਜਾਣ ਤਾਂ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤੀਆਂ ਜਾਂਦੀਆਂ ਹਨ ਤੇ ਜੇ ਉੱਥੋਂ ਵੀ ਬਚ ਜਾਣ ਤਾਂ ਮਰਦ ਪ੍ਰਧਾਨ ਸਮਾਜ ਦੀ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜੇ ਚੰਗੀ ਕਿਸਮਤ ਨਾਲ ਉੱਥੋਂ ਵੀ ਬਚ ਜਾਣ ਤਾਂ ਦਾਜ ਦੀ ਅੱਗ ਵਿਚ ਸਾੜ ਦਿੱਤੀਆਂ ਜਾਂਦੀਆਂ ਹਨ।

ਔਰਤ ਪ੍ਰਤੀ ਸਾਡੀ ਸੋਚ ਦੋਗਲੀ ਹੈ। ਸਾਨੂੰ ਘਰ ਵਿਚ ਸੁੰਦਰ ਨੂੰਹ ਤਾਂ ਚਾਹੀਦੀ ਪਰ ਧੀ ਨਹੀਂ। ਇਕ ਪਾਸੇ ਅਸੀਂ ਮੰਦਰਾਂ ਵਿਚ ਕੰਜਕਾਂ ਪੂਜੀ ਜਾ ਰਹੇ ਹਾਂ ਤੇ ਦੂਜੇ ਪਾਸੇ ਉਨ੍ਹਾਂ ਹੀ ਮੰਦਰਾਂ ਵਿਚ ਧੀਆਂ ਨਾਲ ਜਬਰ-ਜਿਨਾਹ ਦੀਆਂ ਘਟਨਾਵਾਂ ਹੋ ਰਹੀਆਂ ਹਨ। ਔਰਤ ਪ੍ਰਤੀ ਇਹ ਦੋਹਰਾ ਮਾਪਦੰਡ ਕਿਉਂ? ਸਮਾਜ ਦੇ ਦੋਹਰੇ ਨਜ਼ਰੀਏ ਕਰਕੇ ਹੀ ਔਰਤ ਅੱਜ ਆਪਣੇ ਵਜੂਦ ਲਈ ਤਰਸ ਰਹੀ ਹੈ।

ਅੱਜ ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੀ ਹੈ। ਚਾਹੇ ਘਰੇਲੂ ਜ਼ਿੰਮੇਵਾਰੀ ਹੋਵੇ ਜਾਂ ਨੌਕਰੀ ਦੀ। ਔਰਤ ਦੋਨੋਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਂਦੀ ਹੈ ਪਰ ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਔਰਤ ਬੋਝ ਨਹੀਂ, ਔਰਤ ਤਾਂ ਜਗ ਜਨਣੀ ਹੈ। ਔਰਤ ਹੈ ਤਾਂ ਹੀ ਧਰਤੀ 'ਤੇ ਜੀਵਨ ਹੈ। ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ , ਮਹਾਰਾਜਾ ਰਣਜੀਤ ਸਿੰਘ ਜਿਹੇ ਸੂਰਬੀਰਾਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਧੀਆਂ ਨੂੰ ਕੁੱਖੀ ਕਤਲ ਕਰਨ ਤੋਂ ਪਹਿਲਾਂ ਇਕ ਵਾਰ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਮਾਤਾ ਭਾਗ ਕੌਰ, ਮਾਤਾ ਗੁਜਰੀ, ਸਦਾ ਕੌਰ, ਕਲਪਨਾ ਚਾਵਲਾ, ਮਦਰ ਟਰੇਸਾ ਜਿਹੀਆਂ ਮਹਾਨ ਔਰਤਾਂ ਦੇ ਜੀਵਨ 'ਤੇ ਝਾਤ ਮਾਰੋ, ਜਿਨ੍ਹਾਂ ਨੂੰ ਅੱਜ ਵੀ ਉਨ੍ਹਾਂ ਦੇ ਗੁਣਾਂ ਕਰਕੇ ਯਾਦ ਕੀਤਾ ਜਾਂਦਾ ਹੈ। ਅੱਜ ਦੀ ਔਰਤ ਤਾਂ ਚੰਦ ਤਕ ਪਹੁੰਚ ਗਈ ਹੈ। ਆਪਣੇ ਹੀ ਦੇਸ਼ ਅੰਦਰ ਦੇਖ ਲਓ, ਦੇਸ਼ ਦੀ ਰੱਖਿਆ ਮੰਤਰੀ ਔਰਤ, ਵਿਦੇਸ਼ ਮੰਤਰੀ ਔਰਤ, ਲੋਕ ਸਭਾ ਦੀ ਸਪੀਕਰ ਔਰਤ, ਫਿਰ ਔਰਤ ਮਰਦ ਨਾਲੋਂ ਪਿੱਛੇ ਕਿੱਦਾਂ ਹੈ?



ਔਰਤ ਪਿਆਰ, ਮੋਹ, ਮਮਤਾ, ਤਿਆਗ ਅਤੇ ਸਬਰ-ਸੰਤੋਖ ਦੀ ਮੂਰਤ ਹੈ। ਤੁਸੀਂ ਉਸ ਨੂੰ ਜਿੰਨਾ ਜ਼ਿਆਦਾ ਪਿਆਰ-ਸਤਿਕਾਰ ਦਿਉਗੇ, ਓਹ ਉਸ ਤੋਂ ਦੂੱਗਣਾ ਤਹਾਨੂੰ ਵਾਪਸ ਦੇਵੇਗੀ। ਬਹੁਤ ਭਾਗਾਂ ਵਾਲੇ ਨੇ ਉਹ ਘਰ ਜਿੱਥੇ ਧੀ ਦਾ ਜਨਮ ਹੁੰਦਾ ਹੈ ਕਿਉਂਕਿ ਧੀ ਨਾਲ ਹੀ ਪਰਿਵਾਰ ਹੈ। ਧੀ ਨਾਲ ਹੀ ਸਮਾਜ ਹੈ ਤੇ ਧੀ ਨਾਲ ਹੀ ਸੰਸਾਰ ਹੈ। ਧੀ ਦਾ ਤ੍ਰਿਸਕਾਰ ਕਰਨ ਦੀ ਬਜਾਇ ਉਸ ਨੂੰ ਪਿਆਰ ਸਤਿਕਾਰ ਦਿਉ, ਉਡਣ ਲਈ ਖੁੱਲ੍ਹਾ ਅਸਮਾਨ ਦਿਉ। ਦੋ-ਦੋ ਘਰਾਂ ਦੀ ਮਾਣ ਮਰਿਆਦਾ ਦਾ ਪਾਲਣ ਧੀਆਂ ਕਰਦੀਆਂ ਹਨ, ਫਿਰ ਵੀ ਉਨ੍ਹਾਂ ਨੂੰ ਬੇਗਾਨੀਆਂ ਸਮਝਣਾ ਸਾਡੇ ਸਮਾਜ ਦੀ ਛੋਟੀ ਸੋਚ ਹੈ।

ਔਰਤ ਜਨਮ ਤੋਂ ਮਰਨ ਤਕ ਸਿਰਫ਼ ਪਿਆਰ ਹੀ ਵੰਡਦੀ ਹੈ। ਚਾਹੇ ਉਹ ਧੀ ਦੇ ਰੂਪ ਵਿਚ ਹੋਵੇ, ਚਾਹੇ ਭੈਣ ਦੇ ਰੂਪ ਵਿਚ, ਚਾਹੇ ਪਤਨੀ ਦੇ ਰੂਪ ਵਿਚ ਜਾਂ ਫਿਰ ਮਾਂ ਦੇ ਰੂਪ ਵਿਚ ਹੋਵੇ। ਹਰ ਰੂਪ ਵਿਚ ਔਰਤ ਪਿਆਰ ਤੇ ਬਲੀਦਾਨ ਦੀ ਮੂਰਤ ਹੈ।

ਪਰ ਅਫ਼ਸੋਸ ਸਾਡੇ ਸਮਾਜ ਵਿਚ ਔਰਤ ਦਾ ਅੱਜ ਵੀ ਆਪਣਾ ਕੋਈ ਵਜੂਦ ਨਹੀਂ ਹੈ। ਕੁਝ ਗਿਣਤੀ ਦੀਆਂ ਔਰਤਾਂ ਹਨ, ਜਿਨ੍ਹਾਂ ਨੇ ਸਮਾਜ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ, ਪਰ ਇਹ ਗਿਣਤੀ ਵੀ ਆਟੇ ਵਿਚ ਲੂਣ ਬਰਾਬਰ ਹੈ।

ਭਰੂਣ-ਹੱਤਿਆ, ਦਹੇਜ ਪ੍ਰਥਾ, ਜਿਸਮਾਨੀ ਤੇ ਮਾਨਸਿਕ ਸ਼ੋਸ਼ਣ, ਘਰੇਲੂ ਹਿੰਸਾ ਆਦਿ ਸਮੱਸਿਆਵਾਂ ਨਾਲ ਅੱਜ ਵੀ ਔਰਤ ਜੂਝ ਰਹੀ ਹੈ। ਜਿਸ ਸਮਾਜ ਵਿਚ ਔਰਤ 'ਤੇ ਇੰਨੇ ਅੱਤਿਆਚਾਰ ਹੋ ਰਹੇ ਹੋਣ, ਉਸ ਨੂੰ ਸੱਭਿਆ ਸਮਾਜ ਨਹੀਂ ਕਿਹਾ ਜਾ ਸਕਦਾ। ਜਿਸ ਸਮਾਜ ਵਿਚ ਔਰਤ ਆਪਣੇ ਘਰ ਵਿਚ ਵੀ ਸੁਰੱਖਿਅਤ ਨਹੀਂ ਅਜਿਹਾ ਸਮਾਜ ਵਿਕਾਸ ਕਿਵੇਂ ਕਰ ਸਕਦਾ ਹੈ। ਲੋੜ ਹੈ ਔਰਤ ਪ੍ਰਤੀ ਨਜ਼ਰੀਏ ਨੂੰ ਬਦਲਣ ਦੀ। ਔਰਤ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਦੇਣ ਦੀ। ਔਰਤ ਜੀਵਨਦਾਤੀ ਹੈ। ਜੇਕਰ ਸਮਾਂ ਰਹਿੰਦੇ ਇਸ ਗੱਲ ਨੂੰ ਅਸੀਂ ਨਾ ਸਮਝੇ ਤਾਂ ਆਪਣੇ ਵਿਨਾਸ਼ ਦੇ ਜ਼ਿੰਮੇਵਾਰ ਅਸੀ ਖ਼ੁਦ ਹੋਵਾਂਗੇ ਤੇ ਫਿਰ ਆਦਮ ਜਾਤ ਨੂੰ ਕਿਸੇ ਵੀ ਦੈਵੀ ਸ਼ਕਤੀ ਨੇ ਆ ਕੇ ਨਹੀਂ ਬਚਾਉਣਾ।

**ਔਰਤ ਨੂੰ ਵਸਤੂ**  
**ਸਮਝਣ ਵਾਲਿਆ**  
**ਤੂੰ ਵੀ ਤਾਂ ਕਿਸੇ**  
**ਔਰਤ ਦਾ ਜਾਇਆ ਹੈ**  
**ਕਿਤੇ ਔਰਤ ਬਣ ਕੇ ਤਾਂ ਦੇਖ**  
**ਅਸੀਂ ਕਿੰਨਾ ਦਰਦ**  
**ਹੰਢਾਇਆ ਹੈ।**

# ਬੁੱਧੀਜੀਵੀ

*ਬੁੱਧੀਜੀਵੀ ਸਮਾਜ ਵਿਚ ਲੇਖਕ ਵਰਗ ਵੀ ਆਉਂਦਾ ਹੈ। ਇਨ੍ਹਾਂ ਦੀ ਕਲਮ ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੋਈ ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ।*

ਸਤਨਾਮ ਚੌਹਾਨ



ਲੇਖਕ ਸਮਾਜ ਦਾ ਉਹ ਵਰਗ ਹੈ ਜੋ ਬੁੱਧੀਜੀਵੀ ਜਮਾਤ ਵਿਚ ਆਉਂਦਾ ਹੈ। ਲੇਖਕ ਦੀ ਕਲਮ ਹਰ, ਨਿਆਂ, ਅਨਿਆਂ ਵਿਰੁੱਧ ਖੜ੍ਹਦੀ ਹੈ। ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੈ। ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ। ਸਾਡੇ ਗੁਰੂ ਸਾਹਿਬਾਨ ਮਹਾਨ ਲੇਖਕ ਸਨ ਜਿਨ੍ਹਾਂ ਨੇ ਗੁਰਬਾਣੀ ਰਚ ਕੇ ਸਮਾਜਿਕ ਬੁਰਾਈਆਂ ਦਾ ਵਿਰੋਧ ਅੱਜ ਤੋਂ ਕਈ ਸਾਲ ਪਹਿਲਾਂ ਕੀਤਾ। ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਦੇ ਹੁੰਦੇ।

ਬੰਗਾਲ ਦੀਆਂ ਇਸਤਰੀਆਂ ਜੋ ਜਾਦੂ-ਟੂਣਿਆਂ ਵਿਚ ਫਸੀਆਂ ਹੋਈਆਂ ਸਨ, ਉਨਾਂ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਕੀਤਾ ਤੇ ਚੰਗਾ ਜੀਵਨ ਜਿਊਣ ਵੱਲ ਪ੍ਰੇਰਿਆ। ਅੰਮ੍ਰਿਤਾ ਦੀ ਕਲਮ ਨੇ ਸਮੇਂ ਦੇ ਹਾਕਮ ਵੱਲੋਂ ਕੀਤੀ ਗਈ ਵੰਡ ਤੇ ਰੁਲੀਆਂ ਅਸਮਤਾਂ ਦੇ ਵਿਰੁੱਧ ਵੈਣ ਵਰਗੇ ਬੋਲ ਲਿਖੇ :

ਅੱਜ ਆਖਾਂ ਵਾਰਿਸ ਸਾਹ ਨੂੰ  
ਕਿਤੋਂ ਕਬਰਾਂ ਵਿੱਚੋਂ ਬੋਲ...

ਇਸੇ ਤਰ੍ਹਾਂ ਮੈਡਮ ਦਲੀਪ ਕੋਰ ਟਿਵਾਣਾ, ਜੋ ਮੇਰੀ ਪਸੰਦੀਦਾ ਕਹਾਣੀਕਾਰਾ ਹੈ, ਬਚਿੰਤ ਕੌਰ ਅਤੇ ਹੋਰ ਬਹੁਤ ਸਾਰੀਆਂ ਲੇਖਕਾਵਾਂ ਤੇ ਲੇਖਕ। ਹੁਣੇ ਜਿਹੇ ਜਸਵੀਰ ਮੰਡ ਦਾ ਨਾਵਲ 'ਬੋਲ ਮਰਦਾਨਿਆਂ' ਆਇਆ ਜੋ ਕਿ ਮਹਾਨ ਰਚਨਾ ਹੈ ਉਸ ਲੇਖਕ ਦੀ । ਵਰ੍ਹਿਆਂ ਦੀ ਮਿਹਨਤ। ਸਮੇਂ-ਸਮੇਂ ਸਰਕਾਰ ਇਨ੍ਹਾਂ ਮਹਾਨ ਕਲਮਾਂ ਨੂੰ ਨਿਵਾਜ਼ਦੀ ਹੈ। ਇਨ੍ਹਾਂ ਦਾ ਮਾਣ-ਸਨਮਾਨ ਕੀਤਾ ਜਾਂਦਾ ਹੈ। ਜੋ ਕਿ ਕਰਨਾ ਵੀ ਬਣਦਾ ਹੈ। ਬਹੁਤ ਸਾਰੀਆਂ ਕਲਮਾਂ ਤਾਂ ਅਣਗੋਲੀਆਂ ਹੀ ਰਹਿ ਜਾਂਦੀਆਂ ਹਨ। ਜਦੋਂ ਉਹ ਲੇਖਕ ਵਿਲੱਖਣ ਅਵਸਥਾ ਵਿਚ ਹੁੰਦੇ ਹਨ। ਉਨ੍ਹਾਂ ਦੀ ਕਲਮ ਬਹੁਤ ਕੁਝ ਲਿਖਦੀ ਹੈ ਪਰ ਆਰਥਿਕ ਮਜਬੂਰੀਆਂ ਕਰਕੇ ਉਹ ਕਦੇ ਕਿਤਾਬ ਨਹੀਂ ਛਪਵਾ ਸਕਦੇ। ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਤਕ ਪਹੁੰਚਦੀਆਂ ਹੀ ਨਹੀਂ। ਜੋ ਲੇਖਕ ਸਾਹਮਣੇ ਆ ਜਾਂਦੇ ਹਨ। ਵਧੀਆ ਲਿਖਦੇ ਹਨ, ਉਨਾਂ ਦੁਆਰਾ ਰਚਿਆ ਸਾਹਿਤ ਪੜ੍ਹਿਆ ਤੇ ਵਿਚਾਰਿਆ ਜਾਂਦਾ ਹੈ। ਉਹ ਸਮਾਜਿਕ ਕੁਰੀਤੀਆਂ ਵਿਰੁੱਧ ਲਿਖਦੇ ਹਨ। ਸਮੇਂ ਦੇ ਹਾਕਮਾਂ ਦਾ ਵਿਰੋਧ ਕਰਦੇ ਹਨ ਜੇ ਉਹ ਗ਼ਲਤ ਹੁੰਦੇ ਹਨ। ਇਨ੍ਹਾਂ ਦੁਆਰਾ ਹੀ ਲਿਖਿਆ ਸਾਹਿਤ ਸਮੇਂ ਦੀ ਗੱਲ ਕਰਦਾ ਹੈ। ਫੇਰ ਸਰਕਾਰਾਂ ਇਨ੍ਹਾਂ ਮਹਾਨ ਕਲਮਾਂ ਨੂੰ ਸਨਮਾਨਿਤ ਕਰਦੀਆਂ ਹਨ ਪਰ ਕਦੋਂ? ਜਦੋਂ ਉਹ ਬਿਮਾਰ ਹੁੰਦੇ ਹਨ ਜਾਂ ਤੁਰਨ ਫਿਰਨ ਤੋਂ ਅਸਮਰੱਥ ਹੋ ਜਾਂਦੇ ਹਨ। ਪਿੱਛੋਂ ਜਿਹੇ ਭਾਸ਼ਾ ਵਿਭਾਗ ਵੱਲੋਂ ਲੇਖਕਾਂ ਨੂੰ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਬਹੁਤ ਚੰਗੀ ਤੇ ਖ਼ੁਸ਼ੀ ਵਾਲੀ ਗੱਲ ਹੈ। ਕਲਮਾਂ ਦਾ ਮਾਣ-ਸਨਮਾਨ ਬਣਦਾ ਹੈ ਤੇ ਕਰਨਾ ਵੀ ਚਾਹੀਦਾ ਪਰ ਕਈ ਲੇਖਕ ਬਜ਼ੁਰਗ ਹੋ ਚੁੱਕੇ ਸਨ। ਸਨਮਾਨ ਮਿਲਣ 'ਤੇ ਕੋਈ ਵੀ ਕਲਾ ਹੋਵੇ ਹੋਰ ਉਭਰਦੀ ਹੈ ਤੇ ਕਲਾਕਾਰ, ਲੇਖਕ ਉਤਸ਼ਾਹਿਤ ਹੁੰਦੇ। ਉਹ ਚੰਗਾ ਕੁਝ ਹੋਰ ਸਿਰਜਦੇ, ਜੇ ਇਹੋ ਰਾਸ਼ੀ ਉਨ੍ਹਾਂ ਨੂੰ ਠੀਕ ਸਮੇਂ ਦਿੱਤੀ ਜਾਵੇ ਜਦੋਂ ਉਹ ਪੜ੍ਹ-ਲਿਖ ਸਕਦੇ ਤੇ ਹੋਰ ਸਾਹਿਤ ਦੀ ਰਚਨਾ ਕਰ ਸਕਦੇ ਸੀ, ਨਹੀਂ ਤਾਂ ਇਹ ਪੈਸਾ ਉਨ੍ਹਾਂ ਲਈ ਕਿਸ ਕੰਮ ਦਾ ਜਦੋਂ ਉਹ ਆਪ ਤੁਰ ਫਿਰ ਨਹੀਂ ਸਕਦੇ, ਖਾ ਨਹੀਂ ਸਕਦੇ।



ਸੋ ਮੇਰੀ ਸਰਕਾਰਾਂ ਨੂੰ ਬੇਨਤੀ ਹੈ ਕਿ ਜੇਕਰ ਕੋਈ ਚੰਗਾ ਲਿਖ ਰਿਹਾ ਹੈ, ਬਿਨਾਂ ਪੱਖ-ਪਾਤ ਤੋਂ ਉਸ ਨੂੰ ਨਿਵਾਜ਼ਿਆ ਜਾਵੇ ਤਾਂ ਜੋ ਉਹ ਹੋਰ ਵਧੀਆ ਲਿਖੇ, ਕਿਉਂਕਿ ਸਾਹਿਤਕਾਰ ਨੇ ਹੀ ਸਮਾਜ ਨੂੰ ਸੀਸ਼ਾ ਦਿਖਾਉਣਾ ਹੁੰਦਾ ਕਿ ਉਹ ਕੀ ਕਰ ਰਿਹਾ ਹੈ। ਗ਼ਲਤ ਹੋ ਰਿਹਾ ਜਾਂ ਠੀਕ। ਆਓ ਆਪਾਂ ਵੀ ਉਨ੍ਹਾਂ ਗੁਮਨਾਮ ਲੇਖਕਾਂ ਦੀ ਮਦਦ ਕਰੀਏ ਜੋ ਲਿਖਦੇ ਤਾਂ ਬਹੁਤ ਚੰਗਾ ਨੇ ਪਰ ਆਰਥਿਕ ਮਜਬੂਰੀਆਂ ਕਾਰਨ ਉਹ ਸਾਹਮਣੇ ਨਹੀਂ ਆ ਸਕਦੇ। ਸਰਕਾਰ ਨੂੰ ਵੀ ਇਸ ਸਬੰਧੀ ਉਪਰਾਲੇ ਕਰਨੇ ਚਾਹੀਦੇ ਹਨ।

9888615531

# ਸੋਇਆਬੀਨ ਤੋਂ ਤਿਆਰ ਪਕਵਾਨ

## ਸੋਇਆਚਾਪ



**ਸਮੱਗਰੀ** : ਸੋਇਆਬੀਨ 250 ਗ੍ਰਾਮ, ਟਮਾਟਰ-3, ਅਦਰਕ-2 ਚਮਚ, ਹਰੀ ਮਿਰਚ-1, ਕ੍ਰੀਮ-100 ਗ੍ਰਾਮ, ਤੇਲ-4 ਚਮਚ, ਧਨੀਆ, ਹਿੰਗ, ਜ਼ੀਰਾ, ਹਲਦੀ ਪਾਊਡਰ, ਲਾਲ ਮਿਰਚ, ਗਰਮ ਮਸਾਲਾ, ਕਸੂਰੀ ਮੇਥੀ, ਨਮਕ, ਵੱਡੀ ਇਲਾਈਚੀ, ਦਾਲਚੀਨੀ, ਲੌਂਗ, ਕਾਲੀ ਮਿਰਚ।

**ਵਿਧੀ** : ਸੋਇਆ ਚਾਪ ਨੂੰ ਇਕ ਤੋਂ ਡੇਢ ਇੰਚ ਦੇ ਟੁਕੜਿਆਂ 'ਚ ਕੱਟ ਲਵੋ ਤੇ ਇਸ ਨੂੰ ਤੇਲ 'ਚ ਗਰਮ ਕਰੋ। ਜਦੋਂ ਤੱਕ ਇਸ ਦਾ ਰੰਗ ਸੁਨਿਹਰੀ ਨਹੀਂ ਹੋ ਜਾਂਦਾ। ਟਮਾਟਰ, ਅਦਰਕ ਤੇ ਹਰੀ ਮਿਰਚ ਦਾ ਪੇਸਟ ਬਣਾ ਲਵੋ। ਗਰਮ ਤੇਲ 'ਚ ਜ਼ੀਰੇ ਨੂੰ ਭੁੰਨੋ। ਜਦੋਂ ਜ਼ੀਰਾ ਪੱਕ ਜਾਵੇ ਤਾਂ ਹਿੰਗ, ਹਲਦੀ ਪਾਊਡਰ, ਮੇਥੀ ਤੇ ਸਾਬਤ ਮਸਾਲਾ ਪਾਉ ਤੇ ਇਨ੍ਹਾਂ ਨੂੰ ਭੁੰਨੋ ਤੋਂ ਬਾਅਦ ਇਸ 'ਚ ਟਮਾਟਰ ਵਾਲਾ ਪੇਸਟ ਮਿਲਾ ਦਿਉ। ਇਸ ਨੂੰ ਚੰਗੀ ਤਰ੍ਹਾਂ ਭੁੰਨਣ ਤੋਂ ਬਾਅਦ ਇਸ ਵਿਚ ਮਲਾਈ ਤੇ ਪਾਣੀ ਮਿਲਾ ਦਿਉ। ਗ੍ਰੇਵੀ 'ਚ ਧਨੀਏ ਦੀਆਂ ਪੱਤੀਆਂ ਪਾ ਕੇ ਮਿਲਾਓ। ਇਸ ਸਾਰੇ ਮਿਸ਼ਰਣ ਨੂੰ 5 ਮਿੰਟ ਲਈ ਪਕਾਓ। ਤੁਹਾਡੀ ਸੋਈਆਚਾਪ ਤਿਆਰ ਹੈ। ਇਸ ਨੂੰ ਪੁਦੀਨੇ ਦੀ ਚਟਨੀ ਨਾਲ ਪਰੋਸੋ।

## ਸੋਇਆ ਕਬਾਬ



**ਸਮੱਗਰੀ** : ਸੋਇਆਬੀਨ-2 ਕੱਪ, ਬ੍ਰੈਡ, ਨਮਕ, ਲਸਣ, ਕਾਲੀ ਮਿਰਚ, ਪਿਆਜ਼, ਹਰੀ ਮਿਰਚ, ਲਾਲ ਮਿਰਚ, ਤੇਲ।

**ਵਿਧੀ** : ਸੋਇਆਬੀਨ ਨੂੰ ਅੱਧੇ ਘੰਟੇ ਲਈ ਪਾਣੀ 'ਚ ਭਿਓਂ ਕੇ ਰੱਖੋ ਤੇ ਬਾਅਦ 'ਚ ਇਸ ਦਾ ਪਾਣੀ ਨਿਚੋੜ ਦਿਉ। ਬ੍ਰੈਡ ਦਾ ਬਾਰੀਕ ਪਾਊਡਰ ਬਣਾ ਲਵੋ। ਇਕ ਬਾਊਲ 'ਚ ਇਸ ਸਾਰੀ ਸਮਗਰੀ ਨੂੰ ਮਿਲਾਓ ਤੇ ਛੋਟੇ-ਛੋਟੇ ਗੋਲੇ ਬਣਾਓ। ਇਨ੍ਹਾਂ ਨੂੰ ਫਰਿੱਜ 'ਚ ਰੱਖੋ। ਤੇਲ ਨੂੰ ਗਰਮ ਕਰਨ ਤੋਂ ਬਾਅਦ ਇਨ੍ਹਾਂ ਗੋਲਿਆਂ ਨੂੰ ਤਲੋ। ਪਿਆਜ਼ ਤੇ ਨਿੰਬੂ ਦੇ ਟੁਕੜਿਆਂ ਨੂੰ ਗਾਰਨਸ਼ਿੰਗ ਕਰਕੇ ਚਟਨੀ ਨਾਲ ਸਰਵ ਕਰੋ।

## ਸੋਇਆ ਚਿੱਲੀ



**ਸਮੱਗਰੀ** : ਸੋਇਆਬੀਨ 100 ਗ੍ਰਾਮ, ਲਸਣ, ਤੇਲ, ਪਿਆਜ਼, ਹਰੀ ਮਿਰਚ, ਸੋਇਆ ਸੋਸ, ਨਮਕ।

**ਵਿਧੀ** : ਸੋਇਆਬੀਨ ਨੂੰ ਅੱਧੇ ਘੰਟੇ ਦੇ ਲਈ ਪਾਣੀ 'ਚ ਰੱਖਣ ਤੋਂ ਬਾਅਦ ਇਸ ਨੂੰ ਨਿਚੋੜ ਦਿਉ। ਇਸ 'ਚ ਨਮਕ ਤੇ ਲਸਣ ਨੂੰ ਮਿਲਾਓ। ਤੇਲ 'ਚ ਪਿਆਜ਼ ਤੇ ਹਰੀ ਮਿਰਚ ਨੂੰ ਭੁੰਨਣ ਤੋਂ ਬਾਅਦ ਸੋਇਆਬੀਨ ਇਸ ਵਿਚ ਪਾ ਦਿਉ। ਇਸ ਨੂੰ ਦੋ-ਚਾਰ ਮਿੰਟ ਲਈ ਪਕਾਓ ਤੇ ਸਰਵ ਕਰੋ।

## ਸੋਇਆਬੀਨ ਰਾਈਸ



**ਸਮੱਗਰੀ** : ਚਾਵਲ, ਸੋਇਆਬੀਨ, ਮਟਰ, ਪਿਆਜ਼, ਅਦਰਕ ਲਸਣ ਦਾ ਪੇਸਟ, ਦਹੀਂ, ਟਮਾਟਰ, ਨਿੰਬੂ ਦਾ ਰਸ, ਦਾਲਚੀਨੀ, ਤੇਜ਼ਪੱਤਾ, ਜ਼ੀਰਾ, ਸੌਂਫ਼ ਪਾਊਡਰ, ਗਰਮ ਮਸਾਲਾ, ਪੁਦੀਨਾ, ਤੇਲ, ਘਿਓ, ਪਾਣੀ।

**ਵਿਧੀ** : ਸੋਇਆਬੀਨ ਨੂੰ ਨਮਕ ਤੇ ਪਾਣੀ 'ਚ ਮਿਲਾ ਕੇ ਉਬਾਲ ਲਵੋ ਤੇ ਪਾਣੀ ਨੂੰ ਚੰਗੀ ਤਰ੍ਹਾਂ ਨਿਚੋੜ ਦਿਉ। ਤੇਲ 'ਚ ਤੇਜ਼ਪੱਤਾ, ਦਾਲਚੀਨੀ, ਹਰੀ ਤੇ ਕਾਲੀ ਇਲਾਇਚੀ, ਜ਼ੀਰਾ, ਕਾਲੀ ਮਿਰਚ ਤੇ ਲੌਂਗ ਪਾ ਕੇ ਗਰਮ ਕਰੋ। ਜਦੋਂ ਇਹ ਮਸਾਲੇ ਪੱਕਣ ਲੱਗਣ ਤਾਂ ਪਿਆਜ਼, ਅਦਰਕ-ਲਸਣ ਦੇ ਪੇਸਟ ਅਤੇ ਮਿਰਚਾਂ ਦੇ ਪੇਸਟ ਨੂੰ ਮਿਲਾਓ। ਇਸ ਨੂੰ ਇਕ ਮਿੰਟ ਤਕ ਭੁੰਨੋ। ਹੁਣ ਇਸ ਨੂੰ ਹਰੇ ਧਨੀਏ, ਨਿੰਬੂ ਦਾ ਰਸ ਅਤੇ ਪੁਦੀਨੇ ਨਾਲ ਸਜਾਓ ਤੇ ਸਰਵ ਕਰੋ।

• ਮਨਪ੍ਰੀਤ ਕੌਰ

# ਕਿੱਥੇ ਗਈ ਰਿਸ਼ਤਿਆਂ ਵਿਚਲੀ ਸਾਂਝ

*ਕਦੇ ਵੇਲਾ ਸੀ ਜਦੋਂ ਪਰਿਵਾਰ ਕਈ-ਕਈ ਪੀੜ੍ਹੀਆਂ ਤਕ ਇਕੱਠਿਆਂ ਰਹਿੰਦਾ ਸੀ । ਅੱਜ ਇਹੋ-ਜਿਹਾ ਪਰਿਵਾਰ ਕਿਤੇ ਵਿਰਲਾ ਹੀ ਨਜ਼ਰੀ ਆਉਂਦਾ ਹੈ ...*



ਹਨੀ ਸੋਢੀ

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਹਰ ਬੰਦਾ ਇਕ-ਦੂਜੇ ਨਾਲੋਂ ਅੱਗੇ ਨਿਕਲਣ ਦੀ ਦੌੜ ਵਿਚ ਲੱਗਿਆ ਹੋਇਆ ਹੈ। ਸਿਰਫ਼ ਤੇ ਸਿਰਫ਼ ਪੈਸਾ ਇਕੱਠਾ ਕਰਨ ਦੇ ਲਾਲਚ ਕਾਰਨ ਆਪਣੇ ਸਾਰੇ ਰਿਸ਼ਤੇ-ਨਾਤੇ ਭੁੱਲੀ ਬੈਠਾ ਹੈ। ਪੈਸੇ ਦੇ ਲਾਲਚ ਵਿਚ ਆ ਕੇ ਬੰਦਾ ਬਿਨਾਂ ਕੁਝ ਸੋਚੇ-ਸਮਝੇ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਅੱਜ ਸਮਾਜ ਵਿਚ ਰਿਸ਼ਤਿਆਂ ਦੀ ਸਾਂਝ ਇਸ ਕਦਰ ਟੁੱਟਦੀ ਜਾ ਰਹੀ ਹੈ, ਜਿਵੇਂ ਟੁੱਟੀ ਹੋਈ ਮਾਲ਼ਾ ਵਿੱਚੋਂ ਮਾਲ਼ਾ ਦੇ ਮੋਤੀ ਇਕ-ਇਕ ਕਰ ਕੇ ਖਿੱਲਰ ਦੇ ਜਾ ਰਹੇ ਹੋਣ।

ਕਦੇ ਵੇਲਾ ਸੀ ਜਦੋਂ ਇਕ ਪਰਿਵਾਰ ਕਈ-ਕਈ ਪੀੜ੍ਹੀਆਂ ਤਕ ਇਕ ਸੰਯੁਕਤ ਰੂਪ ਵਿਚ ਇਕੱਠਿਆਂ ਰਹਿੰਦਾ ਸੀ ਤੇ ਅੱਜ ਇਹੋ-ਜਿਹਾ ਪਰਿਵਾਰ ਕਿਤੇ ਵਿਰਲਾ-ਟਾਵਾਂ ਹੀ ਨਜ਼ਰੀ ਆਉਂਦਾ ਹੈ ਜੋ ਇਕ ਸਾਂਝੇ ਪਰਿਵਾਰ ਵਿਚ ਰਹਿ ਰਿਹਾ ਹੋਵੇ। ਕਿੱਦਾਂ ਦਾ ਜ਼ਮਾਨਾ ਆ ਗਿਐ, ਰਿਸ਼ਤਿਆਂ ਦਾ ਘਾਣ ਇਸ ਕਦਰ ਹੋ ਰਿਹਾ ਹੈ ਕਿ ਭਾਈ ਆਪਣੇ ਹੀ ਸਕੇ ਭਾਈ ਜਾਂ ਬਾਪ ਦਾ ਕਤਲ ਕਰੀ ਜਾ ਰਿਹੈ। ਇਕ ਕਲਯੁਗੀ ਬਾਪ ਆਪਣੀ ਧੀ ਨੂੰ ਹਵਸ ਦਾ ਸ਼ਿਕਾਰ ਬਣਾ ਰਿਹਾ ਹੈ। ਭਾਵੇਂ ਅੱਜ ਸਾਡਾ ਸਮਾਜ ਪੜ੍ਹ-ਲਿਖ ਤਾਂ ਬਹੁਤ ਗਿਆ ਪਰ ਸਾਡੇ ਇਸ ਪੜ੍ਹੇ-ਲਿਖੇ ਸਮਾਜ ਦੀ ਸੋਚ ਪਤਾ ਨਹੀਂ ਕਿੱਥੇ ਟਿਕੀ ਹੋਈ ਹੈ ਕਿ ਇਕ ਧੀ ਨੂੰ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਇਕ ਮਾਂ-ਬਾਪ ਦੇ ਸਾਰੇ ਸੁਫ਼ਨੇ ਉਸ ਵੇਲੇ ਚਕਨਾਚੂਰ ਹੋ ਜਾਂਦੇ, ਜਦੋਂ ਉਨ੍ਹਾਂ ਵੱਲੋਂ ਚਾਵਾਂ-ਲਾਡਾਂ ਨਾਲ ਪਾਲੇ, ਪੜ੍ਹਾ-ਲਿਖਾ ਕੇ ਇਕ ਵੱਡਾ ਅਫ਼ਸਰ ਬਣਾਏ ਪੁੱਤ ਵੱਲੋਂ ਕੁੱਟਮਾਰ ਕਰ ਕੇ ਘਰੋਂ ਬਾਹਰ ਕੱਢਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਬਿਰਧ ਆਸ਼ਰਮ ਵਿਚ ਸ਼ਰਨ ਲੈਣੀ ਪੈਂਦੀ। ਅਸੀਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਕਿ ਪੁਰਾਣੇ ਸਮੇਂ ਵਿਚ ਇਕ ਸਾਂਝਾ ਪਰਿਵਾਰ ਹੁੰਦਾ ਸੀ। ਰਿਸ਼ਤਿਆਂ ਵਿਚ ਆਪਸੀ ਪਿਆਰ ਤੇ ਸਾਂਝ ਹੁੰਦੀ ਸੀ। ਅੱਜ ਪਰਿਵਾਰ ਵਿਚ ਬੱਚੇ ਉਨ੍ਹਾਂ ਦੀ ਭਲਾਈ ਲਈ ਮਾਂ-ਬਾਪ ਵੱਲੋਂ ਲਿਆ ਫ਼ੈਸਲਾ ਆਪਣੀ ਨਿੱਜੀ ਜ਼ਿੰਦਗੀ ਵਿਚ ਦਖ਼ਲ-ਅੰਦਾਜ਼ੀ ਸਮਝਦੇ ਹਨ।

ਸਮਾਜ ਵਿਚ ਮਾਂ-ਬਾਪ, ਗੁਰੂ-ਚੇਲਾ, ਦੋਸਤੀ ਦੇ ਰਿਸ਼ਤੇ ਤਾਂ ਭਾਵੇਂ ਕਈ ਹਨ। ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਰਿਸ਼ਤਾ ਹੈ ਇਨਸਾਨੀਅਤ ਦਾ ਜਿਸ ਦਾ ਅਜੋਕੇ ਸਮੇਂ ਵਿਚ ਪੂਰੀ ਤਰ੍ਹਾਂ ਘਾਣ ਹੋ ਚੁੱਕਿਆ। ਅਸੀਂ ਹਰ ਰੋਜ਼ ਅਖ਼ਬਾਰਾਂ ਅਤੇ ਟੀਵੀ ਵਿਚ ਪੜ੍ਹਦੇ-ਸੁਣਦੇ ਹਾਂ ਕਿ ਕੁੜੀਆਂ ਨਾਲ ਛੇੜਖਾਨੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਨਾਲ ਸ਼ਰਮਸਾਰ ਹੋਣਾ ਪੈ ਰਿਹਾ ਇਨਸਾਨੀਅਤ ਦੇ ਰਿਸ਼ਤੇ ਨੂੰ। ਅੱਜ ਲੋੜ ਹੈ ਇਨ੍ਹਾਂ ਰਿਸ਼ਤਿਆਂ ਦੀ ਟੁੱਟਦੀ ਜਾ ਰਹੀ ਸਾਂਝ ਨੂੰ ਬਚਾਉਣ ਦੀ। ਜੇਕਰ ਇਨ੍ਹਾਂ ਰਿਸ਼ਤਿਆਂ ਦੀ ਸਾਂਝ ਇਸੇ ਤਰ੍ਹਾਂ ਟੁੱਟਦੀ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡਾ ਪੂਰਾ ਸਮਾਜ ਨਰਕ ਬਣ ਕੇ ਰਹਿ ਜਾਵੇਗਾ। ਸੋ ਲੋੜ ਹੈ ਰਿਸ਼ਤਿਆਂ ਨੂੰ ਬਚਾਉਣ ਦੀ।

98156-19248

# ਥੱਕਿਆ-ਥੱਕਿਆ ਕਿਉਂ ਰਹਿੰਦਾ ਵਿਹਲੜ ਬੰਦਾ

ਅਰਵਿੰਦ ਕੁਮਾਰ

ਕੰਮ ਕਰਨ ਵਾਲੇ ਵਿਅਕਤੀ ਲਈ ਤਾਂ ਸਾਰਾ ਜੀਵਨ ਹੀ ਇਕ ਤਿਉਹਾਰ ਹੈ। ਇਸ ਸਦੀ ਦਾ ਮੁੱਖ ਏਜੰਡਾ ਹੈ ਕਿ ਵੱਡਾ ਸੋਚੋ ਤੇ ਬਿਹਤਰ ਕਰੋ। ਕੰਮ ਇਨਸਾਨ ਦੀ ਜ਼ਿੰਦਗੀ ਦਾ ਆਧਾਰ ਹੈ। ਕੰਮ ਤੋਂ ਬਿਨ੍ਹਾਂ ਜ਼ਿੰਦਗੀ ਜਿਊਣ ਯੋਗ ਨਹੀਂ ਰਹਿੰਦੀ। ਕੰਮ ਕਰਨ ਵਾਲਾ ਇਨਸਾਨ ਹੀ ਕੁਝ ਸਿਰਜ ਸਕਦਾ ਹੈ। ਜ਼ਿੰਦਗੀ ਦੇ ਚਾਵਾਂ, ਰੀਝਾਂ, ਉਮੀਦਾਂ ਅਤੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਲਈ ਰੁਝੇਵੇਂ, ਕੰਮ-ਕਾਰ ਹਾਂ ਪੱਖੀ ਭੂਮਿਕਾ ਨਿਭਾਉਂਦੇ ਹਨ। ਜਿਹੜੇ ਦੇਸ਼ਾਂ ਵਿਚ ਕੰਮ ਨੂੰ ਪੂਜਾ ਸਮਝਿਆ ਜਾਂਦਾ ਹੈ ਉਹ ਮੁਲਕ ਹਮੇਸ਼ਾਂ ਹੀ ਦੂਜੇ ਮੁਲਕਾਂ ਤੋਂ ਅੱਗੇ ਰਹਿੰਦੇ ਹਨ। ਪੱਛਮੀ ਦੇਸ਼ਾਂ ਦੀ ਉਦਾਹਰਨ ਸਾਡੇ ਸਾਹਮਣੇ ਹੈ ਜਿਵੇਂ ਛੋਟੇ ਕੈਨਵਸ 'ਤੇ ਵੱਡੀ ਤਸਵੀਰ ਬਣਾਉਣਾ ਸੰਭਵ ਨਹੀਂ ਉਸੇ ਤਰ੍ਹਾਂ ਛੋਟੀ ਸੋਚ ਨਾਲ ਕੋਈ ਵੱਡਾ ਕੰਮ ਕਰਨਾ ਸੰਭਵ ਨਹੀਂ। ਵਿਹਲੇ ਰਹਿਣਾ ਤੇ ਸਮੇਂ ਦੀ ਕਦਰ ਨਾ ਕਰਨਾ ਆਪਣੇ ਆਪ ਵਿਚ ਹੀ ਭਿਆਨਕ ਰੋਗ ਹੈ। ਵਿਹਲੜ ਇਨਸਾਨ ਹਮੇਸ਼ਾਂ ਥੱਕਿਆ-ਥੱਕਿਆ ਰਹਿੰਦਾ ਹੈ। ਉਹ ਆਪਣੀਆਂ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਜਗਾਉਣ ਲਈ ਕਦੇ ਯਤਨ ਹੀ ਨਹੀਂ ਕਰਦਾ।

ਸਮਾਂ ਬੀਤਣ ਦੇ ਨਾਲ ਉਹ ਆਲਸ ਦੀਆਂ ਤੰਦਾਂ ਦੀ ਜਕੜ 'ਚ ਆ ਜਾਂਦਾ ਹੈ। ਨਤੀਜੇ ਵਜੋਂ ਉਹ ਜਵਾਨੀ ਵਿਚ ਬੁਢਾਪੇ ਦੀਆਂ ਅਲਾਮਤਾ ਦਾ ਸਾਹਮਣਾ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਜ਼ਿੰਦਗੀ ਦਾ ਮਜ਼ਾ ਲੈਣ ਲਈ ਕਿਸੇ ਨਾ ਕਿਸੇ ਕੰਮ ਵਿਚ ਰੁੱਝੇ ਰਹੋ। ਜ਼ਿੰਦਗੀ ਦੇ ਹਰ ਪੜਾਅ 'ਤੇ ਕਿਰਤ ਕਰਨਾ ਤੇ ਰੁੱਝੇ ਰਹਿਣਾ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਪ੍ਰਮਾਣ ਹੈ। ਅੱਜ ਹਰੇਕ ਨੌਜਵਾਨ ਦੀ ਇਕ ਹੀ ਇੱਛਾ ਹੈ ਕਿ ਪੜ੍ਹਾਈ ਪੂਰੀ ਕਰਨ ਉਪਰੰਤ ਉਸ ਨੂੰ ਸਰਕਾਰੀ ਨੌਕਰੀ ਮਿਲ ਜਾਵੇ, ਪਰ ਜਦੋਂ ਉਸ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਹ ਬੇਰੁਜ਼ਗਾਰ ਫ਼ੌਜ ਦਾ ਮੈਂਬਰ ਬਣਨ ਲਈ ਮਜਬੂਰ ਹੋ ਜਾਂਦਾ ਹੈ। ਸਰਕਾਰੀ ਨੌਕਰੀ ਉਸ ਨੂੰ ਮਿਲਦੀ ਨਹੀਂ ਤੇ ਹੱਥੀਂ ਕਿਰਤ ਕਰਨ ਨੂੰ ਉਹ ਤਿਆਰ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਨੌਕਰੀ ਪਿੱਛੇ ਦੌੜਨ ਦੀ ਬਜਾਏ ਉਹ ਕਿਸੇ ਮਨਚਾਹੇ ਕੰਮ ਵਿਚ ਲੀਨ ਹੋ ਜਾਣ। ਥੋੜ੍ਹੇ ਸਮੇਂ ਬਾਅਦ ਹੀ ਉਨ੍ਹਾਂ ਨੂੰ ਕਿਰਤ ਦੀ ਮਿੱਠੀ ਖ਼ੁਸ਼ਬੂ ਅਤੇ ਨੇਕ ਕਮਾਈ 'ਚੋਂ ਪੈਦਾ ਹੋਈ ਰੁੱਖੀ-ਸੁੱਕੀ ਰੋਟੀ ਵਿੱਚੋਂ ਵੀ ਅੰਮ੍ਰਿਤ ਦਾ ਮਜ਼ਾ ਆਵੇਗਾ। ਵਿਹਲੜ ਵਿਅਕਤੀ ਧਰਤੀ 'ਤੇ ਬੋਝ ਹੈ। ਵਿਹਲੜ ਦਾ ਚਿਹਰਾ ਤਾਂ ਉਸ ਦੀ ਮਾਂ ਨੂੰ ਵੀ ਚੰਗਾ ਨਹੀਂ ਲੱਗਦਾ।



***ਮਹਾਨ ਸ਼ਖ਼ਸੀਅਤ ਬਣਨ ਲਈ***

*ਆਮ ਇਨਸਾਨ ਤੋਂ ਮਹਾਨ ਸ਼ਖ਼ਸੀਅਤ ਬਣਨ ਲਈ ਰਾਤਾਂ ਦੀ ਨੀਂਦ ਤਿਆਗ ਕੇ ਕੰਮ ਕਰਨਾ ਪੈਂਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਜ਼ਿਆਦਾ ਪੜ੍ਹੇ-ਲਿਖੇ ਲੋਕ ਜ਼ਿਆਦਾ ਸੋਚ ਵਿਚਾਰ ਕਰਦੇ ਹਨ ਜਦੋਂ ਕਿ ਉਨ੍ਹਾਂ ਦੇ ਮੁਕਾਬਲੇ ਘੱਟ ਪੜ੍ਹੇ ਲਿਖੇ ਲੋਕ ਕੰਮ ਕਰਨ 'ਚ ਜ਼ਿਆਦਾ ਭਰੋਸਾ ਕਰਦੇ ਹਨ। ਸ਼ਾਇਦ ਇਸੇ ਕਰਕੇ ਹੀ ਕਰੋੜਪਤੀਆਂ ਦੀ ਸੂਚੀ ਵਿਚ ਤੁਸੀਂ ਦੇਖੋਗੇ ਕਿ ਬਹੁਗਿਣਤੀ ਘੱਟ ਪੜ੍ਹਿਆਂ-ਲਿਖਿਆਂ ਦੀ ਹੈ।*

ਜ਼ਿਆਦਾਤਰ ਲੋਕ ਪੈਸਾ ਕਮਾਉਣ ਲਈ ਕੰਮ ਕਰਦੇ ਹਨ ਤਾਂ ਕਿ ਉਹ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ। ਭਾਵੇਂ ਕਿਹਾ ਜਾਂਦਾ ਹੈ ਕਿ ਹਰ ਚੀਜ਼ ਪੈਸੇ ਨਾਲ ਨਹੀਂ ਖ਼ਰੀਦੀ ਜਾ ਸਕਦੀ ਪਰ ਪੈਸੇ ਤੋਂ ਬਿਨਾਂ ਕੋਈ ਖ਼ਾਸ ਚੀਜ਼ ਵੀ ਨਹੀਂ ਖ਼ਰੀਦੀ ਜਾ ਸਕਦੀ। ਇਸ ਲਈ ਮੌਜੂਦਾ ਦੌਰ ਵਿਚ ਹਰੇਕ ਬੰਦੇ ਲਈ ਕੰਮ ਕਰਨਾ ਜ਼ਰੂਰੀ ਹੈ।

ਸਮਾਜ ਵਿਚ ਦੋ ਤਰ੍ਹਾਂ ਦੇ ਵਰਗ ਹਨ ਜੋ ਦੁੱਖਾਂ ਤੋਂ ਪ੍ਰਭਾਵਿਤ ਹਨ। ਇਕ ਵਰਗ ਕੋਲ ਕੁਝ ਨਹੀਂ ਹੈ, ਇੱਥੋਂ ਤਕ ਕੇ ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ, ਉਹ ਦੁਖੀ ਹੈ। ਦੂਜਾ ਵਰਗ ਉਹ ਹੈ ਜਿਸ ਕੋਲ ਸਭ ਕੁਝ ਹੈ, ਪਰ ਕੰਮ ਨਾ ਕਰਨ ਕਾਰਨ ਅਕੇਵਾ ਉਨ੍ਹਾਂ ਦੇ ਦੁੱਖ ਦਾ ਕਾਰਨ ਬਣ ਗਿਆ ਹੈ। ਉਨ੍ਹਾਂ ਨੂੰ ਆਪਣਾ ਜੀਵਨ ਬੇਰਸਾ, ਬੇਰੰਗਾ ਅਤੇ ਬੋਝਲ ਲੱਗਦਾ ਹੈ। ਜ਼ਿੰਦਗੀ ਦਾ ਅਸਲ ਸੁੱਖ ਕੰਮ ਵਿਚ ਮਸਰੂਫ਼ ਰਹਿਣ ਵਾਲੇ ਹੀ ਮਾਣਦੇ ਹਨ। ਮੰਜ਼ਿਲ 'ਤੇ ਉਹ ਹੀ ਪਹੁੰਚਦੇ ਹਨ ਜਿਹੜੇ ਸਵੇਰੇ ਰਵਾਨਾ ਹੁੰਦੇ ਹਨ। ਤੈਰਨਾ ਉਹ ਹੀ ਸਿੱਖਦੇ ਹਨ ਜੋ ਡੁੱਬਣ ਦੇ ਡਰ ਤੋਂ ਮੁਕਤ ਹੋ ਕੇ ਪਾਣੀ ਵਿਚ ਛਾਲ਼ ਮਾਰਦੇ ਹਨ। ਮਹਾਨ ਵਿਅਕਤੀ ਜ਼ਿੰਦਗੀ 'ਚ ਉਦੇਸ਼ ਰੱਖਦੇ ਹਨ ਤੇ ਕੰਮ ਨੂੰ ਆਪਣਾ ਧਰਮ ਸਮਝਦੇ ਹਨ। ਜਦੋਂ ਕਿ ਸਾਧਾਰਨ ਵਿਅਕਤੀ ਦੇ ਜੀਵਨ 'ਚ ਸਿਰਫ਼ ਇੱਛਾਵਾਂ ਹੀ ਹੁੰਦੀਆਂ ਹਨ।

ਕਈ ਨੌਜਵਾਨ ਆਪਣੇ ਮੋਟਰਸਾਈਕਲਾਂ, ਜੀਪਾਂ ਤੇ ਕਾਰਾਂ ਪਿੱਛੇ ਆਪਣੇ ਪਿਤਾ ਦਾ ਰੁਤਬਾ ਜਿਵੇਂ ਸਰਪੰਚ, ਜ਼ੈਲਦਾਰ, ਲੰਬੜਦਾਰ, ਜਾਤੀ ਜਾਂ ਕੋਈ ਗੋਤ ਆਦਿ ਲਿਖਾ ਕੇ ਲੋਕਾਂ 'ਚ ਟੋਹਰ ਦਿਖਾਉਣ ਦਾ ਯਤਨ ਕਰਦੇ ਹਨ। ਸਮਾਜ 'ਚ ਮਾਨਤਾ ਪ੍ਰਾਪਤ ਕਰਨ ਲਈ ਇਹ ਇਕ ਤਰਲਾ ਹੀ ਹੁੰਦਾ ਹੈ। ਅਜਿਹੇ ਨੌਜਵਾਨ ਇਹ ਭੁੱਲ ਜਾਂਦੇ ਹਨ ਕਿ ਮੰਗਵੇ ਪਰਾਂ ਨਾਲ ਲੰਮੀ ਉਡਾਣ ਨਹੀਂ ਭਰੀ ਜਾ ਸਕਦੀ। ਹੋ ਸਕਦਾ ਹੈ ਕਿ ਕੁਝ ਸਮੇਂ ਲਈ ਤੁਸੀਂ ਲੋਕਾਂ ਦਾ ਧਿਆਨ ਖਿੱਚਣ ਵਿਚ ਸਫ਼ਲ ਵੀ ਹੋ ਜਾਵੋ ਪਰ ਲੰਬੇ ਸਮੇਂ ਲਈ ਲੋਕਾਂ ਦੇ ਦਿਲ ਵਿਚ ਵੜਨ ਲਈ ਤੇ ਲੋਕਾਂ ਤੋਂ ਸਤਿਕਾਰ ਲੈਣ ਲਈ ਤੁਸੀਂ ਤਾਂ ਹੀ ਸਫ਼ਲ ਹੋ ਸਕੋਗੇ ਜੇ ਆਪ ਮਿਹਨਤ ਕਰ ਕੇ ਨੇਕ ਕੰਮ ਕਰੋਗੇ। ਹੁਣ ਤੁਹਾਡਾ ਦੌਰ ਹੈ। ਸਮਾਜ ਤੁਹਾਡੇ ਕੰਮ ਦੇਖੇਗਾ ਨਾ ਕਿ ਤੁਹਾਡੇ ਪਿਤਾ ਦੇ। ਜੇ ਤੁਸੀਂ ਜ਼ਿੰਦਗੀ ਵਿਚ ਤਰੱਕੀ ਚਾਹੁੰਦੇ ਹੋ ਤਾਂ ਆਪਣੇ ਮਨ ਦੀ ਕੋਠੜੀ ਦੇ ਦਰਵਾਜ਼ੇ ਹਮੇਸ਼ਾਂ ਉਸਾਰੂ ਅਤੇ ਸਾਕਾਰਾਤਮਿਕ ਵਿਚਾਰਾਂ ਵਾਸਤੇ ਖੁੱਲ੍ਹੇ ਰੱਖ ਕੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਕੰਮ ਕਰਦੇ ਰਹੋ। ਜਿਹੜਾ ਵਿਅਕਤੀ ਕੰਮ ਨਹੀਂ ਕਰਦਾ ਉਸ ਦੀਆਂ ਸ਼ਿਕਾਇਤਾਂ ਅਤੇ ਗਿਲੇ-ਸ਼ਿਕਵਿਆਂ ਦੀ ਸੂਚੀ ਲੰਬੀ ਹੁੰਦੀ ਜਾਂਦੀ ਹੈ। ਕੰਮ ਵਿਚ ਮਸ਼ਰੂਫ ਰਹਿਣ ਵਾਲਾ ਵਿਅਕਤੀ ਬੇਲੋੜੀ ਭਟਕਣਾ ਅਤੇ ਬੇਚੈਨੀ ਤੋਂ ਬਚ ਜਾਂਦਾ ਹੈ। ਕਾਰਜਸ਼ੀਲ ਰਹਿਣ ਕਰਕੇ ਛੋਟੀਆਂ ਚੀਜ਼ਾਂ ਵੱਲ ਉਸ ਦਾ ਧਿਆਨ ਹੀ ਨਹੀਂ ਜਾਂਦਾ। ਅਜਿਹਾ ਵਿਅਕਤੀ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਕੰਮ ਨੂੰ ਹੀ ਪੂਜਾ ਸਮਝਦਾ ਹੈ ਤੇ ਸਿਰ ਸੁੱਟ ਕੇ ਕੰਮ ਕਰਦਾ ਹੈ। ਬੇਲੋੜੀਆਂ ਗੱਲਾਂ ਜਾਂ ਚੀਜ਼ਾਂ ਉਸ ਦਾ ਧਿਆਨ ਭੰਗ ਨਹੀਂ ਕਰ ਸਕਦੀਆਂ।

ਜਿਹੜਾ ਵਿਅਕਤੀ ਅਸਫ਼ਲ ਹੋਣ ਕਾਰਨ ਕੰਮ ਸ਼ੁਰੂ ਹੀ ਨਹੀਂ ਕਰਦਾ ਉਹ ਜ਼ਿੰਦਗੀ 'ਚ ਕੁਝ ਮਾਣਯੋਗ ਪ੍ਰਾਪਤ ਨਹੀਂ ਕਰ ਸਕਦਾ। ਜਦੋਂ ਵੀ ਤੁਸੀਂ ਕਿਸੇ ਕੰਮ ਨੂੰ ਦ੍ਰਿੜ ਇਰਾਦੇ ਨਾਲ ਸ਼ੁਰੂ ਕਰੋਗੇ ਤਾਂ ਪਹਿਲਾਂ ਨਜ਼ਰ ਆਉਣ ਵਾਲੀਆਂ ਮੁਸ਼ਕਿਲਾਂ ਇਕ-ਇਕ ਕਰ ਕੇ ਲੋਪ ਹੋ ਜਾਣਗੀਆਂ ਤੇ ਤੁਹਾਡੇ ਨਿਰੰਤਰ ਯਤਨਾਂ ਸਦਕਾ ਸਫ਼ਲਤਾ ਤੁਹਾਡੀ ਝੋਲੀ ਵਿਚ ਹੋਵੇਗੀ। ਇਸ ਲਈ 'ਕੰਮ ਹੀ ਪੂਜਾ' ਵਾਲਾ ਸਿਧਾਂਤ ਅਪਣਾ ਕੇ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਦਸ਼ਾ ਸੁਧਾਰ ਸਕਦੇ ਹੋ। ਸ਼ੁਭ ਸਮਾਂ ਸ਼ੁਰੂ ਹੋਣ ਨਾਲ ਕੰਮ ਸ਼ੁਭ ਨਹੀਂ ਹੁੰਦਾ ਸਗੋਂ ਕੰਮ ਸ਼ੁਰੂ ਹੋਣ ਨਾਲ ਸਮਾਂ ਸ਼ੁਭ ਹੋ ਜਾਂਦਾ ਹੈ। ਇਸ ਲਈ ਕਦੇ ਵੀ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੋਈ ਖ਼ਾਸ ਦਿਨ ਜਾਂ ਖ਼ਾਸ ਲਗਨ ਦੀ ਉਡੀਕ ਕਰ ਕੇ ਆਪਣਾ ਅਮੁੱਲ ਸਮਾਂ ਵਿਅਰਥ ਨਾ ਗੁਆਓ। ਬਸ ਕੰਮ ਸ਼ੁਰੂ ਕਰ ਦਿਉ।



# ਤਸੱਲੀ

ਇਕ ਵਿਅਕਤੀ ਨੂੰ ਢੇਰ ਗਿਆਨ ਦੇ ਬਾਵਜੂਦ ਤਸੱਲੀ ਨਹੀਂ ਸੀ। ਗੁਰੂ ਦੀ ਤਲਾਸ਼ ਕੀਤੀ, ਲੱਭ ਲਿਆ, ਕਿਹਾ, ਕੁਝ ਦੱਸੋ। ਗੁਰੂ ਨੇ ਕਿਹਾ, ਤੂੰ ਜੋ ਜਾਣਦੈਂ, ਲਿਖ ਲਿਆ। ਕਈ ਮਹੀਨੇ ਲਾ ਕੇ, ਹਜ਼ਾਰਾਂ ਪੰਨੇ ਲਿਖ ਲਿਆਇਆ। ਵੇਖ ਕੇ ਗੁਰੂ ਨੇ ਕਿਹਾ, 'ਇੰਨੇ ਕੌਣ ਪੜ੍ਹੇਗਾ, ਸੰਖੇਪ ਕਰ ਕੇ । ਹਜ਼ਾਰਾਂ ਪੰਨਿਆਂ ਦੇ ਉਸ ਨੇ ਇਕ ਹਜ਼ਾਰ ਬਣਾਏ। ਗੁਰੂ ਨੇ ਫਿਰ ਕਿਹਾ, 'ਹੋਰ ਸੰਖੇਪ ਕਰ। ਸੌ ਪੰਨੇ ਕਰ ਦਿੱਤੇ। ਹੋਰ ਸੰਖੇਪ ਕਰ, ਦਸ ਪੰਨੇ ਰਹਿ ਗਏ। ਹੋਰ ਸੰਖੇਪ ਕਰਨ ਲਈ ਕਿਹਾ, ਇਕ ਪੰਨਾ ਕਰ ਲਿਆ। ਗੁਰੂ ਨੇ ਕਿਹਾ ਇਹ ਵੀ ਸਮਝ ਨਹੀਂ ਆਇਆ, ਹੋਰ ਸੰਖੇਪ ਕਰ। ਅਖ਼ੀਰ 'ਤੇ ਉਹ ਖ਼ਾਲੀ ਪੰਨਾ ਲੈ ਕੇ ਅਇਆ। ਹਾਂ, ਇਹ ਠੀਕ ਹੈ। ਹੁਣ ਤੂੰ ਮੇਰਾ ਸ਼ਿਸ਼ ਹੈਂ। ਪਹਿਲਾਂ ਤੇਰੇ-ਮੇਰੇ ਵਿਚਕਾਰ ਗਿਆਨ ਦੀ ਦੀਵਾਰ ਸੀ। ਵਿਦਿਆਰਥੀ ਜਾਂ ਸ਼ਿਸ਼ ਉਹ ਹੁੰਦਾ ਹੈ, ਜੋ ਗੁਰੂ ਜਾਂ ਅਧਿਆਪਕ ਕੋਲ, ਇਸ ਭਾਵ ਨਾਲ ਜਾਵੇ ਕਿ ਉਹ ਕੁਝ ਨਹੀਂ ਜਾਣਦਾ।

• ਨਰਿੰਦਰ ਸਿੰਘ ਕਪੂਰ

# ਪੰਜਾਬ ਵਿਧਾਨ ਸਭਾ ਇਜਲਾਸ: 11 ਮਿੰਟ ਦੇ ਸੈਸ਼ਨ ਦੌਰਾਨ ਵਿਛੜੀਆਂ ਸਖ਼ਸ਼ੀਅਤਾਂ ਨੂੰ ਸ਼ਰਧਾਂਜਲੀ ਭੇਟ



**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦਾ ਦੋ ਰੋਜ਼ਾ ਇਜਲਾਸ ਅੱਜ ਸ਼ੁਰੂ ਹੋ ਗਿਆ ਹੈ। ਇਜਲਾਸ ਦੇ ਪਹਿਲੇ ਦਿਨ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੈਸ਼ਨ 'ਚ ਗੁਜਰਾਤ ਚ ਹਵਾਈ ਹਾਦਸੇ ਚ ਮਾਰੇ ਗਏ ਸੈਂਕੜੇ ਲੋਕਾਂ ਤੋਂ ਇਲਾਵਾ ਅਬੋਹਰ ਚ ਮਾਰੇ ਗਏ ਕੱਪੜਾ ਵਪਾਰੀ ਸੰਜੇ ਵਰਮਾ ਤੋਂ ਇਲਾਵਾ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ ਸ਼ਰਧਾਂਜਲੀ ਦਿੱਤੀ ਗਈ। 11 ਮਿੰਟ ਚੱਲੇ ਸੈਸ਼ਨ ਨੂੰ ਅੱਜ ਸ਼ਰਧਾਂਜਲੀ ਸਮਾਗਮ ਮਗਰੋਂ ਉਠਾ ਦਿੱਤਾ ਗਿਆ।

ਸ਼ਰਧਾਂਜਲੀ ਸੰਦਰਭਾਂ ਦੌਰਾਨ ਵਰਮਾ ਦਾ ਨਾਮ ਸ਼ਾਮਲ ਕਰਨ ਦਾ ਪ੍ਰਸਤਾਵ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਵੱਲੋਂ ਪੇਸ਼ ਕੀਤਾ ਗਿਆ ਸੀ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਾਲੀ ਕਾਂਗਰਸ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ। ਇਸ ਦੌਰਾਨ ਜਦੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਪਰਾਧੀਆਂ ਵਿਰੁੱਧ ਪੰਜਾਬ ਪੁਲੀਸ ਦੀ ਤੇਜ਼ੀ ਨਾਲ ਕਾਰਵਾਈ ਦੀ ਪ੍ਰਸ਼ੰਸਾ ਕੀਤੀ, ਤਾਂ ਬਾਜਵਾ ਨੇ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਅਜੇ ਵੀ ਕੋਈ ਸਪੱਸ਼ਟੀਕਰਨ ਨਹੀਂ ਹੈ।

ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਵੀ ਜੂਨ ਵਿੱਚ ਅਹਿਮਦਾਬਾਦ ਹਵਾਈ ਹਾਦਸੇ ਵਿੱਚ ਮਾਰੇ ਗਏ 260 ਵਿਅਕਤੀਆਂ ਨੂੰ ਸ਼ਰਧਾਂਜਲੀ ਸੰਦਰਭਾਂ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਸਦਨ ਨੇ ਹਾਲ ਹੀ ਵਿੱਚ ਅਕਾਲ ਚਲਾਣਾ ਕਰ ਗਏ ਤਰਨਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਸਾਹਿਤਕਾਰ ਰਤਨ ਸਿੰਘ ਜੱਗੀ ਅਤੇ ਤਿੰਨ ਫੌਜੀਆਂ - ਨਾਇਕ ਸੁਰਿੰਦਰ ਸਿੰਘ ਅਤੇ ਲਾਂਸ ਨਾਇਕ ਬਲਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੇ ਕੁਝ ਕੈਬਨਿਟ ਸਹਿਯੋਗੀ ਅੱਜ ਗੈਰਹਾਜ਼ਰ ਰਹੇ, ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਵਿਧਾਇਕ ਗਨੀਵ ਕੌਰ ਮਜੀਠੀਆ ਵੀ ਗੈਰਹਾਜ਼ਰ ਸਨ। ਸਦਨ ਵਿੱਚ ਅੱਜ ਕਾਂਗਰਸ ਦੇ 11 ਵਿਧਾਇਕ ਮੌਜੂਦ ਸਨ।

# ਸੱਤਿਆਪਾਲ ਮਲਿਕ ਦੇ ਦੇਹਾਂਤ ਦੀ ਖ਼ਬਰ ਫਰਜ਼ੀ, ਨਿੱਜੀ ਸਕੱਤਰ ਨੇ ਜਾਰੀ ਕੀਤਾ ਬਿਆਨ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਬਾਰੇ ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਇਸ ਤੋਂ ਇਲਾਵਾ ਫੇਸਬੁੱਕ 'ਤੇ ਵੀ ਕਈ ਲੋਕਾਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਹਾਲਾਂਕਿ, ਇਹ ਦਾਅਵੇ ਪੂਰੀ ਤਰ੍ਹਾਂ ਬੇਬੁਨਿਆਦ ਹਨ। ਇਹ ਜਾਣਕਾਰੀ ਸਾਬਕਾ ਰਾਜਪਾਲ ਦੇ ਨਿੱਜੀ ਸਕੱਤਰ ਕੰਵਰ ਸਿੰਘ ਰਾਣਾ ਨੇ ਦਿੱਤੀ ਹੈ। ਸੋਸ਼ਲ ਮੀਡੀਆ ਸਾਈਟ ਐਕਸ 'ਤੇ ਸਾਬਕਾ ਰਾਜਪਾਲ ਦੇ ਅਧਿਕਾਰਤ ਅਕਾਊਂਟ ਤੋਂ ਲਿਖਿਆ ਗਿਆ ਹੈ, "ਸਤਿਕਾਰਯੋਗ ਸਾਬਕਾ ਗਵਰਨਰ ਚੌਧਰੀ ਸਤਿਆਪਾਲ ਸਿੰਘ ਮਲਿਕ ਜੀ ਆਈਸੀਯੂ ਵਿੱਚ ਭਰਤੀ ਹਨ ਅਤੇ ਸੀਨੀਅਰ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਅਫਵਾਹਾਂ ਤੋਂ ਬਚੋ ਅਤੇ ਕੋਈ ਵੀ ਗਲਤ ਖ਼ਬਰ ਨਾ ਫੈਲਾਓ।" ਕੰਵਰ ਸਿੰਘ ਰਾਣਾ, ਨਿੱਜੀ ਸਕੱਤਰ ਸਾਬਕਾ ਰਾਜਪਾਲ ਸਤਿਆਪਾਲ ਮਲਿਕ।

ਜ਼ਿਕਰਯੋਗ ਹੈ ਕਿ ਸਾਬਕਾ ਰਾਜਪਾਲ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਭਰਤੀ ਹਨ ਅਤੇ ਗੁਰਦਿਆਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਸੱਤਿਆਪਾਲ ਮਲਿਕ ਗੋਆ, ਬਿਹਾਰ, ਮੇਘਾਲਿਆ ਅਤੇ ਜੰਮੂ-ਕਸ਼ਮੀਰ ਦੇ ਰਾਜਪਾਲ ਰਹਿ ਚੁੱਕੇ ਹਨ। ਉਨ੍ਹਾਂ ਦੇ ਦੇਹਾਂਤ ਬਾਰੇ ਪੋਸਟਾਂ ਵੱਡੇ ਪੱਧਰ 'ਤੇ ਵਾਇਰਲ ਹੋ ਰਹੀਆਂ ਸਨ, ਜਿਸ ਕਾਰਨ ਉਨ੍ਹਾਂ ਦੇ ਨਿੱਜੀ ਸਕੱਤਰ ਨੂੰ ਬਿਆਨ ਜਾਰੀ ਕਰਨਾ ਪਿਆ। ਜਿਨ੍ਹਾਂ ਪੋਸਟਾਂ ਵਿਚ ਲੋਕਾਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ।

# ਬਿਜਲੀ ਮੰਤਰੀ ਨੇ ਇੰਜੀ. ਰਵਿੰਦਰ ਸਿੰਘ ਸੈਣੀ ਨੂੰ ਪੀ.ਐਸ.ਈ.ਆਰ.ਸੀ. ਦੇ ਮੈਂਬਰ ਵਜੋਂ ਚੁਕਾਈ ਸਹੁੰ



**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਪੰਜਾਬ ਭਵਨ ਵਿਖੇ ਕਰਵਾਏ ਗਏ ਇੱਕ ਸ਼ਾਨਦਾਰ ਸਮਾਰੋਹ ਦੌਰਾਨ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਦੇ ਮੈਂਬਰ ਵਜੋਂ ਨਿਯੁਕਤ ਕੀਤੇ ਗਏ ਇੰਜੀ. ਰਵਿੰਦਰ ਸਿੰਘ ਸੈਣੀ ਨੂੰ ਅਹੁਦੇ ਦੀ ਸਹੁੰ ਚੁਕਾਈ। ਸਹੁੰ ਚੁੱਕ ਸਮਾਗਮ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇੰਜੀਨੀਅਰ ਸੈਣੀ ਕੋਲ ਪੰਜਾਬ ਦੇ ਬਿਜਲੀ ਖੇਤਰ ਦਾ ਵਿਆਪਕ ਤਜਰਬਾ ਅਤੇ ਡੂੰਘੀ ਸਮਝ ਹੈ, ਜੋ ਪੀ.ਐਸ.ਈ.ਆਰ.ਸੀ. ਦੇ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਿਯੁਕਤੀ ਨਾਲ, ਕਮਿਸ਼ਨ ਆਪਣੀ ਪੂਰੀ ਸਮਰੱਥਾ ਨਾਲ ਨਿਰਪੱਖ ਨਿਯਮਾਂ ਨੂੰ ਯਕੀਨੀ ਬਣਾਉਣ, ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਅਤੇ ਖਪਤਕਾਰਾਂ, ਉਪਯੋਗਤਾਵਾਂ ਤੇ ਭਾਈਵਾਲਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਬਿਹਤਰ ਢੰਗ ਨਾਲ ਕੰਮ ਕਰੇਗਾ। ਮੰਤਰੀ ਨੇ ਕਿਹਾ ਕਿ ਬਿਜਲੀ ਖੇਤਰ ਵਿੱਚ ਸੈਣੀ ਨੇ ਵਡਮੁੱਲਾ ਯੋਗਦਾਨ ਪਾਇਆ ਹੈ ਅਤੇ ਕਮਿਸ਼ਨ ਵਿੱਚ ਉਨ੍ਹਾਂ ਦੀ ਨਿਯੁਕਤੀ ਨਿਸ਼ਚਤ ਤੌਰ 'ਤੇ ਇਸਦੀ ਰੈਗੂਲੇਟਰੀ ਕੁਸ਼ਲਤਾ ਵਿੱਚ ਵਾਧਾ ਕਰੇਗੀ।

ਬਿਜਲੀ ਮੰਤਰੀ ਨੇ ਅੱਗੇ ਕਿਹਾ ਕਿ ਇਹ ਨਿਯੁਕਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਬਿਜਲੀ ਖੇਤਰ ਸਬੰਧੀ ਅਦਾਰਿਆਂ ਨੂੰ ਸਸ਼ਕਤ ਬਣਾਉਣ ਅਤੇ ਕੁਸ਼ਲ ਪ੍ਰਸ਼ਾਸਨ ਯਕੀਨੀ ਬਣਾਉਣ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੈਣੀ ਦੀ ਵਿਆਪਕ ਤਕਨੀਕੀ ਸੂਝ ਅਤੇ ਵਿਹਾਰਕ ਤਜਰਬੇ ਦੇ ਨਾਲ, ਪੀ.ਐਸ.ਈ.ਆਰ.ਸੀ. ਪੰਜਾਬ ਦੇ ਲੋਕਾਂ ਨੂੰ ਭਰੋਸੇਯੋਗ ਅਤੇ ਕਿਫਾਇਤੀ ਬਿਜਲੀ ਪ੍ਰਦਾਨ ਕਰਨ ਸਬੰਧੀ ਸਰਕਾਰ ਦੇ ਦ੍ਰਿਸ਼ਟੀਕੋਣ ਮੁਤਾਬਕ ਸਮੇਂ ਸਿਰ, ਖਪਤਕਾਰ-ਪੱਖੀ ਫੈਸਲੇ ਲੈਣ ਦੇ ਯੋਗ ਹੋਵੇਗਾ।

ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇਸ ਨਿਯੁਕਤੀ ਨਾਲ, ਪੀ.ਐਸ.ਈ.ਆਰ.ਸੀ. ਕੋਲ ਹੁਣ ਤਿੰਨ ਮੈਂਬਰਾਂ ਹੋਣਗੇ ਜਿਹਨਾਂ ਵਿੱਚ ਚੇਅਰਪਰਸਨ ਵਿਸ਼ਵਜੀਤ ਖੰਨਾ (ਸੇਵਾਮੁਕਤ ਆਈ.ਏ.ਐਸ.), ਮੈਂਬਰ ਪਰਮਜੀਤ ਸਿੰਘ ਅਤੇ ਮੈਂਬਰ ਇੰਜੀਨੀਅਰ ਰਵਿੰਦਰ ਸਿੰਘ ਸੈਣੀ ਸ਼ਾਮਲ ਹਨ। ਦੂਜੇ ਮੈਂਬਰ ਦਾ ਅਹੁਦਾ ਕੁਝ ਸਮੇਂ ਤੋਂ ਖਾਲੀ ਪਿਆ ਸੀ ਅਤੇ ਸੈਣੀ ਦੀ ਨਿਯੁਕਤੀ ਹੋਣ ਨਾਲ ਰੈਗੂਲੇਟਰੀ ਪ੍ਰਕਿਰਿਆਵਾਂ ਅਤੇ ਲੰਬਿਤ ਮਾਮਲਿਆਂ ਵਿੱਚ ਤੇਜ਼ੀ ਆਉਣ ਦੀ ਉਮੀਦ ਹੈ।

ਇੰਜੀ. ਸੈਣੀ ਨੂੰ ਫਰਵਰੀ 2023 ਵਿੱਚ ਡਾਇਰੈਕਟਰ/ਵਪਾਰਕ, ਪੀ.ਐਸ.ਪੀ.ਸੀ.ਐਲ. ਨਿਯੁਕਤ ਕੀਤਾ ਗਿਆ ਸੀ ਅਤੇ ਫਰਵਰੀ 2025 ਵਿੱਚ ਉਨ੍ਹਾਂ ਨੇ ਆਪਣਾ ਅਹੁਦਾ ਛੱਡ ਦਿੱਤਾ ਸੀ। ਇਸ ਮੌਕੇ ਊਰਜਾ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਅਜੋਏ ਕੁਮਾਰ ਸਿਨਹਾ ਆਈ.ਏ.ਐਸ, ਡਾਇਰੈਕਟਰ ਜਨਰੇਸ਼ਨ ਇੰਜੀ. ਹਰਜੀਤ ਸਿੰਘ, ਡਾਇਰੈਕਟਰ ਕਮਰਸ਼ੀਅਲ ਇੰਜੀ. ਹੀਰਾ ਲਾਲ ਗੋਇਲ, ਡਾਇਰੈਕਟਰ ਟੈਕਨੀਕਲ ਪੀ.ਐਸ.ਟੀ.ਸੀ.ਐਲ. ਇੰਜੀ. ਸੰਜੀਵ ਸੂਦ, ਡਾਇਰੈਕਟਰ ਵਿੱਤ ਸ੍ਰੀ ਐਸ.ਕੇ. ਬੇਰੀ, ਡਾਇਰੈਕਟਰ ਵਿੱਤ ਪੀ.ਐਸ.ਟੀ.ਸੀ.ਐਲ. ਸ੍ਰੀ ਵਿਨੋਦ ਕੁਮਾਰ ਬਾਂਸਲ ਅਤੇ ਡਾਇਰੈਕਟਰ ਐਡਮਿਨ ਜਸਵੀਰ ਸਿੰਘ ਸੁਰਸਿੰਘ ਮੌਜੂਦ ਸਨ।

# ਇਲੈਕਸ਼ਨ ਕਮਿਸ਼ਨ ਨੂੰ ਰਤਾ ਪਹਿਲਾਂ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਸੀ, ਹੁਣ ਥੋੜ੍ਹੀ ਦੇਰ ਹੋ ਗਈ: ਸੁਪਰੀਮ ਕੋਰਟ

**ਨਵੀਂ ਦਿੱਲੀ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਚੋਣ ਕਮਿਸ਼ਨ ਦੇ ਚੋਣ ਵਾਲੇ ਸੂਬੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਖ਼ਾਸ ਜ਼ੋਰਦਾਰ ਸੋਧ (SIR) ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਹੈ। ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਸ਼ਮੂਲੀਅਤ ਵਾਲੇ ਇੱਕ ਅੰਸ਼ਕ ਕੰਮ-ਕਾਜੀ ਦਿਨ (partial working day – PWD) ਬੈਂਚ ਨੂੰ ਚੋਣ ਪੈਨਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਦੱਸਿਆ ਕਿ ਉਨ੍ਹਾਂ ਨੂੰ ਪਟੀਸ਼ਨਾਂ 'ਤੇ ਮੁੱਢਲੇ ਇਤਰਾਜ਼ ਹਨ।

ਦਿਵੇਦੀ ਤੋਂ ਇਲਾਵਾ, ਸੀਨੀਅਰ ਵਕੀਲ ਕੇਕੇ ਵੇਣੂਗੋਪਾਲ ਅਤੇ ਮਨਿੰਦਰ ਸਿੰਘ ਚੋਣ ਕਮਿਸ਼ਨ ਦੀ ਨੁਮਾਇੰਦਗੀ ਕਰ ਰਹੇ ਹਨ। ਦੂਜੇ ਪਾਸੇ ਪਟੀਸ਼ਨਰਾਂ ਵਿੱਚੋਂ ਇੱਕ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਕਿਹਾ ਕਿ ਵੋਟਰ ਸੂਚੀਆਂ ਦੀ ਸੋਧ ਦੀ ਇਜਾਜ਼ਤ ਲੋਕ ਪ੍ਰਤੀਨਿਧਤਾ ਐਕਟ ਤਹਿਤ ਦਿੱਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਪੂਰਾ SIR ਲਗਭਗ 7.9 ਕਰੋੜ ਨਾਗਰਿਕਾਂ ਨੂੰ ਕਵਰ ਕਰੇਗਾ, ਪਰ ਵੋਟਰ ਆਈਡੀ ਕਾਰਡ ਅਤੇ ਆਧਾਰ ਕਾਰਡਾਂ 'ਤੇ ਵੀ ਵਿਚਾਰ ਨਹੀਂ ਕੀਤਾ ਜਾ ਰਿਹਾ ਹੈ। ਸੁਣਵਾਈ ਦੌਰਾਨ, ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਚੋਣਾਂ ਵਾਲੇ ਬਿਹਾਰ ਵਿੱਚ ਵੋਟਰ ਸੂਚੀਆਂ ਦੇ SIR ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਉਸ ਨੂੰ ਕੁਝ ਮੁੱਢਲੇ ਇਤਰਾਜ਼ ਹਨ।

ਸਿਖਰਲੀ ਅਦਾਲਤ ਨੇ ਨੋਟ ਕੀਤਾ ਕਿ ਚੋਣ ਕਮਿਸ਼ਨ ਜੋ ਕਰ ਰਿਹਾ ਹੈ ਉਹ ਸੰਵਿਧਾਨ ਦੇ ਤਹਿਤ ਲਾਜ਼ਮੀ ਹੈ ਅਤੇ ਆਖਰੀ ਵਾਰ ਅਜਿਹਾ ਅਭਿਆਸ 2003 ਵਿੱਚ ਕੀਤਾ ਗਿਆ ਸੀ। ਇਸ ਦੌਰਾਨ, ਅਦਾਲਤ ਨੇ ਚੋਣ ਕਮਿਸ਼ਨ ਨੂੰ ਬਿਹਾਰ ਵਿੱਚ ਵੋਟਰ ਸੂਚੀਆਂ ਦੇ ਵਿਸ਼ੇਸ਼ ਸੋਧ ਵਿੱਚ ਸਵੀਕਾਰ ਕੀਤੇ ਗਏ ਦਸਤਾਵੇਜ਼ਾਂ ਦੀ ਸੂਚੀ ਵਿੱਚੋਂ ਆਧਾਰ ਕਾਰਡ ਨੂੰ ਬਾਹਰ ਕਰਨ 'ਤੇ ਸਵਾਲ ਉਠਾਏ।

ਨਾਲ ਹੀ ਸੁਪਰੀਮ ਕੋਰਟ ਨੇ ਆਖਿਆ ਕਿ ਜੇ ਚੋਣ ਕਮਿਸ਼ਨ ਬਿਹਾਰ ਵਿੱਚ ਵੋਟਰ ਸੂਚੀਆਂ ਦੇ SIR ਦੇ ਤਹਿਤ ਨਾਗਰਿਕਤਾ ਦੀ ਜਾਂਚ ਕਰਨਾ ਚਾਹੁੰਦਾ ਸੀ, ਤਾਂ ਇਸ ਨੂੰ ਪਹਿਲਾਂ ਕਾਰਵਾਈ ਕਰਨੀ ਚਾਹੀਦੀ ਸੀ। ਸਿਖਰਲੀ ਅਦਾਲਤ ਨੇ ਇਹ ਵੀ ਕਿਹਾ ਕਿ ਹੁਣ "ਥੋੜ੍ਹੀ ਦੇਰ"ਹੋ ਗਈ ਹੈ।

SC ਨੇ ਚੋਣ ਕਮਿਸ਼ਨ ਨੂੰ ਇਹ ਵੀ



ਪੁੱਛਿਆ ਕਿ ਉਹ ਨਾਗਰਿਕਤਾ ਦੇ ਮੁੱਦੇ ਵਿੱਚ ਕਿਉਂ ਪੈ ਰਿਹਾ ਹੈ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਇਹ ਗ੍ਰਹਿ ਮੰਤਰਾਲੇ ($81) ਦਾ ਖੇਤਰ ਹੈ। ਚੋਣ ਕਮਿਸ਼ਨ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਸੰਵਿਧਾਨ ਦੀ ਧਾਰਾ 326 ਦੇ ਤਹਿਤ ਭਾਰਤ ਵਿੱਚ ਵੋਟਰ ਹੋਣ ਲਈ ਨਾਗਰਿਕਤਾ ਦੀ ਜਾਂਚ ਜ਼ਰੂਰੀ ਹੈ।

ਆਖ਼ਰੀ ਖ਼ਬਰਾਂ ਮਿਲਣ ਤੱਕ ਮਾਮਲੇ 'ਤੇ ਸੁਣਵਾਈ ਚੱਲ ਰਹੀ ਸੀ। ਸੁਪਰੀਮ ਕੋਰਟ ਵਿੱਚ ਇਸ ਮਾਮਲੇ 'ਤੇ 10 ਤੋਂ ਵੱਧ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੱਕ NGO 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' (Association for Democratic Reforms – ADR) ਨੇ ਦਾਇਰ ਕੀਤੀ ਹੈ, ਜੋ ਮਾਮਲੇ ਦਾ ਮੁੱਖ ਪਟੀਸ਼ਨਰ ਹੈ।

ਆਰਜੇਡੀ ਸੰਸਦ ਮੈਂਬਰ ਮਨੋਜ ਝਾਅ ਅਤੇ ਤ੍ਰਿਣਮੂਲ ਕਾਂਗਰਸ ਸੰਸਦ ਮੈਂਬਰ ਮਹੂਆ ਮੋਇਤਰਾ, ਕਾਂਗਰਸ ਦੇ ਕੇਸੀ ਵੇਣੂਗੋਪਾਲ, ਐਨਸੀਪੀ (ਸਪਾ) ਨੇਤਾ ਸੁਪ੍ਰਿਆ ਸੂਲੇ, ਸੀਪੀਆਈ ਨੇਤਾ ਡੀ ਰਾਜਾ, ਸਮਾਜਵਾਦੀ ਪਾਰਟੀ ਦੇ ਹਰਿੰਦਰ ਸਿੰਘ ਮਲਿਕ, ਸ਼ਿਵ ਸੈਨਾ (ਯੂਬੀਟੀ) ਨੇਤਾ ਅਰਵਿੰਦ ਸਾਵੰਤ, ਜੇਐਮਐਮ ਦੇ ਸਰਫਰਾਜ਼ ਅਹਿਮਦ ਅਤੇ ਸੀਪੀਆਈ (ਐਮਐਲ) ਦੇ ਦੀਪਾਂਕਰ ਭੱਟਾਚਾਰੀਆ ਨੇ ਵੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਰੱਦ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕਰਦੇ ਹੋਏ ਸਿਖਰਲੀ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ।

# ਸਕੂਲ ਬੱਸ ਪਲਟਣ ਕਾਰਨ ਕੰਡਕਟਰ ਦੀ ਮੌਤ, ਡਰਾਈਵਰ ਤੇ ਬੱਚੇ ਸੁਰੱਖਿਅਤ




**ਮਹਿਲ ਕਲਾਂ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲ ਕਲਾਂ ਨੇੜੇ ਬਾਬਾ ਗਾਂਧਾ ਸਕੂਲ ਦੀ ਇਕ ਬੱਸ ਅੱਜ ਖੇਤਾਂ ਵਿੱਚ ਪਲਟ ਜਾਣ ਕਾਰਨ ਕੰਡਕਟਰ ਦੀ ਮੌਤ ਹੋ ਗਈ, ਜਦਕਿ ਸਕੂਲੀ ਬੱਚਿਆਂ ਦਾ ਬਚਾਅ ਰਿਹਾ। ਇਹ ਹਾਦਸਾ ਪਿੰਡ ਕਿਰਪਾਲ ਸਿੰਘ ਵਾਲਾ ਲਿੰਕ ਸੜਕ 'ਤੇ ਵਾਪਰਿਆ।

ਬੱਸ ਦੇ ਡਰਾਈਵਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਮਹਿਲ ਕਲਾਂ ਤੋਂ ਬੱਚੇ ਉਤਾਰ ਕੇ ਪਿੰਡ ਕਿਰਪਾਲ ਸਿੰਘ ਵਾਲਾ ਲਿੰਕ ਸੜਕ 'ਤੇ ਉਹ ਅੱਗੇ ਤੋਂ ਤੇਜ਼ ਰਫ਼ਤਾਰ ਨਾਲ ਆ ਰਹੀ ਗੱਡੀ ਨੂੰ ਸਾਈਡ ਦੇਣ ਲੱਗੇ। ਉਸ ਸਮੇਂ ਮੀਂਹ ਪੈਣ ਕਾਰਨ ਸੜਕ ਦੱਬਣ ਕਾਰਨ ਬੱਸ ਖੇਤਾਂ ਵਿੱਚ ਪਲਟ ਗਈ ਅਤੇ ਕੰਡਕਟਰ ਅੰਮ੍ਰਿਤਪਾਲ ਸਿੰਘ ਬੱਸ ਹੇਠਾਂ ਦੱਬ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ।

ਪੁਲੀਸ ਥਾਣਾ ਮਹਿਲ ਕਲਾਂ ਦੇ ਮੁਖੀ ਸ਼ੇਰਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਨੂੰ ਹਾਦਸੇ ਦੀ ਇਤਲਾਹ ਮਿਲਣ 'ਤੇ ਮੌਕੇ ਉਪਰ ਪਹੁੰਚ ਕੇ ਜਾਂਚ ਕੀਤੀ ਗਈ। ਬੱਸ ਹੇਠਾਂ ਦੱਬੇ ਕੰਡਕਟਰ ਦੀ ਲਾਸ਼ ਨੂੰ ਕਬਜ਼ੇ 'ਚ ਲਿਆ ਗਿਆ ਅਤੇ ਲੋਕਾਂ ਦੀ ਮਦਦ ਨਾਲ ਸਾਰੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ।

ਮ੍ਰਿਤਕ ਕੰਡਕਟਰ ਦੀ ਪਛਾਣ ਅੰਮ੍ਰਿਤਪਾਲ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਕਲਾਲਮਾਜਰਾ ਵਜੋਂ ਹੋਈ ਹੈ। ਪੁਲੀਸ ਮੁਤਾਬਕ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਲਾਰੈਂਸ ਬਿਸ਼ਨੋਈ ਨੂੰ ਪੰਜਾਬ ਦੇ ਹਵਾਲੇ ਕਿਉਂ ਨਹੀਂ ਕੀਤਾ ?: ਚੀਮਾ




**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਵਿਧਾਨ ਸਭਾ ਦੇ ਸੈਸ਼ਨ ਮਗਰੋਂ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਅਬੋਹਰ ਵਿੱਚ ਵਪਾਰੀ ਦਾ ਹੋਇਆ ਕਤਲ ਲਾਰੈਂਸ ਬੁਸ਼ਨੋਈ ਵਲੋਂ ਕਰਵਾਇਆ ਗਿਆ ਹੈ, ਜੋ ਗੁਜਰਾਤ ਜੇਲ੍ਹ ਵਿੱਚ ਹੈ। ਉਨ੍ਹਾਂ ਕਿਹਾ, "ਬਹੁਤ ਦੁੱਖ ਦੀ ਗੱਲ ਹੈ ਕਿ ਉਹ ਗੁਜਰਾਤ ਵਿੱਚ ਬੈਠਾ ਪੰਜਾਬ ਨੂੰ ਨਿਸ਼ਾਨਾ ਬਣਾ ਰਿਹਾ ਹੈ, ਉਸ ਨੂੰ ਉੱਥੇ ਕਿਉਂ ਰੱਖਿਆ ਜਾ ਰਿਹਾ ਹੈ ?" ਚੀਮਾ ਨੇ ਕਿਹਾ ਕਿ ਭਾਜਪਾ ਇਨ੍ਹਾਂ ਗੈਂਗਸਟਰਾਂ ਨੂੰ ਆਪਣੀ ਪਕੜ ਵਿੱਚ ਰੱਖਣਾ ਚਾਹੁੰਦੀ ਹੈ ਅਤੇ ਉਨ੍ਹਾਂ ਦੀ ਵਰਤੋਂ ਗੈਰ ਭਾਜਪਾਈ ਰਾਜਾਂ ਵਿੱਚ ਅਸ਼ਾਂਤੀ ਪੈਦਾ ਕਰਨ ਲਈ ਕਰਨਾ ਚਾਹੁੰਦੀ ਹੈ। ਪਰ ਪੰਜਾਬ ਸਰਕਾਰ ਸ਼ਾਂਤੀ ਯਕੀਨੀ ਬਣਾਉਣ ਲਈ ਇਮਾਨਦਾਰੀ ਨਾਲ ਵਚਨਬੱਧ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਸਮੇਤ ਸਾਰੇ ਆਗੂ ਅਸਲ ਵਿੱਚ ਡਰੱਗ ਮਾਫੀਆ ਦੇ ਹੱਕ ਵਿੱਚ ਕੰਮ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਖੁੱਲ੍ਹੇਆਮ ਗੈਂਗਸਟਰਾਂ ਦਾ ਸਮਰਥਨ ਕਰ ਰਹੇ ਹਨ। ਚੀਮਾ ਨੇ ਕਿਹਾ ਕਿ ਉਹ ਪਿਛਲੀਆਂ ਸਰਕਾਰਾਂ ਦੇ ਕੰਢੇ ਚੁੱਗ ਰਹੇ ਹਨ ।

ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਕਿਹਾ, "ਜਨਤਾ ਵਿੱਚ ਰੌਲਾ ਪਾਉਣ ਦੀ ਬਜਾਏ ਪਾਰਟੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸੰਪਰਕ ਕਿਉਂ ਨਹੀਂ ਕਰਦੀ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਪੰਜਾਬ ਦੀ ਜੇਲ੍ਹ ਵਿੱਚ ਕਿਉਂ ਨਹੀਂ ਭੇਜਦੀ।"

# ਮਲੇਸ਼ੀਆਈ ਮਾਡਲ ਨੇ ਭਾਰਤੀ ਪੁਜਾਰੀ 'ਤੇ ਮੰਦਰ 'ਚ ਜਿਨਸੀ ਸ਼ੋਸ਼ਣ ਦਾ ਲਾਇਆ ਦੋਸ਼

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਲੇਸ਼ੀਅਨ ਅਧਿਕਾਰੀਆਂ ਨੇ ਪਿਛਲੇ ਮਹੀਨੇ ਸੇਪਾਂਗ ਸਥਿਤ ਇੱਕ ਮੰਦਰ ਦੀ ਫੇਰੀ ਦੌਰਾਨ ਭਾਰਤੀ ਮੂਲ ਦੀ ਅਦਾਕਾਰਾ, ਮਾਡਲ ਤੇ ਟੈਲੀਵਿਜ਼ਨ ਮੇਜ਼ਬਾਨ ਲਿਸ਼ਾਲਿਨੀ ਕਨਾਰਨ ਨਾਲ ਛੇੜਛਾੜ ਕਰਨ ਦੇ ਦੋਸ਼ੀ ਭਾਰਤੀ ਪੁਜਾਰੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮਿਸ ਗ੍ਰੈਂਡ ਮਲੇਸ਼ੀਆ 2021 ਦਾ ਖਿਤਾਬ ਜਿੱਤਣ ਵਾਲੀ ਕਨਾਰਨ ਨੇ ਇੱਕ ਜ਼ੋਰਦਾਰ ਤੇ ਲੰਬੀ-ਚੌੜੀ ਇੰਸਟਾਗ੍ਰਾਮ ਪੋਸਟ ਵਿੱਚ ਕਥਿਤ ਹਮਲੇ ਦਾ ਵੇਰਵਾ ਦਿੰਦਿਆਂ ਕਿਹਾ ਕਿ ਇਹ ਘਟਨਾ 21 ਜੂਨ ਨੂੰ ਮਲੇਸ਼ੀਆ ਦੇ ਭਾਰਤੀ ਭਾਈਚਾਰੇ ਦੇ ਬਹੁਤ ਹੀ ਸਤਿਕਾਰਤ ਮਰੀਅੰਮਾਨ ਮੰਦਰ ਵਿੱਚ ਵਾਪਰੀ ਸੀ।

ਉਸ ਦੇ ਅਨੁਸਾਰ, ਇਹ ਪੁਜਾਰੀ ਇੱਕ ਭਾਰਤੀ ਨਾਗਰਿਕ ਹੈ, ਜੋ ਅਸਥਾਈ ਤੌਰ 'ਤੇ ਮੰਦਰ ਦੇ ਨਿਯਮਤ ਪੁਜਾਰੀ ਵਜੋਂ ਕੰਮ ਕਰਦਾ ਸੀ। ਉਹ ਅਸ਼ੀਰਵਾਦ ਤੇ ਵਿਸ਼ੇਸ਼ ਪੂਜਾ ਦੇ ਬਹਾਨੇ ਉਸ ਨੂੰ ਆਪਣੇ ਨਾਲ ਲੈ ਗਿਆ। ਮਾਡਲ ਨੇ ਕਿਹਾ ਕਿ ਉਹ ਧਾਰਮਿਕ ਸੋਚ ਵਾਲੀ ਨਹੀਂ ਹੈ ਤੇ ਧਾਰਮਿਕ ਅਭਿਆਸਾਂ ਤੇ ਕਿਰਿਆ-ਕਲਾਪਾਂ ਤੋਂ ਬਿਲਕੁਲ ਹੀ ਅਣਜਾਣ ਹੈ। ਪਰ ਹੁਣ ਉਸ ਨੇ 'ਸ਼ਾਂਤੀ' ਲਈ ਇਹ ਸਭ ਸਮਝਣ ਵਾਸਤੇ ਆਪਣੀ ਮਾਂ ਨਾਲ ਮੰਦਰ ਜਾਣਾ ਸ਼ੁਰੂ ਕੀਤਾ ਸੀ।

ਕਨਾਰਨ ਨੇ ਆਪਣੀ ਪੋਸਟ ਵਿਚ ਲਿਖਿਆ ਕਿ ਘਟਨਾ ਦੇ ਸਮੇਂ ਉਸ ਦੀ ਮਾਤਾ ਭਾਰਤ ਗਈ ਹੋਈ ਸੀ, ਜਿਸ ਕਾਰਨ ਉਹ ਇਕੱਲੀ ਹੀ ਮੰਦਰ ਚਲੀ ਗਈ, ਜਦੋਂ ਉਸ ਨਾਲ ਇਹ ਮੰਦਭਾਗੀ ਘਟਨਾ ਵਾਪਰੀ। ਉਸ ਨੇ ਕਿਹਾ, "ਪੁਜਾਰੀ ਨੇ ਕਿਹਾ ਕਿ ਉਸ ਕੋਲ ਭਾਰਤ ਤੋਂ ਲਿਆਂਦਾ ਪਵਿੱਤਰ ਜਨ ਅਤੇ ਹੋਰ ਪਵਿੱਤਰ ਚੀਜ਼ਾਂ ਹਨ। ਉਸ ਨੇ ਮੈਨੂੰ ਪ੍ਰਾਰਥਨਾ ਤੋਂ ਬਾਅਦ ਉਸਨੂੰ ਮਿਲਣ ਲਈ ਕਿਹਾ।

# ਚੋਣ ਕਮਿਸ਼ਨ 'ਭਾਜਪਾ ਦੇ ਪਾਰਟੀ ਸੈੱਲ ਵਾਂਗ' ਕੰਮ ਕਰ ਰਿਹੈ: ਤੇਜਸਵੀ ਯਾਦਵ ਦਾ ਦੋਸ਼

**ਪਟਨਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਕ ਪਾਸੇ ਜਿਥੇ ਅੱਜ ਸੁਪਰੀਮ ਕੋਰਟ ਚੋਣ ਕਮਿਸ਼ਨ ਦੇ ਚੋਣ ਵਾਲੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਖ਼ਾਸ ਜ਼ੋਰਦਾਰ ਸੋਧ (SIR) ਕਰਨ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਿਹਾ ਹੈ, ਉਥੇ ਰਾਸ਼ਟਰੀ ਜਨਤਾ ਦਲ (Rashtriya Janata Dal – RJD) ਦੇ ਆਗੂ ਤੇਜਸਵੀ ਯਾਦਵ ਨੇ ਚੋਣ ਸੰਸਥਾ 'ਤੇ ਕਈ ਵਾਰ ਪੁੱਛੇ ਜਾਣ ਦੇ ਬਾਵਜੂਦ "ਸਪਸ਼ਟੀਕਰਨ ਜਾਰੀ ਨਹੀਂ ਕਰਨ"ਦਾ ਦੋਸ਼ ਲਗਾਇਆ। ਉਨ੍ਹਾਂ ਇਹ ਦੋਸ਼ ਵੀ ਲਗਾਇਆ ਕਿ ਚੋਣ ਕਮਿਸ਼ਨ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਭਾਜਪਾ ਦੇ "ਪਾਰਟੀ ਸੈੱਲ"ਵਾਂਗ ਕੰਮ ਕਰ ਰਿਹਾ ਹੈ। ਸਵਾਲ ਉਠਾਉਂਦਿਆਂ ਬਿਹਾਰ ਦੇ ਵਿਰੋਧੀ ਧਿਰ ਦੇ ਨੇਤਾ ਨੇ ਚੋਣ



ਕਮਿਸ਼ਨ ਤੋਂ ਤਸਦੀਕ ਪ੍ਰਕਿਰਿਆ ਲਈ ਲੋੜੀਂਦੇ ਦਸਤਾਵੇਜ਼ਾਂ ਵਜੋਂ ਆਧਾਰ ਕਾਰਡ, ਰਾਸ਼ਨ ਕਾਰਡ, ਜੌਬ ਕਾਰਡ ਅਤੇ ਮਨਰੇਗਾ ਕਾਰਡ ਨੂੰ ਸ਼ਾਮਲ ਨਾ ਕਰਨ ਦੇ ਕਾਰਨ ਪੁੱਛੇ ਹਨ। ਉਨ੍ਹਾਂ ਇਹ ਗੱਲ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।

ਉਨ੍ਹਾਂ ਕਿਹਾ, "ਅਸੀਂ ਅਦਾਲਤ ਵਿੱਚ ਪਹੁੰਚ ਕੀਤੀ ਹੈ ਅਤੇ ਆਪਣਾ ਪੱਖ ਪੇਸ਼ ਕੀਤਾ ਹੈ। ਦੇਖਦੇ ਹਾਂ ਕਿ ਅਦਾਲਤ ਵਿੱਚ ਕੀ ਹੁੰਦਾ ਹੈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਤੁਸੀਂ ਆਧਾਰ ਕਾਰਡ, ਰਾਸ਼ਨ ਕਾਰਡ, ਜੌਬ ਕਾਰਡ, ਮਨਰੇਗਾ ਕਾਰਡ ਨੂੰ ਕਿਉਂ ਰੱਦ ਕਰ ਰਹੇ ਹੋ? ਬਿਹਾਰ ਦੇ ਲੋਕਾਂ ਕੋਲ ਅਜੇ ਵੀ ਦਸਤਾਵੇਜ਼ ਨਹੀਂ ਹਨ।"

ਤੇਜਸਵੀ ਨੇ ਕਿਹਾ, ''ਚੋਣ ਕਮਿਸ਼ਨ ਕੋਈ ਸਪੱਸ਼ਟੀਕਰਨ ਜਾਰੀ ਨਹੀਂ ਕਰ ਰਿਹਾ ਹੈ। ਕਮਿਸ਼ਨਰ ਪ੍ਰੈਸ ਕਾਨਫਰੰਸ ਕਰਕੇ ਸਭ ਕੁਝ ਸਪੱਸ਼ਟ ਕਿਉਂ ਨਹੀਂ ਕਰ ਸਕਦੇ ? ਉਹ ਉਲਝਣ ਕਿਉਂ ਪੈਦਾ ਕਰ ਰਹੇ ਹਨ? ਚੋਣ ਕਮਿਸ਼ਨ ਨੂੰ ਕਿਸ ਗੱਲ ਦੀ ਆਕੜ ਹੈ ? ਅਜਿਹਾ ਲੱਗਦਾ ਹੈ ਜਿਵੇਂ ਚੋਣ ਕਮਿਸ਼ਨ ਭਾਜਪਾ ਦੇ ਪਾਰਟੀ ਸੈੱਲ ਵਾਂਗ ਕੰਮ ਕਰ ਰਿਹਾ ਹੈ।"

# ਵਿਦਿਆਰਥੀਆਂ ਵੱਲੋਂ ਸਕੂਲ ਡਾਇਰੈਕਟਰ ਦਾ ਕਤਲ

**ਹਿਸਾਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਸਾਰ ਜ਼ਿਲ੍ਹੇ ਦੇ ਨਾਰਨੌਂਦ ਉਪ-ਮੰਡਲ ਦੇ ਬਾਸ ਪਿੰਡ ਵਿੱਚ ਵੀਰਵਾਰ ਨੂੰ ਇੱਕ ਪ੍ਰਾਈਵੇਟ ਸਕੂਲ ਦੇ ਡਾਇਰੈਕਟਰ ਦਾ ਦੋ ਵਿਦਿਆਰਥੀਆਂ ਵੱਲੋਂ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਦੌਰਾਨ ਸਕੂਲ ਡਾਇਰੈਕਟਰ ਜਗਬੀਰ ਪੰਨੂ ਨੂੰ ਹਿਸਾਰ ਦੇ ਇੱਕ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ।

ਇਹ ਘਟਨਾ ਕਰਤਾਰ ਮੈਮੋਰੀਅਲ ਪਬਲਿਕ ਸਕੂਲ ਵਿੱਚ ਸਵੇਰੇ 11 ਵਜੇ ਦੇ ਕਰੀਬ ਵਾਪਰੀ ਹੈ। ਜਾਣਕਾਰੀ ਅਨੁਸਾਰ 10+2 ਜਮਾਤ ਦੇ ਵਿਦਿਆਰਥੀਆਂ ਨੇ ਸਕੂਲ ਕੈਂਪਸ ਦੇ ਅੰਦਰ ਜਗਬੀਰ ਪੰਨੂ 'ਤੇ ਹਮਲਾ ਕੀਤਾ। ਅਚਾਨਕ ਹੋਏ ਹਮਲੇ ਕਾਰਨ ਪੀੜਤ ਆਪਣੇ ਆਪ ਨੂੰ ਬਚਾ ਨਹੀਂ ਸਕਿਆ ਅਤੇ ਉਸ 'ਤੇ ਕਈ ਵਾਰ ਚਾਕੂ ਨਾਲ ਹਮਲਾ ਕੀਤਾ ਗਿਆ।

ਸਕੂਲ ਸਟਾਫ ਨੇ ਸ਼ੁਰੂ ਵਿੱਚ ਜ਼ਖਮੀ ਨੂੰ ਨਜ਼ਦੀਕੀ ਹਸਪਤਾਲ ਦਾਖਲ ਕਰਵਾਇਆ ਅਤੇ ਬਾਅਦ ਵਿੱਚ ਉਸ ਨੂੰ ਹਿਸਾਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਪੁਲਿਸ ਸੂਤਰਾਂ ਨੇ ਦੱਸਿਆ ਕਿ ਹਮਲੇ ਵਿੱਚ ਸ਼ਾਮਲ ਵਿਦਿਆਰਥੀਆਂ ਦੀ ਪਛਾਣ ਕਰ ਲਈ ਗਈ ਹੈ, ਦੋਵੇਂ ਦੋਸ਼ੀ ਵਿਦਿਆਰਥੀ ਮੌਕੇ ਤੋਂ ਫਰਾਰ ਹੋ ਗਏ ਹਨ।

ਵਿਦਿਆਰਥੀਆਂ ਵੱਲੋਂ ਹਮਲੇ ਪਿੱਛੇ ਦਾ ਮਕਸਦ ਅਜੇ ਤੱਕ ਸਪੱਸ਼ਟ ਨਹੀਂ ਹੋ ਸਕਿਆ ਹੈ। ਪੁਲੀਸ ਵੱਲੋਂ ਸਕੂਲ ਸਟਾਫ ਅਤੇ ਹੋਰ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਭਾਰਤ ਲਈ ਹੱਲ ਤਿਆਰ ਕਰਨਾ: ਸੈਮਸੰਗ ਸੌਲਵ ਫਾਰ ਟੂਮਾਰੋ ਪੂਰੇ ਉੱਤਰੀ ਭਾਰਤ ਵਿੱਚ ਬਦਲਾਅ ਲਿਆਇਆ

**ਪਟਿਆਲਾ/ਜਲੰਧਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਦੇ ਕਲਾਸਰੂਮਾਂ ਵਿੱਚ, ਕੁਝ ਸ਼ਕਤੀਸ਼ਾਲੀ ਵਾਪਰ ਰਿਹਾ ਹੈ। ਵਿਦਿਆਰਥੀ ਹੁਣ ਸਿਰਫ਼ ਪ੍ਰੀਖਿਆਵਾਂ ਦੀ ਤਿਆਰੀ ਨਹੀਂ ਕਰ ਰਹੇ ਉਹ ਦੁਨੀਆ ਨੂੰ ਬਦਲਣ ਦੀ ਤਿਆਰੀ ਕਰ ਰਹੇ ਹਨ। ਸੈਮਸੰਗ ਸਲਵ ਫਾਰ ਟੂਮਾਰੋ ਪ੍ਰੋਗਰਾਮ ਨੇ ਹਾਲ ਹੀ ਵਿੱਚ ਲੁਧਿਆਣਾ, ਪਟਿਆਲਾ, ਜਲੰਧਰ, ਤਲਵੰਡੀ, ਧੂਰੀ ਅਤੇ ਗੁੜਗਾਓਂ ਵਰਗੇ ਸ਼ਹਿਰਾਂ ਵਿੱਚ ਵਰਕਸ਼ਾਪਾਂ ਅਤੇ ਓਪਨ ਹਾਊਸ ਆਯੋਜਿਤ ਕੀਤੇ, ਜਿਸ ਨਾਲ ਸੈਂਕੜੇ ਨੌਜਵਾਨ ਮਨਾਂ ਵਿੱਚ ਨਵੀਨਤਾ ਦੀ ਚੰਗਿਆੜੀ ਜਗਾਈ ਗਈ। ਸਰਕਾਰੀ ਸਕੂਲਾਂ ਤੋਂ ਲੈ ਕੇ ਪ੍ਰਮੁੱਖ ਯੂਨੀਵਰਸਿਟੀਆਂ ਤੱਕ, ਵਿਦਿਆਰਥੀ ਹੁਣ ਹਮਦਰਦੀ, ਉਦੇਸ਼ ਅਤੇ ਕੰਮ ਕਰਨ ਦੀ ਹਿੰਮਤ ਨਾਲ ਭਾਰਤ ਦੀਆਂ ਸਭ ਤੋਂ ਵੱਧ ਮੁਸ਼ਕਲ ਸਮੱਸਿਆਵਾਂ ਨੂੰ ਹੱਲ ਕਰਨ ਦਾ ਸੁਪਨਾ ਦੇਖ ਰਹੇ ਹਨ।




29 ਅਪ੍ਰੈਲ, 2025 ਨੂੰ ਸ਼ੁਰੂ ਕੀਤਾ ਗਿਆ, ਸੈਮਸੰਗ ਸੌਲਵ ਫਾਰ ਟੂਮਾਰੋ ਦਾ ਇਹ ਨਵੀਨਤਮ ਸੀਜ਼ਨ ਇੱਕ ਰਾਸ਼ਟਰੀ ਨਵੀਨਤਾ ਚੁਣੌਤੀ ਹੈ ਜੋ ਵਿਦਿਆਰਥੀਆਂ ਨੂੰ ਅਸਲ-ਸੰਸਾਰ ਦੀਆਂ ਸਮੱਸਿਆਵਾਂ ਦੀ ਪਛਾਣ ਕਰਨ ਅਤੇ ਮਹੱਤਵਪੂਰਨ ਤਕਨੀਕੀ-ਅਧਾਰਿਤ ਹੱਲ ਬਣਾਉਣ ਲਈ ਡਿਜ਼ਾਈਨ ਸੋਚਣ ਵਾਲੇ ਸਾਧਨਾਂ ਨਾਲ ਲੈਸ ਕਰਦਾ ਹੈ। ਇਹ ਪ੍ਰੋਗਰਾਮ ਚੋਟੀ ਦੀਆਂ ਚਾਰ ਜੇਤੂ ਟੀਮਾਂ ਨੂੰ INR A ਕਰੋੜ ਦੀ ਪੇਸ਼ਕਸ਼ ਕਰਦਾ ਹੈ, ਨਾਲ ਹੀ ਸੈਮਸੰਗ ਨੇਤਾਵਾਂ ਅਤੇ 99" ਦਿੱਲੀ ਫੈਕਲਟੀ, ਨਿਵੇਸ਼ਕ ਕਨੈਕਟ, ਅਤੇ ਵੱਡੇ ਵਿਚਾਰਾਂ ਨੂੰ ਠੋਸ ਤਬਦੀਲੀ ਵਿੱਚ ਬਦਲਣ ਵਿੱਚ ਮਦਦ ਕਰਨ ਲਈ ਪ੍ਰੋਟੋਟਾਈਪਿੰਗ ਸਹਾਇਤਾ ਦੀ ਮਾਹਰ ਸਲਾਹ ਵੀ ਦਿੰਦਾ ਹੈ। ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ, ਕਮਰੇ ਵਿੱਚ ਊਰਜਾ ਸਾਫ਼ ਦਿਖਾਈ ਦੇ ਰਹੀ ਸੀ। ਚੇਸਤਾ , ਇੱਕ ਇੰਜੀਨੀਅਰਿੰਗ ਵਿਦਿਆਰਥੀ, ਜਿਸਨੂੰ ਪੇਂਡੂ ਵਿਕਾਸ ਲਈ ਜਨੂੰਨ ਸੀ, ਇੱਕ ਸਵਾਲ ਲੈ ਕੇ ਅੰਦਰ ਆਈ ਅਤੇ ਇੱਕ ਮਿਸ਼ਨ ਲੈ ਕੇ ਬਾਹਰ ਚਲੀ ਗਈ।

ਮੈਂ ਹਮੇਸ਼ਾ ਸੋਚਦੀ ਰਹੀ ਹਾਂ ਕਿ ਕਿਸਾਨ ਅਜੇ ਵੀ ਪੁਰਾਣੀਆਂ ਸਿੰਚਾਈ ਪ੍ਰਣਾਲੀਆਂ ਨਾਲ ਕਿਉਂ ਜੂਝ ਰਹੇ ਹਨ, ਉਸਨੇ ਕਿਹਾ। ਇਸ ਵਰਕਸ਼ਾਪ ਨੇ ਮੈਨੂੰ ਸਮੱਸਿਆ ਬਾਰੇ ਸੋਚਣ ਅਤੇ ਅਸਲ-ਸਮੇਂ ਦੀ ਮਿੱਟੀ ਅਤੇ ਪਾਣੀ ਦੀ ਨਿਗਰਾਨੀ ਲਈ ਇੱਕ ਘੱਟ-ਲਾਗਤ ਵਾਲਾ, 19-ਅਧਾਰਿਤ ਹੱਲ ਤਿਆਰ ਕਰਨ ਵਿੱਚ ਮਦਦ ਕੀਤੀ। ਹੁਣ ਮੇਰਾ ਮੰਨਣਾ ਹੈ ਕਿ ਇਹ ਅਸਲ ਵਿੱਚ ਸੰਭਵ ਹੈ - ਅਤੇ ਸੈਮਸੰਗ ਸੌਲਵ ਫਾਰ ਟੂਮਾਰੋ ਨੇ ਮੈਨੂੰ ਸ਼ੁਰੂਆਤ ਕਰਨ ਲਈ ਸਾਧਨ ਦਿੱਤੇ ਹਨ।

ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਵਿੱਚ, ਵਤਸਲ ਨੂੰ ਇੱਕ ਵੱਖਰਾ ਬੁਲਾਵਾ ਮਿਲਿਆ।

ਮੈਨੂੰ ਮਾਨਸਿਕ ਸਿਹਤ ਸੰਕਟ ਵਿੱਚ ਦਿਲਚਸਪੀ ਰਹੀ ਹੈ, ਖਾਸ ਕਰਕੇ ਛੋਟੇ ਕਸਬਿਆਂ ਦੇ ਕਿਸ਼ੋਰਾਂ ਵਿੱਚ, ਵਰਕਸ਼ਾਪ ਨੇ ਮੈਨੂੰ ਪਹੁੰਚਯੋਗਤਾ ਅਤੇ ਗੁਮਨਾਮਤਾ 'ਤੇ ਕੇਂਦ੍ਰਿਤ ਇੱਕ ਤਕਨੀਕੀ-ਸਮਰਥਿਤ ਪੀਅਰ ਸਪੋਰਟ ਪਲੇਟਫਾਰਮ ਡਿਜ਼ਾਈਨ ਕਰਨ ਵਿੱਚ ਮਦਦ ਕੀਤੀ। ਇਹ ਜਾਣ ਕੇ ਚੰਗਾ ਲੱਗਦਾ ਹੈ ਕਿ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਅਸਲ ਸਮਰਥਨ ਮਿਲ ਸਕਦਾ ਹੈ। ਪਹਿਲੀ ਵਾਰ, ਮੈਨੂੰ ਲੱਗਦਾ ਹੈ ਕਿ ਮੈਂ ਕੁਝ ਅਜਿਹਾ ਬਣਾ ਸਕਦਾ ਹਾਂ ਜੋ ਸੱਚਮੁੱਚ ਮਾਇਨੇ ਰੱਖਦਾ ਹੈ।

ਪਟਿਆਲਾ ਦੇ ਡੀਏਵੀ ਪਬਲਿਕ ਸਕੂਲ ਵਿੱਚ, ਸਮੱਸਿਆ ਹੱਲ ਕਰਨ ਦੀ ਭਾਵਨਾ ਨੇ ਭਾਰੂ ਹੋ ਗਿਆ ਸੀ। ਆਸਥਾ, 11ਵੀਂ ਜਮਾਤ ਦੀ ਵਿਦਿਆਰਥਣ, ਜਿਸਦੀ ਸਮਾਜਿਕ ਪ੍ਰਭਾਵ 'ਤੇ ਨਜ਼ਰ ਸੀ, ਉਦੇਸ਼ ਨਾਲ ਭਰੀ ਹੋਈ ਸੀ। ਮੈਂ ਪੇਂਡੂ ਸਕੂਲਾਂ ਵਿੱਚ ਮਾਹਵਾਰੀ ਦੀ ਸਫਾਈ ਪ੍ਰਤੀ ਜਾਗਰੂਕਤਾ ਦੀ ਘਾਟ ਨੂੰ ਦੂਰ ਕਰਨਾ ਚਾਹੁੰਦੀ ਹਾਂ। ਵਰਕਸ਼ਾਪ ਦੌਰਾਨ, ਮੈਂ ਇੱਕ ਮੋਬਾਈਲ ਐਪ ਅਤੇ ਇੱਕ ਸਥਾਨਕ ਅੰਬੈਸਡਰ ਨੈੱਟਵਰਕ ਲਈ ਇੱਕ ਵਿਚਾਰ ਤਿਆਰ ਕੀਤਾ। ਇਹ ਇੱਕ ਛੋਟਾ ਜਿਹਾ ਕਦਮ ਹੈ, ਪਰ ਇਹ ਕਿਸੇ ਲਈ ਦੁਨੀਆਂ ਦਾ ਅਰਥ ਰੱਖ ਸਕਦਾ ਹੈ। ਸੌਲਵ ਫਾਰ ਟੂਮਾਰੋ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ 16 ਸਾਲ ਦੀ ਉਮਰ ਵਿੱਚ ਵੀ, ਮੈਂ ਕੁਝ ਸ਼ੁਰੂ ਕਰ ਸਕਦੀ ਹਾਂ।

ਇਸ ਦੌਰਾਨ, ਗੁੜਗਾਓਂ ਦੇ ਐਚਡੀਐਫਸੀ ਸਕੂਲ ਵਿੱਚ, ਹਵਾ ਵੱਡੇ ਵਿਚਾਰਾਂ ਅਤੇ ਵੱਡੀਆਂ ਇੱਛਾਵਾਂ ਨਾਲ ਭਰੀ ਹੋਈ ਸੀ। ਜਲਵਾਯੂ ਕਾਰਵਾਈ ਤੋਂ ਪ੍ਰੇਰਿਤ ਇੱਕ ਵਿਦਿਆਰਥਣ, ਰਿਸ਼ਿਕਾ ਨੇ ਸੈਸ਼ਨ ਨੂੰ ਪ੍ਰੇਰਿਤ ਹੋ ਕੇ ਛੱਡਿਆ।

# ਪਲਾਂਟੇਸ਼ਨ ਮੁਹਿੰਮ ਨੂੰ ਮਿਲ ਰਹੀ ਤੇਜ਼ੀ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਮੈਦਾਨ ਵਿੱਚ ਸਰਗਰਮ



**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਸੰਤੁਲਨ ਬਰਕਰਾਰ ਰੱਖਣ ਲਈ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਉਣ ਨੂੰ ਫੈਸਲਾਕੁੰਨ ਦੱਸਦਿਆਂ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪੌਦੇ ਲਗਾਉਣ ਦੀ ਮੁਹਿੰਮ ਨੂੰ ਜੰਗਲਾਤ ਅਧੀਨ ਰਕਬੇ ਨੂੰ ਵਧਾਉਣ ਸਬੰਧੀ ਸੂਬਾ ਸਰਕਾਰ ਦੇ ਸਮੁੱਚੇ ਯਤਨਾਂ ਦਾ ਅਹਿਮ ਹਿੱਸਾ ਦੱਸਿਆ ਹੈ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਬੱਲੋਵਾਲ ਸੌਂਖੜੀ ਅਤੇ ਪਿੰਡ ਫਤਿਹਪੁਰ (ਵਣ ਰੇਂਜ ਕਾਠਗੜ੍ਹ) ਵਿਖੇ ਨਰਸਰੀਆਂ ਦਾ ਦੌਰਾ ਕਰਦਿਆਂ, ਮੰਤਰੀ ਨੂੰ ਦੋਵਾਂ ਨਰਸਰੀਆਂ ਵਿੱਚ ਲਗਾਏ ਗਏ ਵੱਖ-ਵੱਖ ਕਿਸਮਾਂ ਦੇ ਬੂਟਿਆਂ ਦੇ ਨਾਲ-ਨਾਲ ਵਿਭਾਗ ਵੱਲੋਂ ਉਨ੍ਹਾਂ ਦੀ ਸਹੀ ਦੇਖਭਾਲ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣੂੰ ਕਰਵਾਇਆ ਗਿਆ। ਬੱਲੋਵਾਲ ਸੌਂਖੜੀ ਨਰਸਰੀ ਦੇ ਦੌਰੇ ਦੌਰਾਨ, ਸ੍ਰੀ ਕਟਾਰੂਚੱਕ ਨੂੰ ਖੈਰ, ਸ਼ੀਸ਼ਮ, ਫਲਾਹੀ, ਬਾਂਸ, ਡੇਕ, ਹੋਲੋਪਟੀਲੀਆ, ਢੇਊ ਵਰਗੀਆਂ ਵਿਲੱਖਣ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਗਈ ਜੋ ਇੱਥੇ ਪਾਈਆਂ ਜਾਂਦੀਆਂ ਹਨ ਅਤੇ ਸਾਰਿਆਂ ਲਈ ਖਿੱਚ ਦਾ ਕੇਂਦਰ ਅਤੇ ਵਾਤਾਵਰਣ ਵਿੱਚ ਜਾਦੂਈ ਰੰਗ ਬਿਖੇਰਦੀਆਂ ਹਨ। ਫਤਿਹਪੁਰ ਨਰਸਰੀ (ਵਣ ਰੇਂਜ ਕਾਠਗੜ੍ਹ) ਵਿਖੇ, ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇੱਥੇ ਪਿੱਪਲ, ਬਹੇੜ, ਬੋਹੜ, ਜਕਰੰਡਾ, ਮਹਿੰਦੀ, ਨਿੰਮ, ਪਿਲਖਣ, ਅਰਜੁਨ, ਹਿਬਿਸਕਸ ਵਰਗੀਆਂ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ ਹਨ। ਮੰਤਰੀ ਨੇ ਨਰਸਰੀ ਵਿੱਚ ਪਿੱਪਲ ਦਾ ਇੱਕ ਬੂਟਾ ਵੀ ਲਗਾਇਆ ਅਤੇ ਚੰਗੇ ਕੰਮ ਲਈ ਸਟਾਫ ਦੀ ਸ਼ਲਾਘਾ ਕੀਤੀ। ਉਨ੍ਹਾਂ ਪੌਦੇ ਲਗਾਉਣ ਦੇ ਕੰਮ ਵਿੱਚ ਲੱਗੇ ਸਟਾਫ ਨੂੰ ਵਿੱਤੀ ਇਨਾਮ ਦੇ ਕੇ ਉਤਸ਼ਾਹਿਤ ਵੀ ਕੀਤਾ। ਇਸ ਮੌਕੇ ਮੰਤਰੀ ਨੇ ਕਿਹਾ ਕਿ ਪਵਿੱਤਰ ਗੁਰਬਾਣੀ ਵਿੱਚ ਵੀ ਵਾਤਾਵਰਣ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਇਸ ਲਈ, ਇਹ ਸਾਡਾ ਸਾਰਿਆਂ ਦਾ ਸਾਂਝਾ ਫਰਜ਼ ਹੈ ਕਿ ਅਸੀਂ ਇੱਕ ਸਾਫ਼ ਅਤੇ ਹਰੇ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੀਏ।

ਇਸ ਮੌਕੇ ਮੰਤਰੀ ਦੇ ਨਾਲ ਪੀ.ਸੀ.ਸੀ.ਐਫ. (ਐਚ.ਓ.ਐਫ.ਐਫ.) ਧਰਮਿੰਦਰ ਸ਼ਰਮਾ, ਮੁੱਖ ਵਣਪਾਲ (ਹਿੱਲਸ) ਨਿਧੀ ਸ੍ਰੀਵਾਸਤਵ ਅਤੇ ਡਿਵੀਜ਼ਨਲ ਜੰਗਲਾਤ ਅਧਿਕਾਰੀ (ਸ਼ਹੀਦ ਭਗਤ ਸਿੰਘ ਨਗਰ) ਹਰਭਜਨ ਸਿੰਘ ਵੀ ਮੌਜੂਦ ਸਨ।

# ਪੰਜਾਬ ਸਰਕਾਰ 390 ਸਰਕਾਰੀ ਇਮਾਰਤਾਂ 'ਤੇ 30 ਮੈਗਾਵਾਟ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਕਰੇਗੀ ਸਥਾਪਤ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਸੂਬੇ ਦੀ ਕੁਦਰਤੀ ਊਰਜਾ ਸਬੰਧੀ ਸਮਰੱਥਾ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਮਾਰਚ 2026 ਤੱਕ ਸੂਬੇ ਭਰ ਵਿੱਚ 390 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 30 ਮੈਗਾਵਾਟ ਦੀ ਸੰਯੁਕਤ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਸਥਾਪਤ ਕੀਤੇ ਜਾਣਗੇ।

ਸ੍ਰੀ ਅਮਨ ਅਰੋੜਾ ਪੰਜਾਬ ਊਰਜਾ ਵਿਕਾਸ ਅਥਾਰਟੀ (ਪੇਡਾ) ਵੱਲੋਂ ਚਲਾਏ ਜਾ ਰਹੇ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲੈ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਪੇਡਾ ਦੇ ਚੇਅਰਪਰਸਨ ਡਾ. ਸੁਖਚੈਨ ਗੋਗੀ ਅਤੇ ਪ੍ਰਮੁੱਖ ਸਕੱਤਰ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਸ੍ਰੀ ਅਜੋਏ ਕੁਮਾਰ ਸਿਨਹਾ ਵੀ ਮੌਜੂਦ ਸਨ।

ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ 150 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਬਿਜਲੀ ਖਰਚ ਵਿੱਚ ਸਾਲਾਨਾ 15 ਕਰੋੜ ਰੁਪਏ ਦੀ ਬੱਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ, ਜਿਸ ਨਾਲ ਇਸ ਵੱਕਾਰੀ ਪ੍ਰਾਜੈਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਦੱਸ ਦੇਈਏ ਕਿ ਇਸ ਪ੍ਰਾਜੈਕਟ ਅਧੀਨ ਸਿਹਤ ਤੇ ਪਰਿਵਾਰ ਭਲਾਈ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਟਰਾਂਸਪੋਰਟ, ਖੇਤੀਬਾੜੀ ਤੇ ਕਿਸਾਨ ਭਲਾਈ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਗ੍ਰਹਿ ਮਾਮਲੇ ਤੇ ਨਿਆਂ, ਮੈਡੀਕਲ ਸਿੱਖਿਆ ਅਤੇ ਖੋਜ, ਸਥਾਨਕ ਸਰਕਾਰਾਂ ਅਤੇ ਜਲ ਸਰੋਤ ਵਿਭਾਗ ਸਮੇਤ 25 ਪ੍ਰਮੁੱਖ ਵਿਭਾਗਾਂ ਦੀਆਂ ਇਮਾਰਤਾਂ 'ਤੇ ਸੂਰਜੀ ਊਰਜਾ ਪਲਾਂਟ ਲਗਾਏ ਜਾਣਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਨੇ ਪਿਛਲੇ ਤਿੰਨ ਸਾਲਾਂ ਵਿੱਚ ਨਵਿਆਉਣਯੋਗ ਊਰਜਾ ਵਿੱਚ ਪ੍ਰਭਾਵਸ਼ਾਲੀ ਪ੍ਰਗਤੀ ਦਰਜ ਕੀਤੀ ਹੈ ਜਿਸ ਤਹਿਤ 1098 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 7.7 ਮੈਗਾਵਾਟ ਸਮੂਹਿਕ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਲਗਾਏ ਗਏ ਹਨ, ਜੋ ਸਥਾਈ ਊਰਜਾ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਥਿਰਤਾ, ਵਾਤਾਵਰਣ ਸੰਭਾਲ ਅਤੇ ਵਿੱਤੀ ਸੂਝ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਕੇ ਸੂਬੇ ਦਾ ਉਦੇਸ਼ ਕਾਰਬਨ ਨੂੰ ਘਟਾਉਣਾ, ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣਾ ਅਤੇ ਆਪਣੇ ਨਾਗਰਿਕਾਂ ਲਈ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣਾ ਹੈ। ਇਹ ਪਹਿਲਕਦਮੀ ਪੰਜਾਬ ਨੂੰ ਕੁਦਰਤੀ ਅਤੇ ਵਧੇਰੇ ਊਰਜਾ-ਕੁਸ਼ਲ ਸੂਬਾ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਮੀਟਿੰਗ ਦੌਰਾਨ ਸ੍ਰੀ ਅਮਨ ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕੁਦਰਤੀ ਊਰਜਾ ਉਤਪਾਦਨ ਨੂੰ ਹੋਰ ਵਧਾਉਣ ਦੇ ਢੰਗ-ਤਰੀਕਿਆਂ ਦੀ ਪੜਚੋਲ ਕਰਨ ਦੇ ਨਿਰਦੇਸ਼ ਵੀ ਦਿੱਤੇ।

ਮੀਟਿੰਗ ਵਿੱਚ ਪੇਡਾ ਦੀ ਸੀ.ਈ.ਓ. ਮਿਸ. ਨੀਲਿਮਾ, ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਲਾਲਜੀਤ ਸਿੰਘ ਭੁੱਲਰ ਨੇ 12 ਨਵ-ਨਿਯੁਕਤ ਜੇਲ੍ਹ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

## ➢ ਸਰਕਾਰ ਜੇਲ੍ਹ ਵਿਭਾਗ ਵਿੱਚ ਕਰ ਰਹੀ ਹੈ ਲਗਾਤਾਰ ਰੈਗੂਲਰ ਭਰਤੀ
## ➢ ਪਹਿਲਾਂ 15 ਜੇਬੀਟੀ ਅਧਿਆਪਕਾਂ ਦੀ ਰੈਗੂਲਰ ਆਧਾਰ 'ਤੇ ਕੀਤੀ ਗਈ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜੇਲ੍ਹ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿਖੇ ਕਰਵਾਏ ਗਏ ਇੱਕ ਰਸਮੀ ਸਮਾਰੋਹ ਦੌਰਾਨ ਨਵੇਂ ਭਰਤੀ ਹੋਏ 12 ਜੇਲ੍ਹ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਆਤਮ ਨਗਰ ਲੁਧਿਆਣਾ ਤੋਂ ਵਿਧਾਇਕ ਸ੍ਰੀ ਕੁਲਵੰਤ ਸਿੰਘ ਸਿੱਧੂ ਅਤੇ ਏਡੀਜੀਪੀ ਜੇਲ੍ਹਾਂ ਸ੍ਰੀ ਅਰੁਣ ਪਾਲ ਸਿੰਘ ਵੀ ਮੌਜੂਦ ਸਨ।

ਉਨ੍ਹਾਂ ਦੱਸਿਆ ਕਿ ਨਵ-ਨਿਯੁਕਤ ਮੁਲਾਜ਼ਮਾਂ ਵਿੱਚ 5 ਜੇ.ਬੀ.ਟੀ. ਅਧਿਆਪਕ ਵੀ ਸ਼ਾਮਲ ਹਨ, ਜੋ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਜੋੜਨ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦਾ ਰਾਹ ਸੁਖਾਲਾ ਹੋਵੇਗਾ। ਇਸ ਤੋਂ ਇਲਾਵਾ 3 ਕਲਰਕ, 1 ਵਾਰਡਰ ਅਤੇ 3 ਗਰੁੱਪ-ਡੀ ਅਧਿਕਾਰੀ ਵੀ ਨਿਯੁਕਤ ਕੀਤੇ ਗਏ।

ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਭਰਤੀਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪਹਿਲਕਦਮੀ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜੇਲ੍ਹ ਵਿਭਾਗ ਵਿੱਚ ਲਗਾਤਾਰ ਰੈਗੂਲਰ ਭਰਤੀਆਂ ਕਰ ਰਹੀ ਹੈ।



ਸ. ਭੁੱਲਰ ਨੇ ਦੱਸਿਆ ਕਿ ਇਹ ਅਧਿਆਪਕ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਅਤੇ ਕੈਦੀਆਂ ਨੂੰ ਸਮਾਜ ਦੀ ਮੁੱਖ ਧਾਰਾ ਮੁੜ ਸ਼ਾਮਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜੇਲ੍ਹ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਦੇ ਨਾਲ-ਨਾਲ ਕੈਦੀਆਂ ਲਈ ਸੇਵਾਵਾਂ ਵਿੱਚ ਸੁਧਾਰ ਕਰ ਰਹੀ ਹੈ, ਜਿਸ ਵਿੱਚ ਵਿਦਿਅਕ, ਕਿੱਤਾਮੁਖੀ ਅਤੇ ਭਲਾਈ ਪ੍ਰੋਗਰਾਮ ਸ਼ਾਮਲ ਹਨ। ਨਵੇਂ ਭਰਤੀ ਕੀਤੇ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਜੇਲ੍ਹ ਮੰਤਰੀ ਨੇ ਉਨ੍ਹਾਂ ਨੂੰ ਪੂਰੇ ਜੋਸ਼, ਉਤਸ਼ਾਹ ਅਤੇ ਸਮਰਪਣ ਨਾਲ ਕੰਮ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਸ. ਲਾਲਜੀਤ ਸਿੰਘ ਭੁੱਲਰ ਨੇ ਇਸ ਸਾਲ ਜਨਵਰੀ ਵਿੱਚ 15 ਜੇ.ਬੀ.ਟੀ. ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ ਸਨ ਅਤੇ ਇਹ ਜੇਲ੍ਹ ਵਿਭਾਗ ਵਿੱਚ ਇਨ੍ਹਾਂ ਅਹੁਦਿਆਂ ਲਈ ਪਹਿਲੀ ਵਾਰ ਕੀਤੀ ਗਈ ਰੈਗੂਲਰ ਭਰਤੀ ਸੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਹਿਲਾਂ ਇਹ ਅਧਿਆਪਨ ਵਾਲੀਆਂ ਅਸਾਮੀਆਂ ਆਰਜ਼ੀ ਤੌਰ 'ਤੇ ਭਰੀਆਂ ਜਾਂਦੀਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਅੰਦਰ ਸਿਰਫ਼ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੀ ਵਾਰ ਇਹ ਰੈਗੂਲਰ ਭਰਤੀ ਕੀਤੀ ਹੈ।

ਜੇਲ੍ਹ ਵਿਭਾਗ ਵਿੱਚ ਚੱਲ ਰਹੀਆਂ ਭਰਤੀ ਪਹਿਲਕਦਮੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਹਾਲ ਹੀ ਵਿੱਚ ਪੂਰੀ ਹੋਈ ਭਰਤੀ ਮੁਹਿੰਮ ਵਿੱਚੋਂ 738 ਵਾਰਡਰ ਅਤੇ 25 ਮੈਟਰਨ ਪਹਿਲਾਂ ਹੀ ਆਪਣੀਆਂ ਡਿਊਟੀਆਂ 'ਤੇ ਜੁਆਇਨ ਕਰ ਚੁੱਕੇ ਹਨ। ਇਸ ਤੋਂ ਇਲਾਵਾ ਸੁਰੱਖਿਆ ਸਟਾਫ ਦੀਆਂ 179 ਅਸਾਮੀਆਂ, ਜਿਸ ਵਿੱਚ 175 ਵਾਰਡਰ ਅਤੇ 4 ਮੈਟਰਨ ਸ਼ਾਮਲ ਹਨ, ਲਈ ਭਰਤੀ ਪ੍ਰਕਿਰਿਆ ਮੁਕੰਮਲ ਹੋਣ ਨੇੜੇ ਹੈ।

ਵਿਭਾਗ ਦੀ ਮਜ਼ਬੂਤੀ ਲਈ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਐਲਾਨ ਕੀਤਾ ਕਿ ਜੇਲ੍ਹ ਵਿਭਾਗ ਵਿੱਚ ਵੱਖ-ਵੱਖ ਕਾਡਰਾਂ 'ਚ 1,220 ਅਸਾਮੀਆਂ ਨੂੰ ਬਹਾਲ ਕੀਤਾ ਜਾ ਰਿਹਾ ਹੈ, ਜਿਸ ਲਈ ਭਰਤੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਹੋਣ ਵਾਲੀ ਹੈ।

ਸਿੱਖਿਆ ਪਹਿਲਕਦਮੀਆਂ ਬਾਰੇ ਬੋਲਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਭਾਗ ਦੇ ਸਿੱਖਿਆ ਦਾਤ ਪ੍ਰੋਜੈਕਟ ਅਧੀਨ ਇਸ ਸਮੇਂ ਲਗਭਗ 2,200 ਕੈਦੀ ਵੱਖ-ਵੱਖ ਵਿਦਿਅਕ ਕੋਰਸਾਂ ਵਿੱਚ ਦਾਖਲ ਹਨ, ਜਦੋਂ ਕਿ 513 ਕੈਦੀ ਪੰਜਾਬ ਹੁਨਰ ਵਿਕਾਸ ਮਿਸ਼ਨ ਦੁਆਰਾ ਇਲੈਕਟ੍ਰੀਸ਼ੀਅਨ, ਪਲੰਬਰ ਅਤੇ ਟੇਲਰਿੰਗ ਕੋਰਸ ਅਤੇ ਹੋਰ ਕੋਰਸਾਂ ਵਿੱਚ ਕਿੱਤੇ ਸਾ ਰਹੀ ਹੁਨਰ ਵਿਕਾਸ ਸਿਖਲਾਈ ਲੈ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਰੈਗੂਲਰ ਆਧਾਰ 'ਤੇ ਲਗਭਗ 55,000 ਸਰਕਾਰੀ ਨੌਕਰੀਆਂ ਸਫਲਤਾਪੂਰਵਕ ਪ੍ਰਦਾਨ ਕੀਤੀਆਂ ਹਨ। ਇਹ ਪਹਿਲਕਦਮੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਪ੍ਰਤਿਭਾ ਪਲਾਇਨ ਨੂੰ ਠੱਲ੍ਹ ਪਾਉਣ ਅਤੇ ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀਆਂ ਦੇਣ ਵਾਲੇ ਬਣਾਉਣ ਦੇ ਦ੍ਰਿਸ਼ਟੀਕੋਣ ਦਾ ਹਿੱਸਾ ਹੈ।

# ਆਮ ਆਦਮੀ ਪਾਰਟੀ ਨਾਲ ਜੁੜ ਰਹੇ ਨੇ ਲੋਕ: ਨੀਨਾ ਮਿੱਤਲ

## ਮੁਲਾਜ਼ਮ ਆਗੂ ਨਰੇਸ਼ ਕੁਮਾਰ ਤੇ ਜਸਵੀਰ ਨਾਹਰ ਆਪਣੇ ਸੈਂਕੜੇ ਸਾਥੀਆਂ ਸਣੇ 'ਆਪ' ਵਿੱਚ ਸ਼ਾਮਲ



**ਰਾਜਪੁਰਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰਾਜਪੁਰਾ ਦੀ ਵਿਧਾਇਕਾ ਨੀਨਾ ਮਿੱਤਲ ਦੀ ਅਗਵਾਈ ਹੇਠ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟ ਸੋਰਸ ਵਰਕਰ ਤੇ ਕਰਮਚਾਰੀ ਦਲ ਪੰਜਾਬ (ਭਗਵਾਨ) ਰਾਜਪੁਰਾ ਇਕਾਈ ਦੇ ਪ੍ਰਧਾਨ ਨਰੇਸ਼ ਕੁਮਾਰ ਅਤੇ ਭਾਰਤੀ ਮਜ਼ਦੂਰ ਸੰਘ ਨਗਰ ਕੌਂਸਲ ਰਾਜਪੁਰਾ ਦੇ ਪ੍ਰਧਾਨ ਜਸਵੀਰ ਨਾਹਰ ਆਪਣੇ ਸੈਂਕੜੇ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ ਹੋ ਗਏ। ਵਿਧਾਇਕਾ ਮਿੱਤਲ ਨੇ ਪਾਰਟੀ ਵਿਚ ਸ਼ਾਮਲ ਹੋਏ ਵਰਕਰਾਂ ਨੂੰ ਪਾਰਟੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਵਿਧਾਇਕਾ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਵੱਲੋਂ ਐੱਸ.ਸੀ. ਭਾਈਚਾਰੇ ਲਈ ਲਏ ਗਏ ਇਤਿਹਾਸਕ ਕਰਜ਼ਾ ਮੁਆਫ਼ੀ ਅਜਿਹੇ ਫ਼ੈਸਲਿਆਂ ਕਾਰਨ ਅੱਜ ਇਹ ਭਾਈਚਾਰਾ ਵੱਡੀ ਗਿਣਤੀ ਵਿੱਚ 'ਆਪ' ਨਾਲ ਜੁੜ ਰਿਹਾ ਹੈ। ਉਨ੍ਹਾਂ ਕਿਹਾ ਮਾਨ ਸਰਕਾਰ ਦੀ ਲੋਕ ਹਿਤੈਸ਼ੀ ਨੀਤੀਆਂ ਅਤੇ ਪਾਰਦਰਸ਼ੀ ਕਾਰਜਸ਼ੈਲੀ ਕਾਰਨ ਰਾਜਪੁਰਾ ਵਿੱਚ ਲੋਕ 'ਆਪ' ਦੀ ਨੀਤੀ 'ਤੇ ਭਰੋਸਾ ਜਤਾ ਰਹੇ ਹਨ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਤੇ ਜਸਵੀਰ ਨਾਹਰ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਰਵਾਇਤੀ ਪਾਰਟੀਆਂ ਦੇ ਨਾਲ ਜੁੜੇ ਰਹੇ ਪਰ ਉਨ੍ਹਾਂ ਨੇ ਕਦੇ ਵੀ ਐੱਸ.ਸੀ. ਭਾਈਚਾਰੇ ਦੇ ਹੱਕਾਂ ਲਈ ਢੰਗ ਨਾਲ ਆਵਾਜ਼ ਨਹੀਂ ਉਠਾਈ। ਪਰ ਮਾਨ ਸਰਕਾਰ ਨੇ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਕਰਜ਼ਾ ਮੁਆਫ਼ੀ ਵਰਗਾ ਇਤਿਹਾਸਿਕ ਕਦਮ ਚੁੱਕਿਆ ਹੈ। ਇਸ ਮੌਕੇ ਸੰਜੀਵ ਕੁਮਾਰ ਵੈਦ ਜਨਰਲ ਸਕੱਤਰ, ਯੋਗੇਸ਼ ਸੈਣੀ ਚੇਅਰਮੈਨ, ਅਜੇ ਚੌਧਰੀ, ਹਰਦੇਵ ਸਹੋਤਾ ਤੇ ਜੁਆਇੰਟ ਸਕੱਤਰ ਸੰਜੀਵ ਕੁਮਾਰ ਆਦਿ ਮੌਜੂਦ ਸਨ।

# ਯੂਕਰੇਨ ਨੂੰ ਹੋਰ ਹਥਿਆਰ ਭੇਜੇਗਾ ਅਮਰੀਕਾ: ਟਰੰਪ; ਅਮਰੀਕੀ ਰਾਸ਼ਟਰਪਤੀ ਨੇ ਹਥਿਆਰਾਂ ਦੀ ਸਪਲਾਈ ਰੋਕਣ ਦੇ ਹੁਕਮਾਂ ਤੋਂ ਬਾਅਦ ਕੀਤਾ ਐਲਾਨ

**ਵਾਸ਼ਿੰਗਟਨ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਡੋਨਲਡ ਟਰੰਪ ਨੇ ਕੀਵ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਸਬੰਧੀ ਹੁਕਮ ਜਾਰੀ ਕਰਨ ਦੇ ਕੁਝ ਦਿਨ ਬਾਅਦ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਵੱਲੋਂ ਯੂਕਰੇਨ ਨੂੰ ਹੋਰ ਹਥਿਆਰ ਭੇਜੇ ਜਾਣਗੇ।

ਉਨ੍ਹਾਂ ਦਾ ਇਹ ਬਿਆਨ ਪੈਂਟਾਗਨ ਵੱਲੋਂ ਪਿਛਲੇ ਹਫ਼ਤੇ ਕੀਤੇ ਗਏ ਐਲਾਨ ਤੋਂ ਬਾਅਦ ਉਨ੍ਹਾਂ ਦੇ ਅਚਾਨਕ ਬਦਲੇ ਰੁਖ਼ ਨੂੰ ਦਰਸਾਉਂਦਾ ਹੈ। ਪੈਂਟਾਗਨ ਨੇ ਕਿਹਾ ਸੀ ਕਿ ਉਹ ਯੂਕਰੇਨ ਨੂੰ ਹਵਾਈ ਹਮਲਿਆਂ ਤੋਂ ਬਚਾਅ ਕਰਨ ਵਾਲੀਆਂ ਮਿਜ਼ਾਈਲਾਂ, ਸਟੀਕ ਨਿਸ਼ਾਨੇ ਲਾਉਣ ਵਾਲੀਆਂ ਤੋਪਾਂ ਵਰਗੇ ਕੁਝ ਹਥਿਆਰਾਂ ਦੀ ਸਪਲਾਈ ਰੋਕ ਰਿਹਾ ਹੈ। ਇਹ ਹੁਕਮ ਇਸ ਕਰਕੇ ਦਿੱਤਾ ਗਿਆ ਸੀ ਕਿਉਂਕਿ ਅਮਰੀਕਾ ਇਸ ਗੱਲ ਨੂੰ ਲੈ ਕੇ ਫਿਕਰਮੰਦ ਸੀ ਕਿ ਉਸ ਦੇ ਆਪਣੇ ਹਥਿਆਰਾਂ ਦਾ ਭੰਡਾਰ ਬਹੁਤ ਘਟ ਗਿਆ ਹੈ।

ਯੂਕਰੇਨ ਨੂੰ ਹੋਰ ਹਥਿਅਰ ਭੇਜਣ ਸਬੰਧੀ ਸਵਾਲ 'ਤੇ ਡੋਨਲਡ ਟਰੰਪ ਨੇ ਕਿਹਾ, "ਸਾਨੂੰ ਅਜਿਹਾ ਕਰਨਾ ਹੀ ਹੋਵੇਗਾ। ਉਨ੍ਹਾਂ ਨੂੰ ਆਪਣੀ ਰੱਖਿਆ ਕਰਨ 'ਚ ਸਮਰੱਥ ਹੋਣਾ ਪਵੇਗਾ। ਉਨ੍ਹਾਂ 'ਤੇ ਭਾਰੀ ਹਮਲਾ ਹੋ ਰਿਹਾ ਹੈ। ਅਸੀਂ ਕੁਝ ਹੋਰ ਹਥਿਆਰ ਖਾਸਕਰ ਰੱਖਿਆ ਕਰਨ ਵਾਲੇ ਹਥਿਆਰ ਭੇਜਣ ਜਾ ਰਹੇ ਹਾਂ।" ਪੈਂਟਾਗਨ ਨੇ ਸੋਮਵਾਰ ਦੇਰ ਰਾਤ ਪੁਸ਼ਟੀ ਕੀਤੀ ਕਿ ਟਰੰਪ ਦੇ ਨਿਰਦੇਸ਼ 'ਤੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਮੁੜ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਉਹ ਆਪਣਾ ਬਚਾਅ ਕਰ ਸਕੇ, ਜਦਕਿ ਅਮਰੀਕਾ ਇੱਕ ਸਥਾਈ ਸ਼ਾਂਤੀ ਕਾਇਮ ਕਰਨ ਤੇ ਹਿੰਸਾ ਰੋਕਣ ਲਈ ਕੰਮ ਕਰ ਰਿਹਾ ਹੈ।" ਹਾਲਾਂਕਿ ਪੈਂਟਾਗਨ ਦੇ ਤਰਜਮਾਨ ਸੀਨ ਪਰਨੈੱਲ ਨੇ ਇਹ ਵੀ ਆਖਿਆ ਕਿ ਟਰੰਪ ਪੂਰੀ ਦੁਨੀਆ 'ਚ ਸੈਨਿਕ ਸਾਧਨਾਂ ਦੀ ਸਪਲਾਈ ਦੀ ਨਜ਼ਰਸਾਨੀ ਕਰ ਰਹੇ ਨੇ ਜੋ 'ਅਮਰੀਕਾ ਫਸਟ' ਰੱਖਿਆ ਨੀਤੀ ਦਾ ਹਿੱਸਾ ਹੈ।

# ਯੂਰੋਪ 'ਚ ਉੱਚ ਸਿੱਖਿਆ ਲਈ 101 ਭਾਰਤੀ ਵਿਦਿਆਰਥੀਆਂ ਨੂੰ 'ਇਰਾਸਮਸ' ਸਕਾਲਰਸ਼ਿਪ ਮਿਲੀ

## ਲਾਭਪਾਤਰੀਆਂ 'ਚ 50 ਔਰਤਾਂ ਸ਼ਾਮਲ; 20 ਸੂਬਿਆਂ ਨਾਲ ਸਬੰਧਤ ਵਿਦਿਆਰਥੀ 19 ਤੋਂ ਵੱਧ ਯੂਰੋਪੀ ਮੁਲਕਾਂ 'ਚ ਕਰਨਗੇ ਪੜ੍ਹਾਈ

**ਨਵੀਂ ਦਿੱਲੀ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਵਰ੍ਹੇ ਸ਼ੁਰੂ ਹੋ ਰਹੇ ਅਗਾਮੀ ਵਿੱਦਿਅਕ ਸੈਸ਼ਨ ਲਈ 101 ਭਾਰਤੀ ਵਿਦਿਆਰਥੀਆਂ ਜਿਨ੍ਹਾਂ ਵਿੱਚ 50 ਔਰਤਾਂ ਸ਼ਾਮਲ ਹਨ, ਨੂੰ ਯੂਰੋਪ 'ਚ ਦੋ ਸਾਲਾ ਮਾਸਟਰਜ਼ ਪ੍ਰੋਗਰਾਮ (ਪੋਸਟਗ੍ਰੈਜੂਏਟ ਪੜ੍ਹਾਈ) ਲਈ ਵੱਕਾਰੀ 'ਇਰਾਸਮਸ+' ਸਕਾਲਰਸ਼ਿਪ ਦਿੱਤੀ ਗਈ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਸਾਲ 1987 ਵਿੱਚ ਸ਼ੁਰੂ ਕੀਤਾ ਗਿਆ ਇਰਾਸਮਸ+ ਪ੍ਰੋਗਰਾਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਯੂਰੋਪੀਅਨ ਰੀਜਨ ਐਕਸ਼ਨ ਸਕੀਮ (ਯੂਰੋਪੀਅਨ ਰੀਜਨ ਐਕਸ਼ਨ ਸਕੀਮ ਫਾਰ ਮੋਬਿਲਟੀ ਫਾਰ ਯੂਨੀਵਰਸਿਟੀ ਸਟੂਡੈਂਟਸ) ਦਾ ਹਿੱਸਾ ਹੈ।

ਇਹ ਕੌਮਾਂਤਰੀ ਗਤੀਸ਼ੀਲਤਾ ਤੇ ਸਿੱਖਿਆ ਅਦਾਨ-ਪ੍ਰਦਾਨ ਲਈ ਯੂਰੋਪੀਅਨ ਯੂਨੀਅਨ (ਈਯੂ) ਦੀ ਅਹਿਮ ਤਰਜੀਹ ਦਾ ਹਿੱਸਾ ਹੈ। ਇਹ ਵਿਦਿਆਰਥੀ ਭਾਰਤ ਦੇ 20 ਸੂਬਿਆਂ ਨਾਲ ਸਬੰਧਤ ਹਨ।

ਭਾਰਤ ਵਿੱਚ ਈਯੂ ਦੇ ਡੈਲੀਗੇਟ ਨੇ ਸੋਮਵਾਰ ਨੂੰ ਇੱਕ ਬਿਆਨ 'ਚ ਕਿਹਾ, "50 ਵਿਦਿਆਰਥਣਾਂ ਸਣੇ 101 ਭਾਰਤੀ ਵਿਦਿਆਰਥੀਆਂ ਨੂੰ 2025 ਤੋਂ ਸ਼ੁਰੂ ਹੋਣ ਵਾਲੇ ਵਿੱਦਅਕ ਸੈਸ਼ਨ ਲਈ ਯੂਰੋਪ 'ਚ ਦੋ ਸਾਲਾ ਪੋਸਟਗ੍ਰੈਜੂਏਟ ਪੜ੍ਹਾਈ ਲਈ ਵੱਕਾਰੀ ਇਰਾਸਮਸ+ ਸਕਾਲਰਸ਼ਿਪ ਦਿੱਤੀ ਗਈ ਹੈ।" ਇਸ ਵਿੱਚ ਕਿਹਾ ਗਿਆ ਕਿ ਸਾਲ 2014 ਤੋਂ ਭਾਰਤ ਸਮੁੱਚੇ ਤੌਰ 'ਤੇ ਇਸ ਸਕਾਲਰਸ਼ਿਪ ਦਾ ਸਭ ਤੋਂ ਵੱਡਾ ਲਾਭਪਾਤਰ ਬਣਿਆ ਹੋਇਆ ਹੈ। ਇਹ ਕਦਮ ਈਯੂ ਨਾਲ ਭਾਰਤ ਦੀ ਮਜ਼ਬੂਤ ਤੇ ਵਿਸ਼ਾਲ ਸਿੱਖਿਆ ਭਾਈਵਾਲੀ ਨੂੰ ਉਭਾਰਦਾ ਹੈ।

ਬਿਆਨ ਮੁਤਾਬਕ 'ਇਰਾਸਮਸ+' ਵਿਦਿਆਰਥੀ ਆਮ ਤੌਰ 'ਤੇ ਘੱਟੋ ਘੱਟ ਦੋ ਯੂਰੋਪੀ ਯੂਨੀਵਰਸਿਟੀਆਂ 'ਚ ਅਧਿਐਨ ਕਰਦੇ ਹਨ ਤੇ ਇੱਕ ਸਾਂਝੀ, ਦੋਹਰੀ ਜਾਂ ਮਲਟੀਪਲ ਡਿਗਰੀ ਹਾਸਲ ਕਰਦੇ ਹਨ। ਬਿਆਨ 'ਚ ਕਿਹਾ ਗਿਆ, "ਅਗਲੇ ਦੋ ਸਾਲਾਂ 'ਚ ਭਾਰਤੀ ਵਿਦਿਆਰੀਆਂ ਨੂੰ 19 ਤੋਂ ਵੱਧ ਯੂਰੋਪੀ ਮੁਲਕਾਂ 'ਚ ਪੜ੍ਹਾਈ ਕਰਨ ਦਾ ਮੌਕਾ ਮਿਲੇਗਾ।

# ਪੰਜਾਬ-ਹਰਿਆਣਾ ਦੀ ਕਿਸਾਨੀ ਲਈ ਨਵੇਂ ਬਦਲ ਪੇਸ਼ ; 'ਕਿਸਾਨ ਕਰੈਡਿਟ ਵਪਾਰ' ਨਾਲ ਆਮਦਨ ਵਧਣ ਦੀ ਸੰਭਾਵਨਾ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵੱਲੋਂ ਜਸਟਿਸ (ਸੇਵਾਮੁਕਤ) ਨਵਾਬ ਸਿੰਘ ਦੀ ਅਗਵਾਈ ਹੇਠ ਕਾਇਮ ਉੱਚ ਤਾਕਤੀ ਕਮੇਟੀ ਨੇ ਪੰਜਾਬ ਤੇ ਹਰਿਆਣਾ ਦੀ ਕਿਸਾਨੀ ਅੱਗੇ ਖੇਤੀ ਦੇ ਨਾਲ ਹੋਰ ਨਵੇਂ ਬਦਲ ਵੀ ਪੇਸ਼ ਕੀਤੇ ਹਨ। ਕਿਸਾਨਾਂ ਦੀ ਆਮਦਨੀ 'ਚ ਵਾਧੇ ਅਤੇ ਖੇਤੀ ਤੋਂ ਇਲਾਵਾ ਕਿਸਾਨਾਂ ਦੀ ਗੈਰ-ਖੇਤੀ ਕੰਮਾਂ 'ਚ ਸ਼ਮੂਲੀਅਤ 'ਚ ਮਦਦ ਲਈ ਇਹ ਬਦਲ ਪੇਸ਼ ਕੀਤੇ ਗਏ ਹਨ। ਉੱਚ ਤਾਕਤੀ ਕਮੇਟੀ ਨੇ ਮਹਿਸੂਸ ਕੀਤਾ ਕਿ ਕਿਸਾਨਾਂ ਦੀ ਫ਼ੌਰੀ ਆਮਦਨੀ ਵਧਾਉਣ ਲਈ ਕਦਮ ਚੁੱਕਣ ਦੀ ਲੋੜ ਹੈ। ਉੱਚ ਤਾਕਤੀ ਕਮੇਟੀ ਨੇ 'ਕਾਰਬਨ ਕਰੈਡਿਟ ਵਪਾਰ' ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਨਬਾਰਡ ਤੋਂ ਸਹਿਯੋਗ ਮੰਗਿਆ ਹੈ। ਸੇਵਾਮੁਕਤ ਜਸਟਿਸ ਨਵਾਬ ਸਿੰਘ ਦੀ ਅਗਵਾਈ ਹੇਠਲੀ ਉੱਚ ਤਾਕਤੀ ਕਮੇਟੀ ਨੇ ਅੱਜ ਪੰਚਕੂਲਾ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਦਾ ਬਹੁਤਾ ਧਿਆਨ ਛੋਟੇ ਅਤੇ ਦਰਮਿਆਨੇ ਕਿਸਾਨਾਂ 'ਤੇ ਰਿਹਾ। ਕਮੇਟੀ ਨੇ ਇਨ੍ਹਾਂ ਮੁਸ਼ਕਲਾਂ ਦੇ ਹੱਲ ਲਈ ਵਿਚਾਰ-ਚਰਚਾ ਵੀ ਕੀਤੀ। ਇਸ ਕਮੇਟੀ ਨੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ 'ਸਹਾਇਕ ਈਕੋ ਸਿਸਟਮ' ਬਣਾਉਣ ਦੇ ਢੰਗ-ਤਰੀਕਿਆਂ 'ਤੇ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਬਾਰਡ) ਦੇ ਅਫ਼ਸਰਾਂ ਨਾਲ ਲੰਮੀ ਵਿਚਾਰ-ਚਰਚਾ ਕੀਤੀ। ਨਬਾਰਡ ਦੇ ਉੱਚ ਅਫ਼ਸਰਾਂ ਨੇ ਮੀਟਿੰਗ 'ਚ 'ਕਾਰਬਨ ਕਰੈਡਿਟ ਵਪਾਰ' 'ਤੇ ਚਾਨਣਾ ਪਾਇਆ ਅਤੇ ਇਹ ਵੀ ਸੁਝਾਅ ਦਿੱਤਾ ਕਿ ਕਾਰਬਨ ਕਰੈਡਿਟ ਸਕੀਮ ਪਾਇਲਟ ਪ੍ਰਾਜੈਕਟ ਵਜੋਂ ਪੰਜਾਬ ਦੇ ਕੰਢੀ ਖੇਤਰ ਅਤੇ ਹਰਿਆਣਾ ਦੇ ਯਮੁਨਾਨਗਰ ਵਿੱਚ ਸ਼ੁਰੂ ਕੀਤੇ ਜਾ ਸਕਦੇ ਹਨ ਕਿਉਂਕਿ ਇਨ੍ਹਾਂ ਖ਼?ੇਤਿਆਂ 'ਚ ਐਗਰੋ ਫਾਰੈਸਟ?ਰੀ ਦੀ ਜ਼ਿਆਦਾ ਸੰਭਾਵਨਾ ਹੈ। ਇਸ ਸਕੀਮ ਤਹਿਤ ਜੇ ਕਿਸਾਨ ਆਪਣੇ ਖੇਤਾਂ 'ਚ ਬਿਨਾਂ ਵਾਹੀ ਤੋਂ ਜਾਂ ਜੰਗਲ ਆਦਿ ਲਾਉਂਦੇ ਹਨ ਤਾਂ ਉਸ ਬਦਲੇ ਕਿਸਾਨ ਕਾਰਬਨ ਕਰੈਡਿਟ ਕਮਾ ਸਕਦੇ ਹਨ। ਚੇਤੇ ਰਹੇ ਕਿ ਭਾਰਤ 'ਚ ਨਬਾਰਡ ਵੱਲੋਂ ਖੇਤੀ ਲਈ ਸਵੈ-ਇੱਛਿਤ ਕਾਰਬਨ ਮਾਰਕੀਟ (ਵੀਸੀਐੱਮ) ਢਾਂਚੇ ਨੂੰ ਲਾਗੂ ਕਰਨ ਲਈ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦਾ ਸਹਿਯੋਗ ਕੀਤਾ ਜਾ ਰਿਹਾ ਹੈ। ਜਦੋਂ ਕਿਸਾਨ ਜੰਗਲਾਤ ਆਦਿ ਦੀ ਖੇਤੀ ਕਰਨਗੇ ਤਾਂ ਉਸ ਵੇਲੇ ਕਾਰਬਨ ਕਰੈਡਿਟ ਦੀ ਨਿਗਰਾਨੀ ਅਤੇ ਉਸ ਦੀ ਤਸਦੀਕ ਬਾਹਰੀ ਏਜੰਸੀਆਂ ਵੱਲੋਂ ਕੀਤੀ ਜਾਵੇਗੀ। ਇਹ ਏਜੰਸੀਆਂ ਕਾਰਬਨ ਕਰੈਡਿਟ ਦੀ ਕਮਾਈ ਦਾ 25 ਫ਼ੀਸਦ ਖ਼ੁਦ ਰੱਖਣਗੀਆਂ ਅਤੇ ਬਾਕੀ 75 ਫ਼ੀਸਦ ਆਮਦਨ ਕਿਸਾਨ ਕੋਲ ਚਲੀ ਜਾਵੇਗੀ।

ਨਬਾਰਡ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਜੀ.ਐੱਸ ਰਾਵਤ ਨੇ ਇਸ ਯੋਜਨਾ 'ਤੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਨਬਾਰਡ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਬੀਜ ਦੀਆਂ ਦੁਕਾਨਾਂ ਖੋਲ੍ਹਣ ਅਤੇ ਕਿਰਾਏ 'ਤੇ ਖੇਤੀ ਮਸ਼ੀਨਰੀ ਦੇਣ ਦਾ ਸੁਝਾਅ ਵੀ ਦਿੱਤਾ। ਨਬਾਰਡ ਦੇ ਅਫ਼ਸਰਾਂ ਨੇ ਕਿਹਾ ਕਿ ਉਹ ਪੇਂਡੂ ਸਹਿਕਾਰੀ ਸਭਾਵਾਂ ਦਾ ਕਾਰੋਬਾਰੀ ਖੇਤਰ ਵਧਾਏ ਜਾਣ ਦੇ ਹੱਕ ਵਿੱਚ ਹਨ ਤਾਂ ਜੋ ਇਹ ਸਭਾਵਾਂ ਸਿਰਫ਼ ਮੈਂਬਰਾਂ ਨੂੰ ਕਰਜ਼ਾ ਵੰਡਣ ਤੱਕ ਸੀਮਤ ਨਾ ਰਹਿਣ। ਉਨ੍ਹਾਂ ਹੁਸ਼ਿਆਰਪੁਰ ਵਿੱਚ 105 ਸਾਲ ਪੁਰਾਣੀ ਲਾਂਬੜਾ ਕਾਂਗੜੀ ਮਲਟੀਪਰਪਜ਼ ਕੋਆਪਰੇਟਿਵ ਸਰਵਿਸ ਸੁਸਾਇਟੀ ਦੀ ਸਫਲਤਾ ਦੀ ਮਿਸਾਲ ਵੀ ਦਿੱਤੀ। ਇਸ ਮੌਕੇ ਨਬਾਰਡ ਪੰਜਾਬ ਦੇ ਅਧਿਕਾਰੀ ਜਸਵੰਤ ਸਿੰਘ ਅਤੇ ਹਰਿਆਣਾ ਦੇ ਅਧਿਕਾਰੀ ਅਮਿਤ ਅਗਰਵਾਲ ਤੋਂ ਇਲਾਵਾ ਪੰਜਾਬ ਦੇ ਖੇਤੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਹਾਜ਼ਰ ਸਨ।

**ਖ਼ੁਦਕੁਸ਼ੀ ਦੇ ਰਾਹ ਠੱਲ੍ਹੇ ਜਾਣ**

ਉੱਚ ਤਾਕਤੀ ਕਮੇਟੀ ਦੇ ਮੈਂਬਰਾਂ ਨੇ ਕਿਸਾਨ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹਣ ਲਈ ਨਵੀਆਂ ਨੀਤੀਆਂ ਬਣਾਏ ਜਾਣ ਦੀ ਗੱਲ ਕਹੀ ਹੈ। ਇਹ ਮਸ਼ਵਰਾ ਦਿੱਤਾ ਕਿ ਬੈਂਕ ਨੂੰ ਅਜਿਹੀ ਨੀਤੀ ਬਣਾਉਣ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਸ ਨਾਲ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਘਟੇ। ਮੈਂਬਰਾਂ ਨੇ ਕਿਹਾ ਕਿ ਕਰਜ਼ੇ ਦਾ ਬੋਝ ਘਟਾ ਕੇ ਕਿਸਾਨ ਖ਼ੁਦਕੁਸ਼ੀਆਂ ਘਟਾਈਆਂ ਜਾਣ।

# ਮਾਨਸਾ ਦੀ ਵੀਰਪਾਲ ਕੌਰ ਨੂੰ ਲੱਗੀ ਡੇਢ ਕਰੋੜ ਰੁਪਏ ਦੀ ਲਾਟਰੀ ਸਿਲਾਈ ਕਢਾਈ ਕਰ ਕੇ ਚੱਲ ਰਿਹਾ ਸੀ ਬੱਚਿਆਂ ਦਾ ਪਾਲਣ ਪੋਸ਼ਣ

**ਮਾਨਸਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆਂ ਵਿੱਚ ਹਰੇਕ ਬੰਦਾ ਹਰੇਕ ਦਿਨ ਆਪਣੀ ਕਿਸਮਤ ਅਜ਼ਮਾਉਣ ਲਈ ਕੋਸ਼ਿਸ਼ ਕਰਦਾ ਹੈ, ਉਸੇ ਤਰ੍ਹਾਂ ਅੱਜ ਮਾਨਸਾ ਦੀ ਵੀਰਪਾਲ ਕੌਰ ਦੀ ਵੀ ਕਿਸਮਤ ਚਮਕ ਗਈ। ਵੀਰਪਾਲ ਕੌਰ ਦੀ 1.5 ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ।

ਸੁਮਿਤ ਲਾਟਰੀ ਏਜੰਸੀ ਦੇ ਮਾਲਕ ਸੁਮਿਤ ਗੁੰਬਰ ਨੇ ਦੱਸਿਆ ਕਿ ਉਨ੍ਹਾਂ ਦੀ ਲਾਟਰੀ ਏਜੰਸੀ 'ਤੇ ਰੋਜ਼ਾਨਾਂ ਹੀ ਲੱਖਾਂ ਤੇ ਕਰੋੜਾਂ ਦੇ ਇਨਾਮ ਨਿਕਲਦੇ ਹਨ, ਜਿਸ ਦੇ ਤਹਿਤ ਇਸ ਵਾਰ ਵੀ ਵੀਰਪਾਲ ਕੌਰ, ਜੋ ਮਾਨਸਾ ਦੀ ਰਹਿਣ ਵਾਲੀ ਹੈ, ਨੂੰ 1.5 ਕਰੋੜ ਰੁਪਏ ਦਾ ਇਨਾਮ ਨਿਕਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਉਨ੍ਹਾਂ ਦੀ ਏਜੰਸੀ ਦਾ ਅੱਠਵਾਂ ਕਰੋੜ ਦਾ ਇਨਾਮ ਨਿਕਲਿਆ ਹੈ, ਇਸ ਤੋਂ ਪਹਿਲਾਂ ਲੱਖਾਂ ਦੇ ਇਨਾਮ ਵੀ ਆਉਂਦੇ ਰਹਿੰਦੇ ਹਨ।




ਇਸੇ ਦੌਰਾਨ 1.5 ਕਰੋੜ ਰੁਪਏ ਜਿੱਤਣ ਵਾਲੀ ਵੀਰਪਾਲ ਕੌਰ ਨੇ ਦੱਸਿਆ ਕਿ ਉਹ ਮਾਨਸਾ ਵਿੱਚ ਸਿਲਾਈ ਕਢਾਈ ਦਾ ਕੰਮ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੀ ਸੀ, ਹੁਣ ਇਨ੍ਹਾਂ ਪੈਸਿਆਂ ਨਾਲ ਉਹ ਆਪਣੇ ਬੱਚਿਆਂ ਦਾ ਚੰਗਾ ਭਵਿੱਖ ਸਿਰਜੇਗੀ। ਉਸ ਨੇ ਦੱਸਿਆ ਕਿ ਜਿਸ ਸਮੇਂ ਉਨ੍ਹਾਂ ਨੂੰ ਲਾਟਰੀ ਨਿਕਲਣ ਦਾ ਫੋਨ ਆਇਆ ਤਾਂ ਉਹ ਉਸ ਸਮੇਂ ਗੁਰੂ ਘਰ ਵਿੱਚ ਅਰਦਾਸ ਕਰ ਰਹੀ ਸੀ। ਉਸ ਨੇ ਕਿਹਾ ਕਿ ਬਾਬਾ ਦੀਪ ਸਿੰਘ ਜੀ ਨੇ ਉਸ ਦੀ ਸੁਣ ਲਈ ਹੈ ਤੇ ਹੁਣ ਉਹ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕਰੇਗੀ। ਇਸ ਮੌਕੇ ਲਲਿਤ ਕੁਮਾਰ, ਨਿਤਿਨ ਅਰੋੜਾ, ਏਜੰਸੀ ਸਟਾਫ ਤੇ ਵੀਰਪਾਲ ਕੌਰ ਦੇ ਪਰਿਵਾਰਕ ਮੈਂਬਰ ਮੌਜੂਦ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਨਹਿਰਾਂ/ ਦਰਿਆਵਾਂ 'ਚ ਨਹਾਉਣ 'ਤੇ ਪਾਬੰਦੀ

**ਜਲੰਧਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰੀ ਬਰਿਸ਼ ਕਾਰਨ ਨਹਿਰਾਂ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਿਆ ਹੋਣ ਕਰਕੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਜ਼ਿਲ੍ਹਾ ਮੈਜਿਸਟਰੇਟ ਡਾ. ਹਿਮਾਂਸ਼ੂ ਅਗਰਵਾਲ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤਹਿਤ ਜ਼ਿਲ੍ਹਾ ਜਲੰਧਰ ਵਿੱਚ ਵਹਿੰਦੀਆਂ ਨਹਿਰਾਂ/ਦਰਿਆਵਾਂ ਵਿੱਚ ਨਹਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪਿੰਡਾਂ ਦੇ ਸਰਪੰਚ/ਨੰਬਰਦਾਰ ਅਤੇ ਹੋਰ ਮੋਹਤਬਰ ਲੋਕ ਆਪਣੇ ਇਲਾਕੇ ਵਿੱਚ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਵਾਉਣੀ ਯਕੀਨੀ ਬਣਾਉਣਗੇ ਅਤੇ ਨਹਿਰੀ ਵਿਭਾਗ ਤੇ ਜਲ ਸਰੋਤ ਵਿਭਾਗ ਦੇ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਇਨ੍ਹਾਂ ਹੁਕਮਾਂ ਦੀ ਕਿਸੇ ਵੀ ਤਰ੍ਹਾਂ ਉਲੰਘਣਾ ਨਾ ਹੋਵੇ। ਇਸ ਤੋਂ ਇਲਾਵਾ ਹੁਕਮ ਦੀ ਉਲੰਘਣਾ ਹੋਣ 'ਤੇ ਪੁਲਸ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਇਹ ਹੁਕਮ 3-9-2025 ਤੱਕ ਲਾਗੂ ਰਹੇਗਾ।

# ਪੰਜਾਬ ਪੁਲਿਸ ਨੇ IndiGo ਫਲਾਈਟ 'ਚ ਬੰਬ ਦੀ ਅਫ਼ਵਾਹ ਸਬੰਧੀ FIR ਦਰਜ ਕੀਤੀ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਪੰਜਾਬ ਪੁਲੀਸ ਨੇ ਪਿਛਲੇ ਹਫ਼ਤੇ ਹੈਦਰਾਬਾਦ ਤੋਂ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ, ਚੰਡੀਗੜ੍ਹ 'ਤੇ ਉਤਰਨ ਵਾਲੀ ਇੰਡੀਗੋ ਫਲਾਈਟ ਵਿਚ ਬੰਬ ਦੀ ਝੂਠੀ ਖ਼ਬਰ ਫੈਲਾਉਣ ਦੇ ਸਬੰਧ ਵਿੱਚ FIR ਦਰਜ ਕੀਤੀ ਹੈ। ਅਧਿਕਾਰੀਆਂ ਅਨੁਸਾਰ 5 ਜੁਲਾਈ ਨੂੰ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਜਹਾਜ਼ ਦੀ ਸਫਾਈ ਦੌਰਾਨ ਇੱਕ ਟਾਇਲਟ ਵਿੱਚੋਂ 'ਅੰਦਰ ਬੰਬ ਹੈ' ਲਿਖਿਆ ਇੱਕ ਟਿਸ਼ੂ ਪੇਪਰ ਮਿਲਿਆ ਸੀ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਨੋਟ ਮਿਲਣ ਤੋਂ ਬਾਅਦ, ਜਹਾਜ਼ ਦੀ ਪੂਰੀ ਤਲਾਸ਼ੀ ਲਈ ਗਈ, ਪਰ ਕੋਈ ਵਿਸਫੋਟਕ ਨਹੀਂ ਮਿਲਿਆ। ਡਿਪਟੀ ਸੁਪਰਡੈਂਟ ਆਫ਼ ਪੁਲੀਸ (DSP) ਅਮਰਪ੍ਰੀਤ ਸਿੰਘ ਨੇ ਕਿਹਾ, "ਹੈਦਰਾਬਾਦ ਤੋਂ ਇੰਡੀਗੋ ਫਲਾਈਟ 5 ਜੁਲਾਈ ਨੂੰ ਇੱਥੇ ਉਤਰੀ ਸੀ ਅਤੇ ਇਸ ਨੇ ਦਿੱਲੀ ਜਾਣਾ ਸੀ। ਯਾਤਰੀਆਂ ਦੇ ਉਤਰਨ ਤੋਂ ਬਾਅਦ, ਸਫਾਈ ਦੌਰਾਨ ਜਹਾਜ਼ ਦੇ ਟਾਇਲਟ ਵਿੱਚੋਂ "ਅੰਦਰ ਬੰਬ ਹੈ"ਲਿਖਿਆ ਟਿਸ਼ੂ ਪੇਪਰ ਮਿਲਿਆ।

ਉਨ੍ਹਾਂ ਕਿਹਾ, "ਇੰਡੀਗੋ ਦੇ ਸੁਰੱਖਿਆ ਮੈਨੇਜਰ ਵੱਲੋਂ ਇਸਦੀ ਸੂਚਨਾ ਤੁਰੰਤ ਹਵਾਈ ਅੱਡੇ ਦੇ ਅਧਿਕਾਰੀਆਂ ਅਤੇ ਪੁਲੀਸ ਨੂੰ ਦਿੱਤੀ ਗਈ। ਇੱਕ ਸਾਬੋਤਾਜ ਵਿਰੋਧੀ ਟੀਮ, ਬੰਬ ਰੋਕੂ ਦਸਤੇ ਅਤੇ ਸੀਆਈਐਸਐਫ ਕਰਮਚਾਰੀਆਂ ਨੇ ਜਹਾਜ਼ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਯਾਤਰੀਆਂ ਦੇ ਸਾਮਾਨ ਦੀ ਵੀ ਜਾਂਚ ਕੀਤੀ ਗਈ, ਪਰ ਕੁਝ ਵੀ ਨਹੀਂ ਮਿਲਿਆ।

ਇਸ ਸਬੰਧੀ ਭਾਰਤੀ ਨਿਆਏ ਸੰਹਿਤਾ, ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (UAPA) ਅਤੇ ਹਵਾਈ ਜਹਾਜ਼ (ਸੁਰੱਖਿਆ) ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਡੀਐਸਪੀ ਨੇ ਕਿਹਾ ਕਿ ਹੋਰ ਜਾਂਚ ਜਾਰੀ ਹੈ।

# 1,15,000 ਰੁਪਏ ਦੀ ਨਕਦ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਥਾਣੇਦਾਰ ਵੱਲੋਂ ਗ੍ਰਿਫਤਾਰ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਪੰਚਕੂਲਾ ਨੇ ਅੱਜ 8.7.2025 ਨੂੰ ਦੋਸ਼ੀ ਏਐਸਆਈ ਜਸਬੀਰ ਸਿੰਘ, ਜਾਂਚ ਅਧਿਕਾਰੀ, ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ, ਮਨਸਾ ਦੇਵੀ ਕੰਪਲੈਕਸ, ਜ਼ਿਲ੍ਹਾ ਪੰਚਕੂਲਾ ਨੂੰ ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ, ਮਨਸਾ ਦੇਵੀ ਕੰਪਲੈਕਸ, ਜ਼ਿਲ੍ਹਾ ਪੰਚਕੂਲਾ ਵਿਖੇ ਸ਼ਿਕਾਇਤਕਰਤਾ ਤੋਂ 1,15,000/- (ਇੱਕ ਲੱਖ ਪੰਦਰਾਂ ਹਜ਼ਾਰ ਰੁਪਏ) ਦੀ ਨਕਦ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ।

ਸ਼ਿਕਾਇਤਕਰਤਾ ਨੇ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਪੰਚਕੂਲਾ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਉਹ ਸੈਨੇਟਰੀ ਵਪਾਰ ਦਾ ਨਿਜੀ ਕੰਮ ਕਰਦਾ ਹੈ ਅਤੇ ਉਸਨੇ ਫਰਵਰੀ 2024 ਵਿੱਚ ਮੁਥੂਟ ਫਾਈਨਾਂਸ ਕੰਪਨੀ ਕੋਲ ਆਪਣਾ ਸੋਨਾ ਗਿਰਵੀ ਰੱਖ ਕੇ ਸੋਨਾ ਕਰਜ਼ਾ ਲਿਆ ਸੀ। ਇਸ ਤੋਂ ਬਾਅਦ, ਉਸਨੇ ਸੋਨਾ ਵੇਚ ਕੇ ਕਰਜ਼ਾ ਚੁਕਾਉਣ ਲਈ ਕੈਸ਼ ਯੂਅਰ ਗੋਲਡ ਕੰਪਨੀ ਸੈਕਟਰ-20 ਪੰਚਕੂਲਾ ਨਾਲ ਸੰਪਰਕ ਕੀਤਾ। 12.6.2024 ਨੂੰ ਕੰਪਨੀ ਨੇ ਕੁੱਲ 5,65,000/- ਰੁਪਏ ਉਸਦੇ ਬੈਂਕ ਖਾਤੇ ਵਿੱਚ RTGS ਰਾਹੀਂ ਟਰਾਂਸਫਰ ਕੀਤੇ। ਇਸ ਰਕਮ ਦੇ ਬਦਲੇ ਉਸਨੂੰ ਮੁਥੂਟ ਫਾਈਨੈਂਸ ਕੰਪਨੀ ਤੋਂ ਸੋਨਾ ਵਾਪਸ ਲੈ ਕੇ ਕੈਸ਼ ਯੂਅਰ ਗੋਲਡ ਕੰਪਨੀ ਸੈਕਟਰ-20 ਪੰਚਕੂਲਾ ਨੂੰ ਦੇਣਾ ਪਿਆ। ਇਸ ਸਬੰਧ ਵਿੱਚ, ਕੈਸ਼ ਯੂਅਰ ਗੋਲਡ ਕੰਪਨੀ ਸੈਕਟਰ-20 ਪੰਚਕੂਲਾ ਵੱਲੋਂ ਉਸਦੇ ਖਿਲਾਫ ਸਾਈਬਰ ਪੁਲਿਸ ਸਟੇਸ਼ਨ, ਗੁਰੂਗ੍ਰਾਮ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਸੀ।

ਉਸਨੂੰ ਸਾਈਬਰ ਪੁਲਿਸ ਸਟੇਸ਼ਨ ਗੁਰੂਗ੍ਰਾਮ ਤੋਂ ਫੋਨ ਆਉਣੇ ਸ਼ੁਰੂ ਹੋ ਗਏ ਸਨ ਕਿ ਜਾਂ ਤਾਂ ਕੰਪਨੀ ਨੂੰ ਨਕਦੀ ਵਾਪਸ ਕਰੋ ਜਾਂ ਸੋਨਾ ਕੰਪਨੀ ਨੂੰ ਦੇ ਦਿਓ। ਸ਼ਿਕਾਇਤਕਰਤਾ ਨੇ ਦੱਸਿਆ ਕਿ ਕੈਸ਼ ਯੂਅਰ ਗੋਲਡ ਕੰਪਨੀ ਸੈਕਟਰ-20 ਪੰਚਕੂਲਾ ਵੱਲੋਂ ਉਸਦੇ ਖਿਲਾਫ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਉਪਰੋਕਤ ਕੰਪਨੀ ਤੋਂ ਪ੍ਰਾਪਤ ਕੁੱਲ 5,65,000/- ਰੁਪਏ ਦੀ ਰਕਮ ਨੂੰ ਉਸਦੇ ਜਾਣਕਾਰਾਂ ਦੇ ਖਾਤਿਆਂ ਵਿੱਚ ਟ?ਰਾਂਸਫਰ ਕਰਨ ਦੇ ਮਾਮਲੇ ਵਿੱਚ ਗੁਰੂਗ੍ਰਾਮ ਪੁਲਿਸ ਦੁਆਰਾ ਉਸਦੇ ਅਤੇ ਉਸਦੇ ਲੈਣਦਾਰਾਂ ਦੇ ਬੈਂਕ ਖਾਤਿਆਂ ਨੂੰ ਫਰੀਜ਼ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸਦੇ ਖਿਲਾਫ ਸ਼ਿਕਾਇਤ ਗੁਰੂਗ੍ਰਾਮ ਪੁਲਿਸ ਦੁਆਰਾ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਮਨਸਾ ਦੇਵੀ ਕੰਪਲੈਕਸ ਪੰਚਕੂਲਾ ਵਿੱਚ ਤਬਦੀਲ ਕਰ ਦਿੱਤੀ ਗਈ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਜਾਂਚ ਅਧਿਕਾਰੀ ਏਐਸਆਈ ਜਸਬੀਰ ਸਿੰਘ, ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਮਨਸਾ ਦੇਵੀ ਕੰਪਲੈਕਸ ਜ਼ਿਲ੍ਹਾ ਪੰਚਕੂਲਾ ਵਿਖੇ ਗੁਰੂਗ੍ਰਾਮ ਪੁਲਿਸ ਤੋਂ ਉਸਦੇ ਖਿਲਾਫ ਪ੍ਰਾਪਤ ਸ਼ਿਕਾਇਤ ਦੀ ਪੁਸ਼ਟੀ ਕਰ ਰਿਹਾ ਹੈ। ਉਸਦਾ ਬੈਂਕ ਖਾਤਾ ASI ਜਸਬੀਰ ਸਿੰਘ ਨੇ ਖੋਲ੍ਹਿਆ ਸੀ ਪਰ ਉਹ ਉਸ ਤੋਂ 2,50,000/- ਰੁਪਏ ਦੀ ਨਕਦ ਰਿਸ਼ਵਤ ਮੰਗ ਰਿਹਾ ਹੈ। ਉਹ ਉਸਨੂੰ ਕਹਿੰਦਾ ਹੈ ਕਿ ਉਹ ਉਸਦੇ ਖਿਲਾਫ ਸ਼ਿਕਾਇਤ ਬੰਦ ਕਰਵਾ ਦੇਵੇਗਾ। ਰਿਸ਼ਵਤ ਦੀ ਰਕਮ ਘਟਾਉਣ ਲਈ ਉਸਦੇ ਵਾਰ-ਵਾਰ ਬੇਨਤੀ ਕਰਨ 'ਤੇ, ASI ਜਸਬੀਰ ਸਿੰਘ, ਜਾਂਚ ਅਧਿਕਾਰੀ 1,15,000/- ਰੁਪਏ ਦੀ ਨਕਦ ਰਿਸ਼ਵਤ ਲੈਣ ਲਈ ਸਹਿਮਤ ਹੋ ਗਿਆ ਹੈ।

3. ਉਪਰੋਕਤ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਪੰਚਕੂਲਾ ਨੇ ਦੋਸ਼ੀ ASI ਨੂੰ ਗ੍ਰਿਫਤਾਰ ਕਰ ਲਿਆ ਹੈ। ਜਸਬੀਰ ਸਿੰਘ, ਜਾਂਚ ਅਧਿਕਾਰੀ, ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ, ਮਨਸਾ ਦੇਵੀ ਕੰਪਲੈਕਸ, ਜ਼ਿਲ੍ਹਾ ਪੰਚਕੂਲਾ ਨੂੰ ਸ਼ਿਕਾਇਤਕਰਤਾ ਤੋਂ 1,15,000/- ਰੁਪਏ (ਇੱਕ ਲੱਖ ਪੰਦਰਾਂ ਹਜ਼ਾਰ ਰੁਪਏ) ਦੀ ਨਕਦ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋਸ਼ੀ ਦੇ ਖਿਲਾਫ ਧਾਰਾ 7, ਪੀਸੀ ਐਕਟ ਦੇ ਤਹਿਤ ਪੁਲਿਸ ਸਟੇਸ਼ਨ, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਪੰਚਕੂਲਾ ਵਿਖੇ ਮੁਕੱਦਮਾ ਨੰਬਰ 8 ਮਿਤੀ 8.7.2025 ਦਰਜ ਕੀਤਾ ਗਿਆ ਹੈ।

# ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਭਰਜਾਈ ਅੰਮ੍ਰਿਤਸਰ ਹਵਾਈ ਅੱਡੇ ਤੋਂ ਗ੍ਰਿਫ਼ਤਾਰ

**ਅੰਮ੍ਰਿਤਸਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਭਰਜਾਈ ਲਵਜੀਤ ਕੌਰ ਨੂੰ ਸੋਮਵਾਰ ਦੇਰ ਰਾਤ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਲਵਜੀਤ ਕੌਰ ਆਸਟਰੇਲੀਆ ਭੱਜਣ ਦੀ ਫ਼ਿਰਾਕ ਵਿਚ ਸੀ। ਗੈਂਗਸਟਰ ਜੱਗੂ ਭਗਵਾਨਪੁਰੀਆ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

ਸੂਤਰਾਂ ਮੁਤਾਬਕ ਲਵਜੀਤ ਕੌਰ ਹਾਲ ਹੀ ਵਿਚ ਆਪਣੀ ਸੱਸ ਹਰਜੀਤ ਕੌਰ ਦੇ ਭੋਗ ਨੂੰ ਲੈ ਕੇ ਬਟਾਲਾ ਆਈ ਸੀ। ਬਟਾਲਾ ਪੁਲੀਸ ਨੇ ਪਿਛਲੇ ਦਿਨੀਂ ਕੌਰ ਨੂੰ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਰਾ ਬਰਿਆਰ ਦੇ ਕਤਲ ਕੇਸ ਵਿਚ ਨਾਮਜ਼ਦ ਕੀਤਾ ਸੀ।

ਲਵਜੀਤ ਕੌਰ ਖਿਲਾਫ਼ ਕੇਸ ਪਹਿਲਾਂ ਹੀ ਦਰਜ ਸੀ ਤੇ ਉਸ ਨੂੰ ਵਿਦੇਸ਼ ਭੱਜਣ ਤੋਂ ਰੋਕਣ ਲਈ ਉਸ ਖਿਲਾਫ਼ ਲੁਕਆਊਟ ਸਰਕੁਲਰ ਵੀ ਜਾਰੀ ਕੀਤਾ ਹੋਇਆ ਹੈ। ਦੱਸ ਦੇਈਏ ਕਿ ਪਿਛਲੇ ਦਿਨੀਂ ਜੱਗੂ ਭਗਵਾਨਪੁਰੀਆ ਦੀ ਮਾਂ ਹਰਜੀਤ ਕੌਰ ਤੇ ਇਕ ਹੋਰ ਰਿਸ਼ਤੇਦਾਰ ਕਰਮਵੀਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਲਵਜੀਤ ਕੌਰ ਸੋਮਵਾਰ ਰਾਤ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚੀ ਅਤੇ ਆਸਟਰੇਲੀਆ ਜਾਣ ਵਾਲੀ ਉਡਾਣ ਦੀ ਉਡੀਕ ਕਰ ਰਹੀ ਸੀ। ਇਸ ਦੌਰਾਨ ਹਵਾਈ ਅੱਡੇ ਦੇ ਚੌਕਸ ਅਧਿਕਾਰੀਆਂ ਨੇ ਐਲਓਸੀ ਦੇ ਆਧਾਰ 'ਤੇ ਉਸ ਦੀ ਪਛਾਣ ਕੀਤੀ ਅਤੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਬਟਾਲਾ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਪੁਲੀਸ ਹਾਲ ਹੀ ਵਿੱਚ ਹੋਏ ਕਤਲਾਂ ਵਿੱਚ ਉਸ ਦੀ ਸੰਭਾਵੀ ਭੂਮਿਕਾ ਅਤੇ ਹੋਰ ਮੁਲਜ਼ਮਾਂ ਨਾਲ ਉਸ ਦੇ ਸਬੰਧਾਂ ਦਾ ਪਤਾ ਲਗਾਉਣ ਲਈ ਉਸ ਤੋਂ ਪੁੱਛਗਿੱਛ ਕਰ ਰਹੀ ਹੈ। ਅਧਿਕਾਰੀਆਂ ਜਲਦੀ ਹੀ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਜਾਂਚ ਲਈ ਰਿਮਾਂਡ ਦੀ ਮੰਗ ਕਰਨਗੇ।

# ਮਾਨਵਤਾ ਅਤੇ ਕੁਦਰਤ ਪ੍ਰਤੀ ਹਮਦਰਦੀ ਉਜਾਗਰ ਕਰਨਾ ਅਸਲੀ ਧਰਮ : ਜੱਸਾ ਸਿੰਘ

**ਪਟਿਆਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਦੇ ਨੇਕ ਦਿਲ ਵਰਕਰਾਂ ਵਾਂਗ , ਹਰੇਕ ਇਨਸਾਨ ਬੱਚੇ ਅਤੇ ਨੌਜਵਾਨ ਨੂੰ ਮਾਨਵਤਾ, ਕੁਦੱਰਤ ਅਤੇ ਜ਼ਰੂਰਤਮੰਦਾਂ ਪ੍ਰਤੀ ਹਮਦਰਦੀ ਨਿਮਰਤਾ ਸ਼ਹਿਣਸ਼ੀਲਤਾ ਅਤੇ ਸਹਿਯੋਗ ਦੀਆਂ ਭਾਵਨਾਵਾਂ ਅਤੇ ਆਦਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ, ਇਹ ਵਿਚਾਰ ਸਰੱਬਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਜੱਸਾ ਸਿੰਘ ਸੰਧੂ ਵਲੋਂ ਭਾਸ਼ਾ ਭਵਨ ਵਿਖੇ, ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਮਾਨਵਤਾਵਾਦੀ ਗਤੀਵਿਧੀਆਂ ਦੀ ਜਾਣਕਾਰੀ ਦਿੰਦੇ ਹੋਏ, ਕੁਝ ਨਾਮਵਾਰ ਸ਼ਖ਼ਸੀਅਤਾਂ ਅਤੇ ਸਰਬਤ ਦੇ ਭਲੇ ਲਈ ਯਤਨਸ਼ੀਲ ਅਧਿਆਪਕਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਜ਼ਿੰਦਗੀ ਵਿੱਚ ਆਪਣੇ ਲਈ ਨਹੀਂ ਸਗੋਂ ਮਾਨਵਤਾ ਦੀ ਸੁਰੱਖਿਆ ਸਨਮਾਨ ਖੁਸ਼ਹਾਲੀ ਉਨਤੀ ਲਈ ਹਮੇਸ਼ਾ ਇਮਾਨਦਾਰੀ ਨਾਲ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਆਪਣੇ ਘਰ ਪਰਿਵਾਰਾਂ ਵਿੱਚ ਦੁਆਵਾ ਧੰਨਵਾਦ ਅਸ਼ੀਰਵਾਦ ਲੈਕੇ ਜਾਣਾ ਚਾਹੀਦਾ ਹੈ। ਡਾਕਟਰ ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸਿੰਘ ਸੰਧੂ ਸਕੱਤਰ ਡੈਡੀਕੇਟਿਡ ਬ੍ਰਦਰਜ਼ ਗਰੁੱਪ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਦੇ ਮੈਂਬਰਾਂ ਦੇ ਸਹਿਯੋਗ ਅਤੇ ਅਗਵਾਈ ਹੇਠ, ਜ਼ਰੂਰਤਮੰਦ, ਵਿਦਿਆਰਥੀਆਂ,




ਮਰੀਜ਼ਾਂ, ਬੇਰੋਜ਼ਗਾਰ ਨੌਜਵਾਨਾਂ, ਹਸਪਤਾਲਾਂ ਵਿਖੇ ਐਮਰਜੈਂਸੀ ਵਿਖੇ ਇਕੱਲੇ ਜ਼ਖਮੀਆਂ ਦੀ ਸੇਵਾ ਸੰਭਾਲ ਲਈ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸਾਬਕਾ ਸੀਨੀਅਰ ਸੁਪਰਡੈਂਟ ਆਫ ਪੁਲਿਸ ਸ਼੍ਰੀ ਸੁਸ਼ੀਲ ਕੁਮਾਰ ਨੇ ਕਿਹਾ ਕਿ ਡੈਡੀਕੇਟਿਡ ਬ੍ਰਦਰਜ਼ ਗਰੁੱਪ ਵਲੋਂ ਵਿਦਿਆਰਥੀਆਂ ਅਧਿਆਪਕਾਂ ਅਤੇ ਨਾਗਰਿਕਾਂ ਨੂੰ ਆਵਾਜਾਈ ਹਾਦਸਿਆ, ਆਪਦਾਵਾਂ, ਮਹਾਂਮਾਰੀਆਂ ਸਮੇਂ ਬਚਾਉ ਮਦਦ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਮਿਸ਼ਨ ਚਲਾਉਣੇ ਚਾਹੀਦੇ ਹਨ ਕਿਉਂਕਿ ਵੱਧ ਬੱਚਿਆਂ ਨੌਜਵਾਨਾਂ ਅਤੇ ਨਾਗਰਿਕਾਂ ਦੀਆਂ ਮੌਤਾਂ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਕਾਰਨ ਹੋ ਰਹੀਆਂ ਹਨ।

ਡਾਕਟਰ ਰਿਸ਼ਮਾਂ ਕੌਹਲੀ, ਸਟੇਜ ਸਕੱਤਰ ਨੇ ਦੱਸਿਆ ਕਿ ਡੀ ਬੀ ਜੀ ਵਲੋਂ ਮਾਨਵਤਾ ਅਤੇ ਕੁਦਰਤ ਦੀ ਸੇਫਟੀ ਸਿਹਤ ਅਰੋਗਤਾ ਲਈ,34 ਪ੍ਰੋਜੈਕਟ, ਆਪਣੇ ਮੈਂਬਰਾਂ ਦੀ ਅਗਵਾਈ ਹੇਠ ਚਲਾਏ ਜਾ ਰਹੇ ਹਨ ਇਸ ਤੋਂ ਇਲਾਵਾ ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਟਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਰਾਹੀਂ ਜਿਥੇ ਸਿਖਿਆ ਸੰਸਥਾਵਾਂ, ਪੁਲਿਸ ਫੈਕਟਰੀਆਂ, ਐਨ ਐਸ ਐਸ ਕੈਂਪਾਂ ਵਿਖੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟ?ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ ਉਥੇ ਕੀਮਤੀ ਜਾਨਾਂ ਬਚਾਉਣ ਵਾਲੇ ਵਿਦਿਆਰਥੀਆਂ ਕਰਮਚਾਰੀਆਂ ਪੁਲਿਸ ਫਾਇਰ ਬ੍ਰਿਗੇਡ ਵਰਕਰਾਂ ਨੂੰ ਕੀਮਤੀ ਜਾਨਾਂ ਬਚਾਉਣ ਵਾਲੇ ਮਦਦਗਾਰ ਫ਼ਰਿਸ਼ਤਿਆਂ ਵਜੋਂ ਸਨਮਾਨਿਤ ਕੀਤਾ ਜਾਂਦਾ ਹੈ। ਸ਼੍ਰੀ ਪਵਨ ਕੁਮਾਰ, ਸੇਵਾ ਮੁਕਤ ਕਮਾਂਡੈਂਟ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਜਦੋਂ ਤੱਕ ਸਰੀਰ ਵਿੱਚ ਜਾਨ ਹਿੰਮਤ ਜ਼ਿੰਦਾਦਿਲੀ ਹੌਂਸਲੇ ਹਨ, ਮਾਨਵਤਾ ਅਤੇ ਕੁਦਰਤ ਦੇ ਭਲੇ ਸੁਰੱਖਿਆ ਸਨਮਾਨ ਖੁਸ਼ਹਾਲੀ ਉਨਤੀ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ।

## ਬੇਅਦਬੀ ਦੇ ਮੁੱਦੇ 'ਤੇ ਸੁਨੀਲ ਜਾਖੜ ਦਾ ਵੱਡਾ ਬਿਆਨ-ਪੰਜਾਬ ਸਰਕਾਰ ਦੇ ਫ਼ੈਸਲੇ ਦਾ ਸੁਆਗਤ ਕਰਾਂਗੇ

ਚੰਡੀਗੜ੍ਹ 11 ਜੁਲਾਈ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਵਰਕਿੰਗ ਸੂਬਾ ਪ੍ਰਧਾਨ ਵਲੋਂ ਸਾਂਝੇ ਤੌਰ 'ਤੇ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਬੇਅਦਬੀ ਦੇ ਮੁੱਦੇ ਨੂੰ ਭਾਜਪਾ ਬਹੁਤ ਹੀ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਜੇਕਰ ਪੰਜਾਬ ਸਰਕਾਰ ਦਾ ਇਸ ਮੁੱਦੇ 'ਤੇ ਗੰਭੀਰਤਾ ਨਾਲ ਕੰਮ ਕਰਨ ਦਾ ਇਰਾਦਾ ਹੈ ਤਾਂ ਅਸੀਂ ਇਸ ਗੱਲ ਦਾ ਸੁਆਗਤ ਕਰਦੇ ਹਾਂ ਪਰ ਸਰਕਾਰ ਵਲੋਂ ਲੋਕਾਂ ਅੰਦਰ ਭੰਬਲਭੂਸਾ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਸ ਮੁੱਦੇ 'ਤੇ ਕਿਸੇ ਵੀ ਤਰ੍ਹਾਂ ਦਾ ਐਕਸ਼ਨ ਨਹੀਂ ਲਿਆ ਗਿਆ। ਉਨ੍ਹਾਂ ਨੇ ਸਰਕਾਰ ਤੋਂ ਇਸ ਬਿੱਲ ਦੇ ਖਰੜੇ ਬਾਰੇ ਸਵਾਲ ਕੀਤੇ ਹਨ। ਕੱਪੜਾ ਕਾਰੋਬਾਰੀ ਸੰਜੇ ਵਰਮਾ ਦੇ ਕਤਲ ਮਾਮਲੇ ਬਾਰੇ ਬੋਲਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ ਕੁੜਤੇ-ਪਜਾਮੇ ਸਿਊਂਦੇ ਸਨ, ਜਿਸ ਤੋਂ ਬਾਅਦ ਪਰਿਵਾਰ ਨੇ ਅੱਗੇ ਤੋਂ ਅੱਗੇ ਮਿਹਨਤ ਕਰਕੇ ਤਰੱਕੀ ਕੀਤੀ ਅਤੇ ਨਾਂ ਵੀ ਕਮਾਇਆ। ਇਹ ਪਰਿਵਾਰ 500 ਪਰਿਵਾਰਾਂ ਨੂੰ ਅੱਜ ਦੀ ਤਾਰੀਖ਼ 'ਚ ਰੁਜ਼ਗਾਰ ਦੇ ਰਿਹਾ ਹੈ ਇਸ ਲਈ ਉਨ੍ਹਾਂ ਨੂੰ ਵਿਧਾਨ ਸਭਾ 'ਚ ਵਿਸ਼ੇਸ਼ ਸ਼ਰਧਾਂਜਲੀ ਦਿੱਤੀ ਜਾਣੀ ਚਾਹੀਦੀ ਸੀ।

## ਫਗਵਾੜਾ ਗੇਟ ਸਥਿਤ ਗੁਰੂ ਨਾਨਕ ਮੋਬਾਇਲ ਦੀ ਦੁਕਾਨ 'ਤੇ GST ਵਿਭਾਗ ਦੀ ਛਾਪੇਮਾਰੀ

ਜਲੰਧਰ 11 ਜੁਲਾਈ। ਜਲੰਧਰ ਦੇ ਫਗਵਾੜਾ ਗੇਟ ਸਥਿਤ ਗੁਰੂ ਨਾਨਕ ਮੋਬਾਇਲ ਦੀ ਦੁਕਾਨ 'ਤੇ ਜੀ. ਐੱਸ. ਟੀ. ਵਿਭਾਗ ਨੇ ਛਾਪਾ ਮਾਰਿਆ। ਜੀ. ਐੱਸ. ਟੀ. ਵਿਭਾਗ ਵੱਲੋਂ ਕੀਤੀ ਗਈ ਛਾਪੇਮਾਰੀ ਤੋਂ ਹੋਰ ਦੁਕਾਨਦਾਰ ਨਾਰਾਜ਼ ਸਨ, ਜਿਸ ਤੋਂ ਬਾਅਦ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਅਤੇ ਵਿਭਾਗ ਖ਼?ਲਾਫ਼ ਪ੍ਰਦਰਸ਼ਨ ਕੀਤਾ। ਇਸ ਦੌਰਾਨ ਦੁਕਾਨਦਾਰਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨਾਲ ਅਜਿਹਾ ਨਾ ਕੀਤਾ ਜਾਵੇ। ਦੁਕਾਨਦਾਰਾਂ ਨੇ ਕਿਹਾ ਕਿ ਅੱਜ ਉਨ੍ਹਾਂ ਦਾ ਸਬਰ ਖ਼ਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਐਸੋਸੀਏਸ਼ਨ ਨਾਲ ਮੀਟਿੰਗ ਕਰਨਗੇ ਅਤੇ ਇਸ 'ਤੇ ਇਕ ਵਾਰ ਫਿਰ ਵਿਚਾਰ ਕਰਨਗੇ। ਇਸ ਦੌਰਾਨ ਜੇਕਰ ਉਨ੍ਹਾਂ ਦਾ ਪ੍ਰਸ਼ਾਸਨ ਨਾਲ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਉਹ ਜਲਦੀ ਹੀ ਦੁਕਾਨਾਂ ਬੰਦ ਕਰਕੇ ਵਿਰੋਧ ਪ੍ਰਦਰਸ਼ਨ ਕਰਨਗੇ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਵਪਾਰੀ ਪਹਿਲਾਂ ਹੀ ਬਹੁਤ ਪਰੇਸ਼ਾਨ ਹਨ। ਇਸ ਦੇ ਨਾਲ ਹੀ ਵਿਭਾਗ ਅਚਾਨਕ ਦੁਕਾਨਾਂ 'ਤੇ ਛਾਪੇਮਾਰੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਦੁਕਾਨਦਾਰਾਂ ਨੂੰ ਇਸ ਛਾਪੇਮਾਰੀ ਬਾਰੇ ਚਿਤਾਵਨੀ ਦਿੱਤੀ ਗਈ ਸੀ ਪਰ ਹੁਣ ਅਚਾਨਕ ਜੀ. ਐੱਸ. ਟੀ. ਵਿਭਾਗ ਵੱਲੋਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਵਪਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਿਭਾਗ ਇਸ ਤਰ੍ਹਾਂ ਛਾਪੇਮਾਰੀ ਕਰਦਾ ਰਿਹਾ ਤਾਂ ਉਹ ਜਲਦੀ ਹੀ ਦੁਕਾਨਾਂ ਬੰਦ ਕਰ ਦੇਣਗੇ ਅਤੇ ਚਾਬੀਆਂ ਪ੍ਰਸ਼ਾਸਨ ਨੂੰ ਸੌਂਪ ਦੇਣਗੇ।

## ਕਮਲੇਸ਼ ਬਣੀ ਹਰਿਆਣਾ ਸਿਵਲ ਸਕੱਤਰੇਤ ਵਾਂਝੇ ਅਨੁਸੂਚਿਤ ਜਾਤੀ ਕਰਮਚਾਰੀ (ਡੀਐਸਸੀ) ਏਸੋਸਇਏਸ਼ਨ

ਚੰਡੀਗੜ੍ਹ, 11 ਜੁਲਾਈ: ਅੱਜ ਇੱਥੇ ਹਰਿਆਣਾ ਸਿਵਲ ਸਕੱਤਰੇਤ ਚੰਡੀਗੜ੍ਹ ਵਿੱਚ ਵਾਂਝੇ ਅਨੁਸੂਚਿਤ ਜਾਤੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਮੀਟਿੰਗ ਹੋਈ ਜਿਸ ਦੀ ਅਗਵਾਈ ਸੁਪਰਡੈਂਟ ਸੁਨੀਲ ਕੁਮਾਰ ਨੇ ਕੀਤੀ। ਇਸ ਮੌਕੇ 'ਤੇ ਹਰਿਆਣਾ ਸਿਵਲ ਸਕੱਤਰੇਤ ਵਾਂਝੇ ਅਨੁਸੂਚਿਤ ਜਾਤੀ ਕਰਮਚਾਰੀ (ਡੀਐਸਸੀ) ਏਸੋਸਇਏਸ਼ਨ, ਚੰਡੀਗੜ੍ਹ ਦਾ ਗਠਨ ਕੀਤਾ ਗਿਆ। ਮੀਟਿੰਗ ਵਿੱਚ ਏਸੋਸਇਏਸ਼ਨ ਦੇ ਅਧਿਕਾਰੀਆਂ ਦਾ ਚੋਣ ਕੀਤਾ ਗਿਆ। ਇੰਨ੍ਹਾਂ ਵਿੱਚ ਕਮਲੇਸ਼ ਨੂੰ ਪ੍ਰਧਾਨ, ਨਰੇਂਦਰ ਚੌਹਾਨ ਨੂੰ ਉੱਪ ਪ੍ਰਧਾਨ, ਸੋਨੂ ਸਕਸੇਨਾ ਨੂੰ ਮਹਾ ਸਕੱਤਰ ਅਤੇ ਅਨਿਲ ਕੁਮਾਰ ਨੂੰ ਵਿੱਤ ਸਕੱਤਰ ਮਨੋਨੀਤ ਕੀਤਾ ਗਿਆ। ਮੀਟਿੰਗ ਵਿੱਚ ਤ੍ਰਿਲੋਕ, ਸੁਨੀਲ, ਰਾਜੇਸ਼, ਗੁਲਾਬ, ਚੇਤਨ, ਅਨਿਲ ਨਾਗਰ, ਵਿਕਰਮ, ਵਿਨੋਦ ਲੋਹਚਬ ਸਮੇਤ ਵਾਂਝੇ ਅਨੁਸੂਚਿਤ ਜਾਤੀ ਵਰਗ ਦੇ ਅਨੇਕ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਦਿੱਲੀ ਪੀਡਬਲਯੂਡੀ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸੁਧਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 11 ਜੁਲਾਈ: ਦਿੱਲੀ ਦੇ ਬੁਨਿਆਦੀ ਢਾਂਚੇ ਦੀ ਦਿਸ਼ਾ ਅਤੇ ਸਥਿਤੀ ਨੂੰ ਬਦਲਣ ਵਾਲੇ ਇੱਕ ਇਤਿਹਾਸਕ ਕਦਮ ਵਿੱਚ, ਦਿੱਲੀ ਦੇ ਲੋਕ ਨਿਰਮਾਣ ਵਿਭਾਗ ਨੇ ਆਪਣਾ ਸੁਤੰਤਰ ਇੰਜੀਨੀਅਰਿੰਗ ਕਾਡਰ ਬਣਾਉਣ ਦਾ ਫੈਸਲਾ ਕੀਤਾ ਹੈ। ਇਸਨੂੰ ਵਿਭਾਗ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਪ੍ਰਸ਼ਾਸਕੀ ਸੁਧਾਰ ਮੰਨਿਆ ਜਾ ਰਿਹਾ ਹੈ, ਜਿਸ ਨਾਲ ਕੇਂਦਰੀ ਲੋਕ ਨਿਰਮਾਣ ਵਿਭਾਗ 'ਤੇ ਦਹਾਕਿਆਂ ਦੀ ਨਿਰਭਰਤਾ ਖਤਮ ਹੋ ਜਾਵੇਗੀ। ਹੁਣ ਤੱਕ, ਪੀਡਬਲਯੂਡੀ ਵਿੱਚ ਕੰਮ ਕਰਨ ਵਾਲੇ ਜ਼ਿਆਦਾਤਰ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ (ਈਈ), ਸੁਪਰਡੈਂਟਿੰਗ ਇੰਜੀਨੀਅਰ (ਐਸਈ) ਅਤੇ ਜੂਨੀਅਰ ਇੰਜੀਨੀਅਰ (ਜੇਈ) ਸੀਪੀਡਬਲਯੂਡੀ ਜਾਂ ਹੋਰ ਕੇਂਦਰੀ ਏਜੰਸੀਆਂ ਤੋਂ ਡੈਪੂਟੇਸ਼ਨ 'ਤੇ ਸਨ। ਪਰ ਇੱਕ ਸੁਤੰਤਰ ਇੰਜੀਨੀਅਰਿੰਗ ਕੇਡਰ ਦੀ ਸਿਰਜਣਾ ਤੋਂ ਬਾਅਦ, ਦਿੱਲੀ ਦਾ ਆਪਣਾ ਸਥਾਈ, ਸਮਰਪਿਤ ਅਤੇ ਪੂਰੀ ਤਰ੍ਹਾਂ ਜਵਾਬਦੇਹ ਤਕਨੀਕੀ ਸਟਾਫ ਹੋਵੇਗਾ - ਦਿੱਲੀ ਸਰਕਾਰ ਦੀਆਂ ਆਪਣੀਆਂ ਸੇਵਾ ਸ਼ਰਤਾਂ ਅਤੇ ਨਿਗਰਾਨੀ ਪ੍ਰਣਾਲੀ ਦੇ ਅਧੀਨ ਚੁਣਿਆ, ਸਿਖਲਾਈ ਪ੍ਰਾਪਤ ਅਤੇ ਤਰੱਕੀ ਦਿੱਤੀ ਜਾਵੇਗੀ। ਇਹ ਸਿਰਫ਼ ਪੀਡਬਲਯੂਡੀ ਲਈ ਹੀ ਨਹੀਂ ਸਗੋਂ ਪੂਰੀ ਦਿੱਲੀ ਲਈ ਇੱਕ ਮੋੜ ਹੈ। ਜਦੋਂ ਇੰਜੀਨੀਅਰ ਸਿਰਫ਼ ਦਿੱਲੀ ਦੇ ਲੋਕਾਂ ਪ੍ਰਤੀ ਜਵਾਬਦੇਹ ਹੋਣਗੇ, ਤਾਂ ਉਨ੍ਹਾਂ ਦੀ ਕਾਰਜ-ਨੈਤਿਕਤਾ ਅਤੇ ਵਚਨਬੱਧਤਾ ਆਪਣੇ ਆਪ ਸੁਧਰ ਜਾਵੇਗੀ। ਅਸੀਂ ਇੱਕ ਮਜ਼ਬੂਤ, ਸਾਫ਼ ਅਤੇ ਤੇਜ਼ ਦਿੱਲੀ ਬਣਾ ਰਹੇ ਹਾਂ - ਅਤੇ ਇਸਦੇ ਲਈ ਸਾਨੂੰ ਆਪਣੀ ਟੀਮ ਦੀ ਲੋੜ ਹੈ, ਪੀਡਬਲਯੂਡੀ ਮੰਤਰੀ ਪਰਵੇਸ਼ ਸਾਹਿਬ ਸਿੰਘ ਵਰਮਾ ਨੇ ਕਿਹਾ। ਇੱਕ ਸੁਤੰਤਰ ਇੰਜੀਨੀਅਰਿੰਗ ਕੇਡਰ ਬਣਾਉਣ ਦਾ ਪ੍ਰਸਤਾਵ ਤਿਆਰ ਕਰ ਲਿਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸਨੂੰ ਦਿੱਲੀ ਕੈਬਨਿਟ ਦੇ ਸਾਹਮਣੇ ਰੱਖਿਆ ਜਾਵੇਗਾ। ਇੱਕ ਵਾਰ ਮਨਜ਼ੂਰੀ ਮਿਲਣ ਤੋਂ ਬਾਅਦ, ਵਿਭਾਗ ਭਰਤੀ ਪ੍ਰਕਿਰਿਆ



ਅਤੇ ਸੰਗਠਨਾਤਮਕ ਪੁਨਰਗਠਨ ਨਾਲ ਅੱਗੇ ਵਧੇਗਾ - ਜਿਸ ਵਿੱਚ ਜੂਨੀਅਰ ਇੰਜੀਨੀਅਰ ਤੋਂ ਲੈ ਕੇ ਮੁੱਖ ਇੰਜੀਨੀਅਰ ਤੱਕ, ਹਰ ਪੱਧਰ 'ਤੇ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਵੇਗੀ, ਜੋ ਕਿ ਸਿਰਫ਼ ਦਿੱਲੀ ਪੀਡਬਲਯੂਡੀ ਦੇ ਅਧੀਨ ਹੋਣਗੇ। ਪੀਡਬਲਯੂਡੀ ਦਿੱਲੀ ਵਿੱਚ ਮੌਜੂਦਾ ਸਮੇਂ ਕੰਮ ਕਰ ਰਹੇ ਸੀਪੀਡਬਲਯੂਡੀ ਅਧਿਕਾਰੀਆਂ ਨੂੰ ਵਿਭਾਗੀ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਜਾਂ ਤਾਂ ਆਪਣੇ ਮੂਲ ਕੇਡਰ ਵਿੱਚ ਵਾਪਸ ਜਾਣ ਜਾਂ ਪੱਕੇ ਤੌਰ 'ਤੇ ਦਿੱਲੀ ਪੀਡਬਲਯੂਡੀ ਦੇ ਨਵੇਂ ਕੇਡਰ ਵਿੱਚ ਸ਼ਾਮਲ ਹੋਣ ਦਾ ਵਿਕਲਪ ਦਿੱਤਾ ਜਾਵੇਗਾ। ਇਹ ਇਤਿਹਾਸਕ ਬਦਲਾਅ ਵਿਭਾਗ ਦੀ ਕੁਸ਼ਲਤਾ, ਜਵਾਬਦੇਹੀ ਅਤੇ ਲੀਡਰਸ਼ਿਪ ਵਿੱਚ ਸਥਿਰਤਾ ਨੂੰ ਮਜ਼ਬੂਤ ??ਕਰੇਗਾ - ਜਿਸ ਵਿੱਚ ਅਕਸਰ ਸੀਪੀਡਬਲਯੂਡੀ ਦੇ ਤਬਾਦਲੇ ਅਤੇ ਡੈਪੂਟੇਸ਼ਨ ਪ੍ਰਣਾਲੀ ਦੁਆਰਾ ਰੁਕਾਵਟ ਆਉਂਦੀ ਰਹੀ ਹੈ।

## ਵੱਡਾ ਕਦਮ ਚੁੱਕਣ ਜਾ ਰਿਹਾ ਟਰਾਂਸਪੋਰਟ ਵਿਭਾਗ, ਮੰਤਰੀ ਨੇ ਵਿਧਾਨ ਸਭਾ 'ਚ ਦਿੱਤੀ ਜਾਣਕਾਰੀ

ਚੰਡੀਗੜ੍ਹ 11 ਜੁਲਾਈ। ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਧਾਨ ਸਭਾ ਵਿਚ ਇਕ ਧਿਆਨ ਦਵਾਊ ਮਤੇ ਦੇ ਜਵਾਬ ਵਿਚ ਦੱਸਿਆ ਕਿ ਤਲਵਾੜਾ ਦੇ ਬੱਸ ਅੱਡੇ ਦੀ ਇਮਾਰਤ ਦੀ ਟਰਾਂਸਪੋਰਟ ਵਿਭਾਗ ਦੇ ਤਾਲਮੇਲ ਨਾਲ ਨੁਹਾਰ ਬਦਲੀ ਜਾਵੇਗੀ। ਦਸੂਹਾ ਦੇ ਵਿਧਾਇਕ ਵੱਲੋਂ ਬਲਾਕ ਤਲਵਾੜਾ ਦੇ ਬੱਸ ਸਟੈਂਡ ਦੀ ਬਿਲਡਿੰਗ ਦੀ ਖਸਤਾ ਹਾਲਤ ਬਾਰੇ ਧਿਆਨ ਦਵਾਇਆ ਗਿਆ ਸੀ, ਜਿਸ ਦੇ ਜਵਾਬ ਵਿਚ ਸੌਂਦ ਨੇ ਕਿਹਾ ਕਿ ਹਾਲ ਦੀ ਘੜੀ ਪੰਚਾਇਤ ਸੰਮਤੀ ਕੋਲ ਬੱਸ ਸਟੈਂਡ ਦੀ ਨਵੀਂ ਉਸਾਰੀ ਲਈ ਉਪਯੁਕਤ ਫੰਡਜ ਉਪਲੱਬਧ ਨਹੀਂ ਹਨ। ਜਦੋਂ ਤੱਕ ਬੱਸ ਸਟੈਂਡ ਦੀ ਨਵੀਂ ਬਿਲਡਿੰਗ ਦੀ ਉਸਾਰੀ ਨਹੀਂ ਹੁੰਦੀ, ਉਸ ਸਮੇਂ ਤੱਕ ਇਸ ਨੂੰ ਚੱਲਦੀ ਹਾਲਤ ਵਿਚ ਰੱਖਣ ਲਈ ਸੰਮਤੀ ਫੰਡ/15ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਵਿਚੋਂ ਰਿਪੇਅਰ ਕਰਨ ਦੇ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਵੱਲੋਂ ਸਾਲ 2021 ਦੌਰਾਨ ਬੱਸ ਸਟੈਂਡ ਤਲਵਾੜਾ ਦੀ ਨਵੀਂ ਉਸਾਰੀ ਲਈ 2.62 ਕਰੋੜ ਰੁਪਏ ਦੀ ਪ੍ਰਬੰਧਕੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ ਪ੍ਰੰਤੂ ਫੰਡ ਪ੍ਰਾਪਤ ਨਾ ਹੋਣ ਕਾਰਨ ਉਸਾਰੀ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ। ਹੁਣ ਦੋਬਾਰਾ ਟਰਾਂਸਪੋਰਟ ਵਿਭਾਗ ਨਾਲ ਰਾਬਤਾ ਕਰਕੇ ਬੱਸ ਅੱਡੇ ਦੀ ਦਸ਼ਾ ਬਦਲੀ ਜਾਵੇਗੀ।

# ਵਧੀਕ ਕਮਿਸ਼ਨਰ ਵਲੋਂ ਛੈਹਰਟਾ ਵਿਖੇ ਨਿਗਮ ਦੇ ਐਨੀਮਲ ਬਰਥ ਕੰਟਰੋਲ ਸੈਂਟਰ ਦਾ ਕੀਤਾ ਗਿਆ ਦੌਰਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 11 ਜੁਲਾਈ: ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਹੁਕਮਾਂ ਅਨੁਸਾਰ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਛੈਹਰਟਾ ਵਿਖੇ ਨਗਰ ਨਿਗਮ ਵਲੋਂ ਆਵਾਰਾ ਕੁਤਿਆਂ ਦੀ ਨਸਬੰਦੀ ਲਈ ਚਲਾਏ ਜਾ ਰਹੇ ਐਨੀਮਲ ਬਰਥ ਕੰਟਰੋਲ ਸੈਂਟਰ ਦਾ ਦੌਰਾ ਕੀਤਾ ਅਤੇ ਸੈਂਟਰ ਵਿਖੇ ਚਲ ਰਹੇ ਕੰਮ ਦੀ ਸਮੀਖਿਆ ਕੀਤੀ । ਨਗਰ ਨਿਗਮ ਵਲੋਂ ਇਸ ਸਮੇਂ ਨਰਾਇਣ ਗੜ ਛੈਹਰਟਾ ਵਿਖੇ ਅਵਾਰਾ ਕੁਤਿਆਂ ਦੀ ਨਸਬੰਦੀ ਲਈ ਛੈਹਰਟਾ ਵਿਖੇ ਐਨੀਮਲ ਬਰਥ ਕੰਟਰੋਲ ਸੈਂਟਰ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਰੋਜਾਨਾ ਸ਼ਹਿਰ ਦੇ ਵੱਖ-2 ਹਿਸਿਆ ਵਿੱਚੋ ਅਵਾਰਾ ਕੁਤਿਆਂ ਨੂੰ ਲਿਆ ਕੇ ਉਹਨਾਂ ਦੀ ਨਸਬੰਦੀ ਕੀਤੀ ਜਾਂਦੀ ਹੈ ਇਹ ਕੰਮ ਐਨੀਮਲ ਵੈਲਫੇਅਰ ਸੋਸਾਇਟੀ ਦੀ ਡਾ. ਅਨੀਤ ਛੀਨਾ ਵਲੋਂ ਕੀਤਾ ਜਾ ਰਿਹਾ ਹੈ ਆਪਣੇ ਦੌਰੇ ਦੌਰਾਨ ਵਧੀਕ ਕਮਿਸ਼ਨਰ ਵਲੋਂ ਐਨੀਮਲ ਬਰਥ ਕੰਟਰੋਲ ਸੈਂਟਰ ਵਿੱਖੇ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਜਾਇਜਾ ਲਿਆ ਜਿਨਾ ਦੇ ਹਲ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤਾ ਦਿਤੀਆਂ ਗਈਆ । ਇਸ ਮੌਕੇ ਤੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤੂ ਸਰੀਨ, ਪ੍ਰੌਜੈਕਟ ਇੰਚਾਰਜ ਡਾ. ਦਰਸ਼ਨ ਕਸ਼ਅਪ ਅਤੇ ਐਨੀਮਲ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਤੋ ਇਲਾਵਾ ਡਾ. ਅਨੀਤ ਛੀਨਾ ਹਾਜਰ ਸਨ । ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਸ਼ਹਿਰ ਵਿੱਚ ਅਵਾਰਾ ਕੁਤਿਆਂ ਦੀ ਵਧ ਰਹੀ ਤਾਦਾਤ ਅਤੇ ਸ਼ਹਿਰ ਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾ ਦੇ ਹਲ ਲਈ ਨਗਰ ਨਿਗਮ ਵਲੋਂ ਨਰਾਇਣ ਗੜ ਛੈਹਰਟਾ ਵਿਖੇ ਐਨੀਮਲ ਬਰਥ ਕੰਟਰੋਲ ਸੈਂਟਰ ਬਣਾਇਆ ਗਿਆ ਹੈ ਜਿਸ ਵਿੱਚ ਆਵਾਰਾ ਕੁਤਿਆਂ ਦੀ ਨਸਬੰਦੀ ਕੀਤੀ ਜਾਂਦੀ ਹੈ ਨਿਗਮ ਵਲੋਂ 20,000 ਕੁਤਿਆਂ ਦੀ ਨਸਬੰਦੀ ਲਈ ਟੈਂਡਰ ਲਗਾਇਆ ਗਿਆ ਸੀ ਜਿਸ ਦਾ ਕੰਮ ਐਨੀਮਲ ਵੈਲਫੇਅਰ ਸੋਸਾਇਟੀ ਦੀ ਡਾ. ਅਨੀਤ ਛੀਨਾ ਵਲੋਂ ਕੀਤਾ ਜਾ ਰਿਹਾ ਹੈ । ਇਸ ਸੈਂਟਰ ਵਿਖੇ ਅਜੇ ਤੱਕ 17,945 ਆਵਾਰਾ ਕੁਤਿਆ ਦੀ ਨਸਬੰਦੀ ਕੀਤੀ ਜਾ ਚੁੱਕੀ ਹੈ ਅਤੇ ਪਹਿਲਾ ਟੈਂਡਰ ਵੀ 3 ਅਗਸਤ 2025 ਨੂੰ ਖਤਮ ਹੋਣ ਜਾ ਰਿਹਾ ਹੈ ਜਿਸ ਲਈ ਨਗਰ ਨਿਗਮ ਵਲੋਂ ਪਹਿਲਾ ਹੀ ਅਗਲੇ 20,000 ਅਵਾਰਾ ਕੁਤਿਆਂ ਦੀ ਨਸਬੰਦੀ ਲਈ ਤਖਮੀਨੇ ਤਿਆਰ ਕੀਤੇ ਗਏ ਸਨ ਜਿਨਾਂ ਨੂੰ ਨਿਗਮ ਹਾਊਸ ਵਲੋਂ ਸਰਵਸੰਮਤੀ ਨਾਲ ਪ੍ਰਵਾਨ ਕਰਕੇ ਸਰਕਾਰ ਨੂੰ ਭੇਜਿਆ ਗਿਆ ਸੀ ਜਿਸ ਦੀ ਮੰਜੂਰੀ ਆ ਚੁਕੀ ਹੈ ਅਤੇ ਹੁਣ ਟੈਂਡਰ ਲਗਾਉਣ ਤੋ ਪਹਿਲਾ ਇਸ ਤਖਮੀਨੇ ਦੀ ਟੈਕਨੀਕਲ ਵੈਟਿੰਗ ਲਈ ਸਥਾਨਕ ਸਰਕਾਰ ਨੂੰ ਭੇਜਿਆ ਗਿਆ ਹੈ ਜਿਸ ਦੀ ਮੰਜੂਰੀ ਆਉਣ ਤੇ ਟੈਂਡਰ ਲਗਾ ਦਿਤਾ ਜਾਵੇਗਾ ਤਾਂ ਜੋ ਆਵਾਰਾ ਕੁਤਿਆਂ ਦੀ ਨਸਬੰਦੀ ਦਾ ਕੰਮ ਬਿਨਾ ਕਿਸੇ ਰੁਕਾਵਟ ਦੇ ਜਾਰੀ ਰਹੇ ।

## ਨਸ਼ਾ ਸਮੱਗਲਰ ਭੋਲੀ ਦੀ ਜਾਅਲੀ ਜ਼ਮਾਨਤ ਦੇਣ ਵਾਲੀ ਬੇਟੀ ਸਮੇਤ 4 'ਤੇ ਕੇਸ ਦਰਜ

ਜਲੰਧਰ 11 ਜੁਲਾਈ। ਨਕੋਦਰ ਦੀ ਨਸ਼ਾ ਸਮੱਗਲਰ ਭੋਲੀ ਦੀ ਜਾਅਲੀ ਜ਼ਮਾਨਤ ਦੇਣ ਵਾਲੇ 3 ਲੋਕਾਂ ਅਤੇ ਖ਼ੁਦ ਭੋਲੀ ਖ਼?ਲਾਫ਼ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਭੋਲੀ ਪਤਨੀ ਸਰਬਜੀਤ ਵਾਸੀ ਸ਼ੰਕਰ ਥਾਣਾ ਸਦਰ ਨਕੋਦਰ, ਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਕਪੂਰਥਲਾ, ਜੀਤੋ ਪੁੱਤਰੀ ਭੋਲੀ ਵਾਸੀ ਗੋਰਾਇਆ ਅਤੇ ਜਗਤਾਰ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਕਪੂਰਥਲਾ ਵਜੋਂ ਹੋਈ ਹੈ। ਥਾਣਾ ਬਾਰਾਦਰੀ ਦੇ ਏ. ਐੱਸ. ਆਈ. ਦਿਲਬਾਗ ਸਿੰਘ ਨੇ ਦੱਸਿਆ ਕਿ ਮਾਣਯੋਗ ਅਦਾਲਤ ਦੇ ਹੁਕਮ 'ਤੇ 4 ਮੁਲਜ਼ਮਾਂ ਖ਼?ਲਾਫ਼ ਜਾਅਲੀ ਜ਼ਮਾਨਤ ਦੇਣ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਲ 2023 ਵਿਚ ਐੱਨ. ਡੀ. ਪੀ. ਐੱਸ. ਤਹਿਤ ਭੋਲੀ ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਸ਼ੰਕਰ, ਨਕੋਦਰ ਖ਼?ਲਾਫ਼ ਥਾਣਾ ਸਿਟੀ ਨਕੋਦਰ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਭੋਲੀ ਦੀ ਬੇਟੀ ਜੀਤੋ, ਪਾਲ ਸਿੰਘ ਅਤੇ ਜਗਤਾਰ ਸਿੰਘ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਭੋਲੀ ਦੀ ਜ਼ਮਾਨਤ ਕਰਵਾ ਲਈ ਸੀ। ਇਸ ਦੀ ਜਦੋਂ ਜਾਂਚ ਹੋਈ ਤਾਂ ਪਤਾ ਲੱਗਾ ਕਿ ਨਸ਼ਾ ਸਮੱਗਲਰ ਭੋਲੀ ਦੀ ਜ਼ਮਾਨਤ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਹੋਈ ਹੈ। ਅਦਾਲਤ ਨੇ ਜਦੋਂ ਜਾਂਚ ਦੇ ਹੁਕਮ ਦਿੱਤੇ ਤਾਂ ਦੋਸ਼ ਸਹੀ ਪਾਏ ਗਏ, ਜਿਸ ਤੋਂ ਬਾਅਦ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਸਾਰੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ। ਇਸ ਸਬੰਧੀ ਥਾਣਾ ਬਾਰਾਦਰੀ ਦੇ ਜਾਂਚ ਅਧਿਕਾਰੀ ਦਿਲਬਾਗ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਰੇਡ ਕੀਤੀ ਜਾ ਰਹੀ ਹੈ।

## ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਧਾਮੀ ਦਾ ਵੱਡਾ ਬਿਆਨ, ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਹੋਣੀ ਚਾਹੀਦੀ ਹੈ ਸਜ਼ਾ-ਏ-ਮੌਤ

ਅੰਮ੍ਰਿਤਸਰ 11 ਜੁਲਾਈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬੇਅਦਬੀ ਮਾਮਲਿਆਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੇਅਦਬੀ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਕਿਸੇ ਵੀ ਧਰਮ ਦੇ ਧਾਰਮਿਕ ਗ੍ਰੰਥ ਜਾਂ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਜ਼ਾਵਾਂ ਸਖ਼ਤ ਨਾ ਹੋਈਆਂ, ਉਦੋਂ ਤੱਕ ਬੇਅਦਬੀ ਦੀਆਂ ਘਟਨਾਵਾਂ ਰੁਕ ਨਹੀਂ ਸਕਣਗੀਆਂ।



ਉਥੇ ਹੀ ਸਰਕਾਰ ਵੱਲੋਂ ਸ਼ਤਾਬਦੀਆਂ ਮਨਾਉਣ ਸਬੰਧੀ ਮੰਗੇ ਸੁਝਾਵਾਂ ਬਾਰੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸ਼ਤਾਬਦੀਆਂ ਮਨਾਉਣ ਦਾ ਅਧਿਕਾਰ ਸਿਰਫ਼ ਸ਼?ਰੋਮਣੀ ਕਮੇਟੀ ਨੂੰ ਹੈ। ਜੇ ਸਰਕਾਰਾਂ ਮਨਾਉਣਾ ਚਾਹੁੰਦੀਆਂ ਹਨ ਤਾਂ ਉਹ ਸ਼ਤਾਬਦੀਆਂ ਨੂੰ ਮੁੱਖ ਰੱਖਦਿਆਂ ਕੋਈ ਵੱਡਾ ਹਸਪਤਾਲ ਜਾਂ ਕੋਈ ਇੰਜੀਨੀਅਰਿੰਗ ਕਾਲਜ ਖੋਲ੍ਹ ਦੇਣ, ਕੋਈ ਵੱਡਾ ਸੜਕ ਮਾਰਗ ਬਣਾ ਦੇਣ ਜਾਂ ਹੋਰ ਕਾਰਜ ਕਰ ਦੇਵੇ। ਉਨ੍ਹਾਂ ਕਿਹਾ ਕਿ ਪੰਥਕ ਜਥੇਬੰਦੀਆਂ ਦੀ ਰਾਏ ਲੈਣ ਲਈ ਸ਼?ਰੋਮਣੀ ਕਮੇਟੀ ਵੱਲੋਂ ਹੁਣ 14 ਜੁਲਾਈ ਨੂੰ ਮੀਟਿੰਗ ਰੱਖੀ ਗਈ ਹੈ, ਜਿਸ ਵਿਚ ਬੈਠ ਕੇ ਸਮਾਗਮ ਉਲੀਕੇ ਜਾਣਗੇ। ਇਸ ਦੌਰਾਨ ਸਪੱਸ਼ਟ ਕੀਤਾ ਕਿ ਸ਼ਤਾਬਦੀ ਸਮਾਗਮਾਂ ਸਬੰਧੀ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਤੋਂ ਗੁ: ਗੁਰੂ ਕੇ ਮਹਿਲ ਤੋਂ ਇਕ ਵੱਡਾ ਸਮਾਗਮ ਕਰਕੇ ਸ਼ੁਰੂਆਤ ਕੀਤੀ ਜਾ ਚੁੱਕੀ ਹੈ ਅਤੇ ਹੋਰ ਸ਼ਤਾਬਦੀ ਸਮਾਗਮ ਵੀ ਹੋ ਰਹੇ ਹਨ। ਇਸ ਦੇ ਇਲਾਵਾ ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਸ਼ਤਾਬਦੀਆਂ ਮੌਕੇ 23, 24 ਅਤੇ 25 ਨਵੰਬਰ ਨੂੰ ਤਿੰਨ ਦਿਨ ਲਗਾਤਾਰ ਸਮਾਗਮ ਅਤੇ ਨਗਰ ਕੀਰਤਨ ਹੋ ਰਹੇ ਹਨ, ਇਨ੍ਹਾਂ ਸਮਾਗਮਾਂ ਵਿਚ ਸਰਕਾਰਾਂ ਨੂੰ ਸ਼ਮੂਲੀਅਤ ਕਰਨੀ ਚਾਹੀਦੀ ਹੈ।

# ਸੁਖਬੀਰ ਬਾਦਲ ਨੂੰ ਤਖਨਾਹੀਆ ਕਰਾਰ ਦਿੱਤੇ ਜਾਣ ਮਗਰੋਂ ਅਕਾਲ ਤਖ਼ਤ ਦਾ ਵੱਡਾ ਆਦੇਸ਼

**ਕੌਮੀ ਪਤ੍ਰਿਕਾ**

ਪੰਜਾਬ ਡੈਸਕ 11 ਜੁਲਾਈ। ਅੱਜ ਮਿਤੀ 21 ਹਾੜ ਨਾਨਕਸ਼ਾਹੀ ਸੰਮਤ 557 ਮੁਤਾਬਕ 011 ਜੁਲਾਈ 2025 ਦਿਨ ਸ਼ਨਿਚਰਵਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਮਾਮਲਾ ਵਿਚਾਰਿਆ ਗਿਆ। ਅੱਜ ਦੀ ਇਕੱਤਰਤਾ ਵਿੱਚ ਮਿਤੀ 19 ਨਵੰਬਰ 2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਪਾਸ ਕੀਤੇ ਗਏ ਮਤੇ ਦੀ ਪ੍ਰੋੜ੍ਹਤਾ ਕਰਦਿਆਂ, ਇਸ ਹੁਕਮਨਾਮੇ ਅਤੇ ਸਿੱਖ ਰਵਾਇਤਾਂ ਦੀ ਰੋਸ਼ਨੀ ਵਿੱਚ ਇਹ ਫੈਸਲਾ ਕੀਤਾ ਗਿਆ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਪੱਤਰ ਜਾਰੀ ਕੀਤੇ ਗਏ - ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਕਤ ਆਦੇਸ਼ ਦੀ ਘੋਰ ਉਲੰਘਣਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਵਾਲੇ ਹਨ। ਪੰਜੇ ਤਖ਼ਤ ਸਾਹਿਬਾਨ ਸਿੱਖ ਸ਼ਕਤੀ ਦੇ ਸੋਮੇ ਹਨ ਜਿਨ੍ਹਾਂ ਪ੍ਰਤੀ ਵਿਸ਼ਵ ਭਰ ਵਿੱਚ ਵੱਸਦੀ ਸਿੱਖ ਸੰਗਤ ਦੀ ਡੂੰਘੀ ਸ਼ਰਧਾ ਹੈ ਅਤੇ ਇਹ ਪਾਵਨ ਗੁਰ ਅਸਥਾਨ ਅਤੀ ਸਤਿਕਾਰਯੋਗ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁਰੂ ਪਾਤਸ਼ਾਹ ਜੀ ਨੇ ਆਪ ਸਰਬਉੱਚਤਾ ਬਖ਼ਸ਼ੀ ਹੈ। ਪਰੰਤੂ ਕੁਝ ਲੋਕ ਸਿੱਖ-ਵਿਰੋਧੀ ਤਾਕਤਾਂ ਦੇ ਅਨੁਸਾਰ ਚੱਲਦਿਆਂ ਆਪਣੇ ਨਿਜੀ ਸੁਆਰਥਾਂ ਲਈ ਸਾਜ਼ਸ਼ਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਗੁਰੂ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸ਼ੁਰੂ ਤੋਂ ਹੀ ਖ਼ਾਲਸਾ ਪੰਥ ਨਾਲ ਸਬੰਧਤ ਮਾਮਲੇ ਵਿਚਾਰ ਕੇ ਫ਼ੈਸਲੇ ਕੀਤੇ ਜਾਂਦੇ ਰਹੇ ਹਨ ਅਤੇ ਬਾਕੀ ਤਖ਼ਤ ਸਾਹਿਬਾਨਾਂ ਨੂੰ ਵੀ ਆਪਣੇ-ਆਪਣੇ ਸਥਾਨਕ ਫ਼ੈਸਲੇ ਕਰਨ ਦਾ ਪੂਰਾ ਅਧਿਕਾਰ ਹੈ, ਪਰੰਤੂ ਪੰਥਕ ਤੇ ਧਾਰਮਿਕ ਮਾਮਲਿਆਂ ਸਬੰਧੀ ਅੰਤਿਮ ਰਾਏ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੀ ਮੰਨੀ ਜਾਂਦੀ ਹੈ। ਸਮੁੱਚਾ ਖ਼ਾਲਸਾ ਪੰਥ ਇੱਕ ਪਰਿਵਾਰ ਹੈ - "ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥?॥"- ਦੇ ਗੁਰ ਸਿਧਾਂਤ ਅਨੁਸਾਰ ਗੁਰੂ ਸਾਹਿਬ ਨੇ ਸਾਨੂੰ ਹਮੇਸ਼ਾ ਆਪਸੀ ਪ੍ਰੇਮ, ਇਤਫ਼ਾਕ ਤੇ ਸਾਂਝ ਨਾਲ ਰਹਿਣ ਦਾ ਉਪਦੇਸ਼ ਦਿੱਤਾ ਹੈ, ਪਰੰਤੂ ਮੌਜੂਦਾ ਸਮੇਂ ਸਾਜ਼ਸ਼ਾਂ ਅਧੀਨ ਪੰਥ ਦੀ ਇਕਜੁੱਟਤਾ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਤੇ ਖੰਡਤ ਕਰਨ ਲਈ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅੱਜ ਦੀ ਇਕੱਤਰਤਾ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਮਿਤੀ 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ



ਦਮਦਮਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਟੇਕ ਸਿੰਘ ਅਤੇ ਮਿਤੀ 011 ਜੁਲਾਈ 2025 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਾਬਤ ਜੋ ਗ਼ੈਰ-ਸਿਧਾਂਤਕ ਅਤੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਦੀ ਮੰਦਭਾਵਨਾ ਨਾਲ ਫ਼ੈਸਲੇ ਕੀਤੇ ਹਨ, ਇਨ੍ਹਾਂ ਨੂੰ ਪੂਰਨ ਰੂਪ ਵਿੱਚ ਅਪ੍ਰਵਾਨ ਕੀਤਾ ਜਾਂਦਾ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 21 ਮਈ 2025 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪਾਸ ਕੀਤੇ ਗਏ ਮਤੇ, ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ - (ਗਿਆਨੀ ਹਰਪ੍ਰੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਸੁਲਤਾਨ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਮਲਕੀਤ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਮੰਗਲ ਸਿੰਘ ਪੰਜ ਪਿਆਰਾ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਇਕੱਤਰਤਾ ਮਿਤੀ 06 ਦਸੰਬਰ 2022 ਦੇ ਆਦੇਸ਼ ਨੰ: ਅ/ਤ/163 ਦੀ ਪ੍ਰੋੜ੍ਹਤਾ ਕਰਦਿਆਂ ਹੀ ਕੀਤੇ ਗਏ ਸਨ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਮਲਿਆਂ ਦੇ ਸਬੰਧ ਵਿੱਚ ਉੱਥੋਂ ਦੀ ਪ੍ਰਬੰਧਕ ਕਮੇਟੀ ਨੂੰ ਆਪਣਾ ਪੱਖ ਰੱਖਣ ਲਈ ਆਦੇਸ਼ ਕੀਤੇ ਗਏ ਸਨ, ਪਰੰਤੂ ਉਨ੍ਹਾਂ ਵੱਲੋਂ ਹੁਣ ਤੱਕ ਅਜਿਹਾ ਨਹੀਂ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਪਾਲਣਾ ਕਰਨ ਦੀ ਬਜਾਏ, ਭਾਈ ਗੁਰਦਿਆਲ ਸਿੰਘ, ਜਿਨ੍ਹਾਂ ਦੀਆਂ ਪੰਥਕ ਸੇਵਾਵਾਂ ਉੱਪਰ ਰੋਕ ਲੱਗੀ ਹੈ

## ਸਾਡਾ ਸੁਪਨਾ ਹੈ ਕਿ ਜਦੋਂ ਵਿਦੇਸ਼ੀ ਸੈਲਾਨੀ ਭਾਰਤ ਆਉਣ. . . .

**Contd..............Front page**

ਮੁੱਖ ਮੰਤਰੀ ਨੇ ਕਿਹਾ ਕਿ ਸਾਡਾ ਸੁਪਨਾ ਹੈ ਕਿ ਜਦੋਂ ਵੀ ਕੋਈ ਵਿਦੇਸ਼ੀ ਸੈਲਾਨੀ ਭਾਰਤ ਆਉਂਦਾ ਹੈ, ਤਾਂ ਉਹ ਦਿੱਲੀ ਨੂੰ ਦੇਖੇ ਬਿਨਾਂ ਵਾਪਸ ਨਾ ਜਾਵੇ। ਇਸ ਮੌਕੇ 'ਤੇ ਸੈਰ-ਸਪਾਟਾ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਦਿੱਲੀ ਹੁਣ ਸਿਰਫ਼ ਇੱਕ ਰਾਜਧਾਨੀ ਨਹੀਂ ਹੈ, ਸਗੋਂ ਵਿਸ਼ਵ ਸੈਰ-ਸਪਾਟਾ, ਸੱਭਿਆਚਾਰਕ ਖੁਸ਼ਹਾਲੀ ਅਤੇ ਨਵੀਨਤਾ ਲਈ ਖਿੱਚ ਦਾ ਕੇਂਦਰ ਬਣ ਰਹੀ ਹੈ। ਇਹ ਸੰਮੇਲਨ ਸਿਰਫ਼ ਸੈਰ-ਸਪਾਟਾ ਵਿਸਥਾਰ ਲਈ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਦਿੱਲੀ ਨੂੰ ਵਿਸ਼ਵ ਨਿਵੇਸ਼, ਨਵੀਨਤਾ ਅਤੇ ਸੱਭਿਆਚਾਰਕ ਲੀਡਰਸ਼ਿਪ ਦੀਆਂ ਨਵੀਆਂ ਉਚਾਈਆਂ ਨਾਲ ਜੋੜਨ ਲਈ ਇੱਕ ਰਣਨੀਤਕ ਪਲੇਟਫਾਰਮ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਭਾਰਤ ਅਤੇ ਵਿਦੇਸ਼ਾਂ ਦੇ ਤਜਰਬੇਕਾਰ ਭਾਗੀਦਾਰਾਂ ਤੋਂ ਸੁਝਾਅ ਲੈ ਕੇ ਇੱਕ ਮਜ਼ਬੂਤ ??ਅਤੇ ਵਿਹਾਰਕ ਰੋਡਮੈਪ ਤਿਆਰ ਕਰ ਰਹੇ ਹਾਂ, ਤਾਂ ਜੋ ਦਿੱਲੀ ਨੂੰ ਇੱਕ ਵਿਸ਼ਵ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਜਾ ਸਕੇ। ਇਸ ਸੰਮੇਲਨ ਰਾਹੀਂ, ਸਾਨੂੰ 8 ਤੋਂ 10 ਅਜਿਹੇ ਮਹੱਤਵਪੂਰਨ ਫੈਸਲੇ ਲੈਣ ਵਿੱਚ ਸਪੱਸ਼ਟਤਾ ਅਤੇ ਦਿਸ਼ਾ ਮਿਲੀ ਹੈ ਜੋ ਆਉਣ ਵਾਲੇ ਸਮੇਂ ਵਿੱਚ ਦਿੱਲੀ ਦੇ ਲੋਕਾਂ ਦੇ ਹਿੱਤ ਵਿੱਚ ਹੋਣਗੇ ਅਤੇ ਨਿਵੇਸ਼ਕਾਂ ਲਈ ਨਵੇਂ ਮੌਕੇ ਵੀ ਖੋਲ੍ਹਣਗੇ। ਸੱਭਿਆਚਾਰ, ਵਿਰਾਸਤ ਅਤੇ ਆਧੁਨਿਕ ਸਹੂਲਤਾਂ ਦੇ ਸੰਗਮ ਦੇ ਨਾਲ, ਦਿੱਲੀ ਨਿਵੇਸ਼ ਲਈ ਇੱਕ ਸੁਰੱਖਿਅਤ, ਲਾਭਦਾਇਕ ਅਤੇ ਟਿਕਾਊ ਸਥਾਨ ਵਜੋਂ ਉੱਭਰ ਰਹੀ ਹੈ। ਮੈਂ ਸਾਰੇ ਨਿਵੇਸ਼ਕਾਂ ਨੂੰ ਦਿੱਲੀ ਦੇ ਇਸ ਪਰਿਵਰਤਨ ਦਾ ਹਿੱਸਾ ਬਣਨ ਲਈ ਸੱਦਾ ਦਿੰਦਾ ਹਾਂ।

# ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਜਿੰਦਰ ਗੁਪਤਾ ਨਾਲ ਕੀਤੀ ਮੁਲਾਕਾਤ

**ਕੌਮੀ ਪਤ੍ਰਿਕਾ**

ਬਰਨਾਲਾ 11 ਜੁਲਾਈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਪੰਜਾਬ ਦੌਰੇ ਦੌਰਾਨ ਉਦਯੋਗਪਤੀਆਂ ਨਾਲ ਮੁਲਾਕਾਤ ਕੀਤੀ ਅਤੇ ਵਪਾਰ ਤੇ ਨਿਵੇਸ਼ ਦੇ ਮੌਕਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਦੌਰੇ ਤਹਿਤ ਡਾ. ਯਾਦਵ ਨੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਜਿੰਦਰ ਗੁਪਤਾ ਦੇ ਨਿਵਾਸ ਸਥਾਨ 'ਤੇ ਵਿਸ਼ੇਸ਼ ਮੁਲਾਕਾਤ ਕੀਤੀ, ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਗੁਪਤਾ ਨਿਵਾਸ 'ਤੇ ਮੁੱਖ ਮੰਤਰੀ ਡਾ. ਮੋਹਨ ਯਾਦਵ ਅਤੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਜਿੰਦਰ ਗੁਪਤਾ ਵਿਚਕਾਰ ਸੁਹਿਰਦ ਮੁਲਾਕਾਤ ਹੋਈ। ਇਸ ਮੌਕੇ ਗੁਪਤਾ ਪਰਿਵਾਰ ਦੇ ਸਾਰੇ ਮੈਂਬਰਾਂ ਨੇ ਮੁੱਖ ਮੰਤਰੀ ਦਾ ਰਵਾਇਤੀ ਢੰਗ ਨਾਲ ਸਵਾਗਤ ਕਰਦਿਆਂ ਉਨ੍ਹਾਂ ਨੂੰ ਪੰਜਾਬ ਦੀ ਮੇਜ਼ਬਾਨੀ ਦਾ ਅਨੁਭਵ ਕਰਵਾਇਆ। ਡਾ. ਯਾਦਵ ਨੇ ਪਰਿਵਾਰ ਨਾਲ ਸਮਾਂ ਬਿਤਾਉਂਦਿਆਂ ਉਦਯੋਗਿਕ ਵਿਕਾਸ ਨਾਲ ਜੁੜੀਆਂ ਚਰਚਾਵਾਂ ਕੀਤੀਆਂ। ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ ਪ੍ਰਮੁੱਖ ਉਦਯੋਗਪਤੀਆਂ ਨਾਲ ਰਸਮੀ ਮੁਲਾਕਾਤ ਵੀ ਕੀਤੀ, ਜਿਸ ਵਿੱਚ ਰਜਿੰਦਰ ਗੁਪਤਾ ਪ੍ਰਮੁੱਖ ਹਸਤੀਆਂ ਵਿੱਚ ਸ਼ਾਮਲ ਰਹੇ। ਗੁਪਤਾ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਡਾ. ਯਾਦਵ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੱਧ ਪ੍ਰਦੇਸ਼ ਸਰਕਾਰ, ਖਾਸ ਤੌਰ 'ਤੇ ਡਾ. ਯਾਦਵ ਦੀ ਅਗਵਾਈ ਵਿੱਚ, ਉਦਯੋਗਾਂ ਦੇ ਵਿਕਾਸ ਲਈ ਜਿਸ ਤਰ੍ਹਾਂ ਨਾਲ ਸਹਿਯੋਗ ਕਰ ਰਹੀ ਹੈ, ਉਹ ਪ੍ਰਸ਼ੰਸਾਯੋਗ ਹੈ। ਉਨ੍ਹਾਂ ਨੇ ਟਰਾਈਡੈਂਟ ਗਰੁੱਪ ਦੀ ਮੱਧ ਪ੍ਰਦੇਸ਼ ਸਥਿਤ ਪ੍ਰੋਜੈਕਟਾਂ ਨੂੰ ਲੈ ਕੇ ਸਰਕਾਰ ਦੁਆਰਾ ਦਿੱਤੀ ਗਈ ਸਹਾਇਤਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ



ਇਸ ਸਹਿਯੋਗ ਨੇ ਗਰੁੱਪ ਨੂੰ ਨਿਰੰਤਰ ਵਿਸਤਾਰ ਕਰਨ ਵਿੱਚ ਮਦਦ ਕੀਤੀ ਹੈ। ਰਜਿੰਦਰ ਗੁਪਤਾ ਨੇ ਇਸ ਮੌਕੇ ਇਹ ਵੀ ਕਿਹਾ ਕਿ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਸ਼ੁਰੂ ਤੋਂ ਹੀ ਉਦਯੋਗਾਂ ਦੇ ਅਨੁਕੂਲ ਨੀਤੀਆਂ ਅਪਣਾਉਂਦੀਆਂ ਰਹੀਆਂ ਹਨ, ਪਰ ਡਾ. ਮੋਹਨ ਯਾਦਵ ਦੀ ਅਗਵਾਈ ਵਿੱਚ ਜੋ ਸਕਾਰਾਤਮਕ ਊਰਜਾ ਅਤੇ ਸਪੱਸ਼ਟ ਦ੍ਰਿਸ਼ਟੀ ਦੇਖਣ ਨੂੰ ਮਿਲੀ ਹੈ, ਉਹ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਉਨ੍ਹਾਂ ਕਿਹਾ ਕਿ ਅਜਿਹੀ ਅਗਵਾਈ ਸਦਕਾ ਹੀ ਸੂਬੇ ਵਿੱਚ ਉਦਯੋਗਾਂ ਨੂੰ ਗਤੀ ਮਿਲ ਰਹੀ ਹੈ ਅਤੇ ਨਵੇਂ ਨਿਵੇਸ਼ਕ ਵੀ ਸੂਬੇ ਵੱਲ ਆਕਰਸ਼ਿਤ ਹੋ ਰਹੇ ਹਨ। ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਵੀ ਟਰਾਈਡੈਂਟ ਗਰੁੱਪ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਹੈ ਕਿ ਮੱਧ ਪ੍ਰਦੇਸ਼ ਨੂੰ ਭਾਰਤ ਦਾ ਉਦਯੋਗਿਕ ਕੇਂਦਰ ਬਣਾਇਆ ਜਾਵੇ, ਅਤੇ ਇਸ ਲਈ ਹਰ ਉਸ ਸੰਗਠਨ ਅਤੇ ਉਦਯੋਗ ਸਮੂਹ ਦਾ ਸਵਾਗਤ ਹੈ, ਜੋ ਰਾਜ ਦੇ ਵਿਕਾਸ ਵਿੱਚ ਭਾਗੀਦਾਰ ਬਣਨਾ ਚਾਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਰਗੇ ਉਦਯੋਗਿਕ ਰਾਜ ਤੋਂ ਤਜਰਬੇ ਸਾਂਝੇ ਕਰਕੇ ਦੋਵਾਂ ਰਾਜਾਂ ਵਿਚਾਲੇ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਦੇ ਇਸ ਦੌਰੇ ਨੂੰ ਉਦਯੋਗ ਜਗਤ ਨੇ ਇੱਕ ਸਕਾਰਾਤਮਕ ਕਦਮ ਦੱਸਿਆ ਹੈ ਅਤੇ ਉਮੀਦ ਜਤਾਈ ਕਿ ਇਸ ਨਾਲ ਮੱਧ ਪ੍ਰਦੇਸ਼ ਵਿੱਚ ਨਿਵੇਸ਼ ਨੂੰ ਨਵੀਂ ਗਤੀ ਮਿਲੇਗੀ।

# ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਦੇ 12 ਮਾਮਲਿਆਂ ਦੀ ਸੁਣਵਾਈ

**ਏਜੰਸੀਆਂ**

ਚੰਡੀਗੜ੍ਹ, 11 ਜੁਲਾਈ: ਹਰਿਆਣਾ ਦੇ ਸਹਿਕਾਰਤਾ, ਵਿਰਾਸਤ ਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਚੱਲ ਰਹੀ ਹਰਿਆਣਾ ਸਰਕਾਰ ਹਰੇਕ ਵਰਗ ਅਤੇ ਹਰ ਖੇਤਰ ਦਾ ਸਮਾਨ ਵਿਕਾਸ ਕਰਵਾਉਣ ਨੂੰ ਪ੍ਰਤੀਬੱਧ ਹੈ। ਡਾ. ਸ਼ਰਮਾ ਅੱਜ ਨਾਰਨੌਲ ਦੇ ਪੰਚਾਇਤ ਭਵਨ ਵਿੱਚ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿੱਚ ਹਿੱਸਾ ਲੈ ਰਹੇ ਸਨ। ਮੀਟਿੰਗ ਵਿੱਚ ਪਹਿਲਾਂ ਤੋਂ ਨਿਰਧਾਰਿਤ 12 ਮਾਮਲੇ ਸੁਣਵਾਈ ਲਈ ਰੱਖੇ ਗਏ ਸਨ। ਮੀਟਿੰਗ ਬਾਅਦ ਡਾ. ਅਰਵਿੰਦ ਸ਼ਰਮਾ ਨੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਵਿੱਚ ਹਰਿਆਣਾ ਦੇ ਸਮੂਚੇ ਵਿਕਾਸ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਿਨ-ਰਾਤ ਕੰਮ ਕਰ ਰਹੇ ਹਨ। ਸਰਕਾਰ ਸੇਵਾ ਅਤੇ ਸੁਸਾਸ਼ਨ ਦੇ ਮਾਡਲ 'ਤੇ ਚੱਲ ਰਹੀ ਹੈ। ਜੇਲ੍ਹਾਂ ਵਿੱਚ ਸੁਰੱਖਿਆ ਦੇ ਸਬੰਧ ਵਿੱਚ ਪੁੱਛੇ ਗਏ ਸੁਆਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਸੂਬੇ ਦੀ ਸਾਰੇ ਜੇਲ੍ਹਾਂ ਵਿੱਚ ਅੱਤਆਧੁਨਿਕ ਸਮੱਗਰੀ ਲਗਾਈਆਂ ਗਈਆਂ ਹਨ। ਪਰਿੰਦਾ ਵੀ ਪਰ ਨਹੀਂ ਮਾਰ ਸਕਦਾ। ਹਰਿਆਣਾ ਦੀ ਜੇਲ ਪੂਰੀ ਤਰ੍ਹਾ ਨਾਲ ਸੁਰੱਖਿਅਤ ਹੈ। ਇਸ ਤੋਂ ਪਹਿਲਾਂ ਸਹਿਕਾਰਤਾ ਮੰਤਰੀ ਨੇ ਸ਼ਿਕਾਇਤ ਹੱਲ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿੱਚ ਕਮੇਟੀ ਦੇ ਨਵੇਂ ਮੈਂਬਰਾਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਅਧਿਕਾਰੀਆਂ ਨਾਲ ਮਿਲ ਕੇ ਬਿਹਤਰ ਢੰਗ ਨਾਲ ਲੋਕਾਂ ਦੀ ਸੇਵਾ ਕਰਨ ਦਾ ਕੰਮ ਕਰਨ। ਹਾਸਅ ਕਵੀ ਸੁਰੇਂਦਰ ਸ਼ਰਮਾ ਵੱਲੋਂ ਮਾਲ ਰਿਕਾਰਡ ਵਿੱਚ ਹੇਰਾਫੇਰੀ ਦੀ ਸ਼ਿਕਾਇਤ 'ਤੇ ਲਤਾ ਸ਼ਰਮਾ ਨੇ ਆਪਣੀ ਗੱਲ ਰੱਖੀ। ਇਸ 'ਤੇ ਸਹਿਕਾਰਤਾ ਮੰਤਰੀ ਨੇ ਵਧੀਕ ਡਿਪਟੀ ਕਮਿਸ਼ਨਰ, ਐਸਡੀਐਮ ਨਾਰਨੌਲ ਅਤੇ ਜਿਲ੍ਹਾ ਮਾਲ ਅਧਿਕਾਰੀ ਤੋਂ ਇਲਾਵਾ ਦੋ ਸ਼ਿਕਾਇਤ ਹੱਲ ਕਮੇਟੀ ਦੇ ਮੈਂਬਰਾਂ ਨੂੰ ਸ਼ਾਮਿਲ ਕਰ ਕੇ ਇੱਕ ਜਾਂਚ ਕਮੇਟੀ ਗਠਨ ਕਰਨ ਦੇ ਨਿਰਦੇਸ਼ ਦਿੱਤੇ। ਨਾਰਨੌਲ ਦੇ ਨਸੀਬਪੁਰ ਤੇ ਨੂਨੀ ਅਵੱਲ ਵਿੱਚ ਪੇਯ?ਲ ਦੀ ਸਮਸਿਆ ਦੇ ਸਬੰਧ ਵਿੱਚ ਸੰਜੈ ਕੁਮਾਰ ਦੀ ਸ਼ਿਕਾਇਤ 'ਤੇ ਅਧਿਕਾਰੀਆਂ ਨੇ ਦਸਿਆ ਕਿ ਨਸੀਬਪੁਰ ਤੇ ਨੂਨੀ ਅਵੱਲ ਵਿੱਚ ਪੇਯਜਲ ਦੀ ਸਮਸਿਆ ਦਾ ਸਥਾਈ ਹੱਲ ਲਈ ਸ਼ਹਿਰ ਵਿੱਚ ਅੰਮ੍ਰਿਤ 2.0 ਯੋਜਨਾ ਤਹਿਤ ਲਗਭਗ 148 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਪ੍ਰੋਜੈਕਟ ਦਾ ਏਸਟੀਮੇਟ ਤਿਆਰ ਕੀਤਾ ਜਾ ਰਿਹਾ ਹੈ।